@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 16 January 2026

Punjabi National Daily

# Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 16 ਜਨਵਰੀ 2026, 3 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

VISIT: www.qaumipatrika.org
Email: qpatrika@gmail.com

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 73, qpatrika@gmail.com ਫੋਨ : 9971359517 www.qaumipatrika.org




# ਪੁਲਸ ਹਿਰਾਸਤ 'ਚੋਂ ਫਰਾਰ ਹੋਇਆ ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਲੁਧਿਆਣਾ 15 ਜਨਵਰੀ। ਪੁਲਸ ਹਿਰਾਸਤ 'ਚੋਂ ਫਰਾਰ ਹੋਏ ਸ਼ਾਤਰ ਮੁਲਜ਼ਮ ਨੂੰ ਮੁੜ ਗ੍ਰਿਫਤਾਰ ਕਰਨ ਵਿਚ ਲੁਧਿਆਣਾ ਪੁਲਸ ਦੇ ਹੱਥ ਵੱਡੀ ਸਫਲਤਾ ਲੱਗੀ ਹੈ। ਮੁਲਜ਼ਮ ਦੀ ਪਛਾਣ ਸੰਤੋਸ਼ ਕੁਮਾਰ ਉਰਫ ਬਜਰੰਗੀ ਵਜੋਂ ਹੋਈ ਹੈ, ਜੋ ਮੂਲ ਰੂਪ ਤੋਂ ਪਿੰਡ ਮੋਹਾਲੀ ਥਾਣਾ ਬੇਰਾਜ, ਜ਼ਿਲਾ ਪਟਨਾ, ਬਿਹਾਰ ਦਾ ਰਹਿਣ ਵਾਲਾ ਹੈ ਅਤੇ ਹਾਲ ਦੀ ਘੜੀ ਖੰਨਾ ਦੇ ਮਾਜਰੀ ਮੁਹੱਲਾ ਖਾਲਸਾ ਸਕੂਲ ਕੋਲ ਰਹਿ ਰਿਹਾ ਸੀ। ਪੁਲਸ ਮੁਤਾਬਕ 6 ਜੁਲਾਈ 2025 ਨੂੰ ਗੋਬਿੰਦ ਨਗਰ ਸਥਿਤ ਸ਼ਗਨ ਜਿਊਲਰੀ ਦੇ ਮਾਲਕ ਤੋਂ ਅਣਪਛਾਤੇ ਬਦਮਾਸ਼ਾਂ ਨੇ ਕਰੀਬ 2 ਲੱਖ ਰੁਪਏ, ਮੋਬਾਈਲ ਫੋਨ, 32 ਬੋਰ ਦੀ ਪਿਸਤੌਲ ਦਾ ਇਕ ਮੈਗਜ਼ੀਨ ਜਿਸ ਵਿਚ 18 ਜ਼ਿੰਦਾ ਕਾਰਤੂਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਸਨ, ਲੁੱਟ ਲਏ ਸਨ। ਇਸ ਸਬੰਧੀ ਪੀੜਤ ਵਿਜੇ ਕੁਮਾਰ ਦੇ ਬਿਆਨ 'ਤੇ ਥਾਣਾ ਜਮਾਲਪੁਰ ਵਿਚ 7 ਜੁਲਾਈ 2025 ਨੂੰ ਕੇਸ ਦਰਜ ਕੀਤਾ ਗਿਆ ਸੀ। ਇੰਡਸਟਰੀ ਏਰੀਆ-ਏ ਦੇ ਏ. ਸੀ. ਪੀ. ਇੰਦਰਜੀਤ ਸਿੰਘ ਬੋਪਾਰਾਏ ਅਤੇ ਥਾਣਾ ਜਮਾਲਪੁਰ ਦੀ ਐੱਸ. ਐੱਚ. ਓ. ਬਲਵਿੰਦਰ ਕੌਰ ਨੇ ਦੱਸਿਆ ਕਿ ਜਾਂਚ ਦੌਰਾਨ ਪੁਲਸ ਨੇ ਸੰਤੋਸ਼ ਕੁਮਾਰ ਨੂੰ ਨਾਮਜ਼ਦ ਕਰ ਕੇ 28 ਦਸੰਬਰ 2025 ਨੂੰ ਐੱਚ. ਓ. ਬਲਵਿੰਦਰ ਕੌਰ ਨੇ



ਗ੍ਰਿਫਤਾਰ ਕੀਤਾ ਸੀ। ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਲੁੱਟਿਆ ਗਿਆ। ਮੋਬਾਈਲ ਫੋਨ ਵੀ ਬਰਾਮਦ ਕਰ ਲਿਆ ਗਿਆ। ਇਸ ਤੋਂ ਬਾਅਦ 31 ਦਸੰਬਰ 2025 ਨੂੰ ਪੁਲਸ ਟੀਮ ਮੁਲਜ਼ਮ ਨੂੰ ਹੋਰ ਬਰਾਮਦਗੀ ਅਤੇ ਉਸ ਦੇ ਸਾਥੀਆਂ ਦੀ ਭਾਲ ਲਈ ਖੰਨਾ ਲੈ ਕੇ ਗਈ ਸੀ, ਜਿੱਥੇ ਮੁਲਜ਼ਮ ਪੁਲਸ ਨੂੰ ਧੋਖਾ ਦੇ ਕੇ ਫਰਾਰ ਹੋ ਗਿਆ। ਇਸ ਮਾਮਲੇ ਵਿਚ ਥਾਣਾ ਸਿਟੀ-2 ਖੰਨਾ ਵਿਚ ਮੁਲਜ਼ਮ ਖਿਲਾਫ ਵੱਖਰਾ ਕੇਸ ਦਰਜ ਕੀਤਾ ਗਿਆ ਸੀ। ਇੰਡਸਟਰੀ ਏਰੀਆ-ਏ ਦੇ ਏ. ਸੀ. ਪੀ. ਇੰਦਰਜੀਤ ਸਿੰਘ ਬੋਪਾਰਾਏ ਅਤੇ ਥਾਣਾ ਜਮਾਲਪੁਰ ਦੀ ਐੱਸ. ਦੱਸਿਆ ਕਿ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੇ ਨਿਰਦੇਸ਼ਾਂ ਅਤੇ ਸੀਨੀਅਰ ਅਧਿਕਾਰੀਆਂ ਦੀ ਨਿਗਰਾਨੀ 'ਚ ਥਾਣਾ ਜਮਾਲਪੁਰ ਪੁਲਸ ਨੇ ਵੱਖ-ਵੱਖ ਟੀਮਾਂ ਬਣਾ ਕੇ ਫਰਾਰ ਮੁਲਜ਼ਮ ਦੀ ਭਾਲ ਤੇਜ਼ ਕੀਤੀ। ਥਾਣਾ ਜਮਾਲਪੁਰ ਦੀ ਪੁਲਸ ਨੇ ਸੰਤੋਸ਼ ਕੁਮਾਰ ਨੂੰ ਮੁੜ ਗ੍ਰਿਫਤਾਰ ਕਰ ਲਿਆ। ਇਸੇ ਕਾਰਵਾਈ ਦੌਰਾਨ ਉਸ ਦੇ 2 ਹੋਰਨਾਂ ਸਾਥੀਆਂ ਦੀਪਕ ਅਤੇ ਪ੍ਰੇਮ ਨਾਥ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਮੋਬਾਈਲ ਫੋਨ, 2 ਮੋਟਰਸਾਈਕਲ, 1 ਦਾਤਰ ਅਤੇ ਇਕ ਖਿਡੌਣਾ ਪਿਸਤੌਲ ਬਰਾਮਦ ਕੀਤਾ ਹੈ। ਤਿੰਨੋਂ ਮੁਲਜ਼ਮ ਹਾਲ ਦੀ ਘੜੀ ਪੁਲਸ ਰਿਮਾਂਡ 'ਤੇ ਹਨ ਅਤੇ ਉਨ੍ਹਾਂ ਤੋਂ ਬਾਰੀਕੀ ਨਾਲ ਪੁੱਛਗਿਛ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੇ ਅਪਰਾਧਿਕ ਰਿਕਾਰਡ ਦੀ ਜਾਂਚ ਦੀ ਜਾਂਚ ਕੀਤੀ ਜਾ ਰਹੀ ਹੈ। ਤਿੰਨੋਂ ਹੀ ਮੁਲਜ਼ਮਾਂ 'ਤੇ ਪਹਿਲਾਂ ਤੋਂ ਕੇਸ ਦਰਜ ਹਨ।

## ਮੀਟ ਦੀ ਦੁਕਾਨ 'ਚ ਵੜੀ ਪਾਲਤੂ ਕੁੱਤੀ ਨੂੰ ਚਾਕੂ ਨਾਲ ਮਾਰਿਆ; ਮੁਲਜ਼ਮ ਮੀਟ ਵਿਕਰੇਤਾ ਗ੍ਰਿਫ਼ਤਾਰ

ਸ਼ਾਹਜਹਾਂਪੁਰ 15 ਜਨਵਰੀ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਇੱਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਮੀਟ ਵਿਕਰੇਤਾ ਨੇ ਇੱਕ ਪਾਲਤੂ ਕੁੱਤੀ ਨੂੰ ਸਿਰਫ਼ ਇਸ ਲਈ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਹ ਉਸ ਦੀ ਦੁਕਾਨ ਅੰਦਰ ਚਲੀ ਗਈ ਸੀ। ਪੁਲਸ ਨੇ ਇਸ ਮਾਮਲੇ 'ਚ ਮੁੱਖ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਦਿਲ ਕੰਬਾਊ ਘਟਨਾ ਸ਼ਾਹਜਹਾਂਪੁਰ ਦੇ ਕਲਾਨ ਥਾਣਾ ਖੇਤਰ ਵਿੱਚ ਸ਼ੁੱਕਰਵਾਰ ਸ਼ਾਮ ਨੂੰ ਵਾਪਰੀ। ਇਲਾਕੇ ਦੇ ਵਸਨੀਕ ਭੁਪਿੰਦਰ ਸ਼ਰਮਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੀ ਪਾਲਤੂ ਮਾਦਾ ਕੁੱਤੀ ਗਲਤੀ ਨਾਲ ਨੇੜੇ ਦੀ ਇੱਕ ਮੀਟ ਦੀ ਦੁਕਾਨ ਵਿੱਚ ਵੜ ਗਈ ਸੀ। ਸ਼ਿਕਾਇਤ ਅਨੁਸਾਰ, ਦੁਕਾਨਦਾਰ ਸਲੀਮ ਅਤੇ ਉਸ ਦੇ ਇੱਕ ਹੋਰ ਸਾਥੀ ਵਸੀਮ ਨੇ ਕੁੱਤੀ 'ਤੇ ਤਿੱਖੇ ਹਥਿਆਰ ਨਾਲ ਬੇਰਹਿਮੀ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਵੇਂ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ ਸਨ। ਵਧੀਕ ਪੁਲਸ ਸੁਪਰਡੈਂਟ (ਦਿਹਾਤੀ) ਦੀਕਸ਼ਾ ਭਾਵਰੇ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਸਲੀਮ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਵਿਰੁੱਧ ਪਸ਼ੂਆਂ ਪ੍ਰਤੀ ਕਰੂਰਤਾ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਪੁਲਸ ਵੱਲੋਂ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਠਾਣੇ ਦੀ ਜੇਲ੍ਹ 'ਚ ਕੈਦੀ ਵਲੋਂ ਪੁਲਸ ਮੁਲਾਜ਼ਮ 'ਤੇ ਹਮਲਾ, ਤੋੜੇ ਸੀਸੀਟੀਵੀ ਕੈਮਰੇ

ਥਾਣੇ 15 ਜਨਵਰੀ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੀ ਇੱਕ ਸਬ-ਜੇਲ੍ਹ ਵਿੱਚ ਬੰਦ ਇੱਕ ਕੈਦੀ ਨੇ ਆਪਣੀ ਹਿਰਾਸਤ 'ਤੇ ਸਵਾਲ ਉਠਾਉਂਦੇ ਹੋਏ ਤੁਰੰਤ ਰਿਹਾਈ ਦੀ ਮੰਗ ਕੀਤੀ। ਨਾਲ ਹੀ ਕਥਿਤ ਤੌਰ 'ਤੇ ਇੱਕ ਪੁਲਸ ਅਧਿਕਾਰੀ ਨਾਲ ਝਗੜਾ ਕਰਕੇ ਸੀਸੀਟੀਵੀ ਕੈਮਰੇ ਤੋੜ ਦਿੱਤੇ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਸ ਸਬੰਧ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਾਂਤੀਨਗਰ ਪੁਲਸ ਨੇ ਐਤਵਾਰ ਨੂੰ ਭਿਵੰਡੀ ਸਬ-ਜੇਲ੍ਹ ਦੇ ਅਹਾਤੇ ਵਿੱਚ ਵਾਪਰੀ ਘਟਨਾ ਦੇ ਸਬੰਧ ਵਿੱਚ ਦੋਸ਼ੀ ਫਯਾਜ਼ ਇਸਲਾਮ ਸ਼ੇਖ (25) ਵਿਰੁੱਧ ਐਫਆਈਆਰ ਦਰਜ ਕੀਤੀ ਹੈ। ਅਧਿਕਾਰੀਆਂ ਦੇ ਅਨੁਸਾਰ, ਉਸਨੂੰ ਪਹਿਲਾਂ ਹੀ ਇੱਕ ਅਪਰਾਧ ਲਈ ਉੱਥੇ ਕੈਦ ਕੀਤਾ ਗਿਆ ਸੀ। ਪੁਲਸ ਦੇ ਅਨੁਸਾਰ, ਦੋਸ਼ੀ ਨੇ ਡਿਊਟੀ 'ਤੇ ਮੌਜੂਦ ਪੁਲਸ ਮੁਲਾਜ਼ਮਾਂ ਨਾਲ ਚੀਕਿਆ ਅਤੇ ਦੁਰਵਿਵਹਾਰ ਕੀਤਾ। ਉਸਨੇ ਕਥਿਤ ਤੌਰ 'ਤੇ ਪੁਲਸ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ, ਉਸਦੀ ਹਿਰਾਸਤ 'ਤੇ ਸਵਾਲ ਉਠਾਏ ਅਤੇ ਉਸਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਸ਼ਾਂਤੀ ਨਗਰ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਸਨੇ ਸਟਾਫ ਨੂੰ ਧਮਕੀ ਦਿੱਤੀ, ਇਹ ਦਾਅਵਾ ਕਰਦੇ ਹੋਏ ਕਿ ਉਹ ਭਾਰਤੀ ਦੰਡ ਸੰਹਿਤਾ ਦੇ ਤਹਿਤ ਉਸਦੇ ਖਿਲਾਫ ਪਹਿਲਾਂ ਤੋਂ ਹੀ ਦਰਜ ਦੋਸ਼ਾਂ ਤੋਂ ਪ੍ਰਭਾਵਿਤ ਨਹੀਂ ਹੋਇਆ ਹੈ। ਸ਼ੇਖ ਨੇ ਕਥਿਤ ਤੌਰ 'ਤੇ ਸਬ-ਜੇਲ੍ਹ ਦੇ ਗੇਟ ਨੇੜੇ ਲੱਗੇ ਤਿੰਨ ਸੀਸੀਟੀਵੀ ਕੈਮਰੇ ਉਖਾੜ ਦਿੱਤੇ ਅਤੇ ਉਨ੍ਹਾਂ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਉਸਨੇ ਉੱਥੇ ਲੱਗੇ ਤਿੰਨ ਬਲਬ ਵੀ ਤੋੜ ਦਿੱਤੇ। ਉਨ੍ਹਾਂ ਦੱਸਿਆ ਕਿ ਜਦੋਂ ਇੱਕ ਅਧਿਕਾਰੀ ਨੇ ਉਸਨੂੰ ਸ਼ਾਂਤ ਕਰਨ ਅਤੇ ਨਿਯਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਤਾਂ ਦੋਸ਼ੀ ਨੇ ਉਸਦਾ ਕਾਲਰ ਫੜ ਲਿਆ ਅਤੇ ਉਸਨੂੰ ਧੱਕਾ ਦੇ ਦਿੱਤਾ। ਇਸ ਸਬੰਧ ਵਿੱਚ ਪੁਲਸ ਨੇ ਸ਼ੇਖ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.


## ਉੱਤਰ ਰੇਲਵੇ

### ਇਲੈਕਟ੍ਰੌਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 08245719A | ਇੰਟੀਗ੍ਰੇਟੇਡ ਪਾਵਰ ਸਪਲਾਈ ਸਿਸਟਮ (ਆਈ ਪੀ ਐਸ) | 192 ਨਗ | 05-02-26 |
| 02 | 16253593 | ਲੇਟਰਲ ਡੈਮਪਰ | 1100 ਨਗ | 09-02-26 |
| 03 | 02251158B | ਸਕ੍ਰਾਲ ਕੰਪ੍ਰੇਸਰ ਥ੍ਰੀ ਫੇਜ | 217 ਨਗ | 09-02-26 |
| 04 | 04250085 | ਅਕਸਾਨ ਅਰਾਪੇਨ ਆਰ.ਬੀ. 320 ਗ੍ਰੀਸ | 10920 ਕਿ. ਗ੍ਰਾ. | 16-02-26 |
| 05 | 07250305A | ਵਹੀਲ ਸੇਟ ਅਰਥਿੰਗ ਅਕੁਪਮੇਂਟ | 1139 ਨਗ | 18-02-26 |
| 06 | 09262391 | ਸਾਈਡ ਬੇਯਰਰ ਸੀਟ ਡੁਲੀ ਵੇਲਡੇਡ ਵਿਥ ਲਾਈਨਰ | 1188 ਨਗ | 09-03-26 |
| 07 | 07251017A | ਲੋਵਰ ਸਪ੍ਰਿੰਗ ਸੀਟ ਫਾਰ ਅਕਸਲ | 3300 ਨਗ | 08-05-26 |
| 08 | 09262584 | 22.22 ਐਮ ਐਮ ਡਾਏ ਲਾਕ ਬੋਲਟ (ਡਾਏ ਕੋਡ-ਈ) | 40995 ਨਗ | 11-05-26 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।
**ਟੈਂਡਰ ਨੋਟਿਸ ਨੰ.: 79/2025-2026 ਮਿਤੀ:- 14.01.2026** 147/2026

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

## ਦਿੱਲੀ ਰਾਜ ਸਵਾਸਥ ਮਿਸ਼ਨ

ਛੇਂਵੀ ਮੰਜ਼ਿਲ, ਬੀ. ਵਿੰਗ, ਵਿਕਾਸ ਭਵਨ-2, ਸਿਵਿਲ ਲਾਈਨਸ
ਨਵੀਂ ਦਿੱਲੀ - 110054-ਦੂਰਭਾਸ਼ 011-23812902/03

F1-13/2/2020-Estt./

### ਰਿਕਰੂਟਮੇਂਟ ਨੋਟਿਸ

ਦਿੱਲੀ ਰਾਜ ਸਵਾਸਥ ਮਿਸ਼ਨ, ਪ੍ਰਧਾਨਮੰਤਰੀ ਆਯੁਸ਼ਮਾਨ ਭਾਰਤ ਸਵਾਸਥ ਅਵਸਰੰਚਨਾ ਮਿਸ਼ਨ ਪੀ.ਐਮ. ਅਭੀਮ 'ਚ ਮੇਡੀਕਲ ਆੱਫਿਸਰ (Medical Officer) ਦੇ ਰਿਕਤ ਪਦਾਂ 'ਤੇ ਭਰਤੀ ਦੇ ਲਈ ਆੱਨਲਾਈਨ ਰਜਿਸਟ੍ਰੇਸ਼ਨ ਆਮੰਤ੍ਰਿਤ ਕਰ ਰਿਹਾ ਹੈ। ਇੰਟਰਵਿਊ ਤੋਂ ਪਹਿਲਾਂ ਆੱਨਲਾਈਨ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਹੈ। ਰਜਿਸਟ੍ਰੇਸ਼ਨ ਦੀ ਆਖਿਰੀ ਮਿਤੀ 30 ਜਨਵਰੀ 2026 ਹੈ। ਨਿਯੁਕਤੀ ਪੂਰੀ ਤਰ੍ਹਾਂ ਅਨੁਬੰਧ ਦੇ ਆਧਾਰ 'ਤੇ, ਰਾਸ਼ਟਰੀ ਸਵਾਸਥ ਮਿਸ਼ਨ ਦੀ ਨੀਤੀ ਦੇ ਅਨੁਸਾਰ ਹੋਵੇਗੀ। ਪਦਾਂ ਦੇ ਵੇਰਵੇ, ਪਾਤ੍ਰਤਾ ਅਤੇ ਇੰਟਰਵਿਊ ਦੀ ਮਿਤੀ ਅਤੇ ਸਕਿਲ ਟੇਸਟ (ਜ਼ਰੂਰਤ ਅਨੁਸਾਰ) ਅਤੇ ਰਜਿਸਟ੍ਰੇਸ਼ਨ ਦੇ ਲਿੰਕ ਦੇ ਲਈ ਕ੍ਰਿਪਾ ਸਾਡੀ ਵੇਬਸਾਈਟ https://dshm.delhi.gov.in 'ਤੇ ਜਾਓ।

ਹਸਤਾਖ਼ਰ
ਮਿਸ਼ਨ ਨਿਦੇਸ਼ਕ
ਦਿੱਲੀ ਰਾਜ ਸਵਾਸਥ ਮਿਸ਼ਨ

DIP/Shabdarth/Classified/0404/25-26


**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला
Punjabi National Daily

# ਕੌਮੀ ਪਤ੍ਰਿਕਾ
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 16 January 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 16 ਜਨਵਰੀ 2026, 3 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 73, qpatrika@gmail.com ਫੋਨ : 9971359517 www.qaumipatrika.org

# ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਏ ਮੁੱਖ ਮੰਤਰੀ ਮਾਨ

**ਕੌਮੀ ਪਤ੍ਰਿਕਾ**
**ਨਰੇਸ਼ ਮਲਹੋਤਰਾ**

ਅੰਮ੍ਰਿਤਸਰ, 15 ਜਨਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੱਲ ਨੰਗੇ ਪੈਰੀਂ ਅਰਦਾਸ ਕਰਦੇ ਹੋਏ ਇਕ ਨਿਮਾਣੇ ਸਿੱਖ ਵਜੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੋਏ। ਮੁੱਖ ਮੰਤਰੀ ਨੇ ਅੱਜ ਆਪਣਾ ਪੂਰਾ ਦਿਨ ਸਿੱਖਾਂ ਦੇ ਸਰਵਉੱਚ ਅਸਥਾਨ ਨੂੰ ਸਮਰਪਿਤ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਸਾਹਿਬ ਅੱਗੇ ਪੇਸ਼ ਹੋ ਕੇ ਆਪਣੇ ਪਹਿਲੇ ਬਿਆਨਾਂ ਬਾਰੇ ਵਿਸਥਾਰ ਵਿੱਚ ਸਪੱਸ਼ਟੀਕਰਨ ਦਿੱਤਾ। ਉਨ੍ਹਾਂ ਨੇ ਮੁੜ ਦੁਹਰਾਇਆ ਕਿ ਉਹ ਇਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਫੈਸਲਾ ਸਿਰ ਮੱਥੇ ਸਵਿਕਾਰ ਕਰਦੇ ਹਨ ਅਤੇ ਇਸ ਪਾਵਨ ਅਸਥਾਨ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ਼੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੇਸ਼ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਨਿੱਜੀ ਤੌਰ 'ਤੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ, "ਜਥੇਦਾਰ ਸਾਹਿਬ ਦੇ ਹੁਕਮਾਂ 'ਤੇ ਮੈਂ ਇੱਥੇ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਇਆ ਅਤੇ ਚੁੱਕੇ ਗਏ ਸਵਾਲਾਂ ਦੇ ਜਵਾਬ ਵਿੱਚ ਆਪਣਾ ਸਪੱਸ਼ਟੀਕਰਨ ਦਿੱਤਾ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਸਿੱਖ ਭਾਈਚਾਰੇ ਦੀ ਸਰਵਉੱਚ ਸੰਸਥਾ ਹੈ ਅਤੇ ਮੇਰੇ ਲਈ ਵੀ ਸਰਵਉੱਚ ਹੈ।"ਮੁੱਖ ਮੰਤਰੀ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਉਨ੍ਹਾਂ ਦਾ ਬਿਆਨ ਦਰਜ ਕਰ ਲਿਆ ਹੈ ਅਤੇ ਸਿੰਘ ਸਾਹਿਬਾਨ ਨਾਲ ਵਿਚਾਰ-ਚਰਚਾ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

**ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹਰੇਕ ਫੈਸਲੇ ਪ੍ਰਤੀ ਪੂਰਨ ਸਤਿਕਾਰ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਮੈਂ ਜਥੇਦਾਰ ਸਾਹਿਬ ਦੇ ਹਰੇਕ ਫੈਸਲੇ ਦੀ ਪਾਲਣਾ ਕਰਾਂਗਾ। ਅੱਜ ਇੱਥੇ ਪੇਸ਼ ਹੋਣ ਨਾਲ ਮੇਰੇ ਮਨ ਨੂੰ ਬਹੁਤ ਸਕੂਨ, ਅੰਦਰੂਨੀ ਸ਼ਾਂਤੀ ਅਤੇ ਸੰਤੁਸ਼ਟੀ ਮਿਲੀ ਹੈ।"**

ਉਨ੍ਹਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਦਰਮਿਆਨ ਕਿਸੇ ਵੀ ਕਥਿਤ ਟਕਰਾਅ ਬਾਰੇ ਵਿਰੋਧੀ ਤਾਕਤਾਂ ਵੱਲੋਂ ਘੜੇ ਜਾ ਰਹੇ ਬਿਰਤਾਂਤ ਨੂੰ ਮੁੱਢੋਂ ਨਕਾਰਦਿਆਂ ਇਨ੍ਹਾਂ ਨੂੰ ਬੇਬੁਨਿਆਦ ਅਤੇ ਝੂਠਾ ਕਰਾਰ ਦਿੱਤਾ। ਉਨ੍ਹਾਂ ਕਿਹਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਜੋ ਕਿ ਸਮੁੱਚੇ ਸਿੱਖ ਭਾਈਚਾਰੇ ਲਈ ਸਰਵਉੱਚ ਹੈ। ਮੇਰੀ ਸਰਕਾਰ ਸਿਰਫ ਪੰਜਾਬ ਦੀ ਤਰੱਕੀ ਅਤੇ ਇਸ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਿਤ ਹੈ। ਖੁਦ ਨੂੰ ਪੰਜਾਬ ਦਾ ਸੇਵਾਦਾਰ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ



ਕਿਹਾ, ਮੈਂ ਸੂਬੇ ਦੀ ਚੜ੍ਹਦੀ ਕਲਾ ਲਈ ਰੋਜ਼ਾਨਾ ਅਰਦਾਸ ਕਰਦਾ ਹਾਂ। ਮੇਰਾ ਸਿਰ ਹਮੇਸ਼ਾ ਹਰ ਧਾਰਮਿਕ ਸਥਾਨ ਅੱਗੇ ਝੁਕਦਾ ਹੈ। ਇਹ ਅਸੰਭਵ ਹੈ ਕਿ ਮੇਰਾ ਕੋਈ ਵੀ ਕੰਮ ਸੂਬੇ ਜਾਂ ਇਸ ਦੇ ਲੋਕਾਂ ਦੇ ਵਿਰੁੱਧ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦੇ ਨੁਮਾਇੰਦੇ ਦੇ ਤੌਰ 'ਤੇ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ 25,000 ਤੋਂ 30,000 ਪੰਨਿਆਂ ਦੀਆਂ ਸ਼ਿਕਾਇਤਾਂ ਸੌਂਪੀਆਂ ਹਨ। ਉਨ੍ਹਾਂ ਕਿਹਾ, ਇਹ ਸ਼ਿਕਾਇਤਾਂ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਦਰਸਾਉਂਦੀਆਂ ਹਨ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿੱਚ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਨੂੰ ਉਜਾਗਰ ਕੀਤਾ ਹੈ। ਮੈਂ ਜਥੇਦਾਰ ਸਾਹਿਬ ਨੂੰ ਨਿਮਰਤਾ ਨਾਲ ਬੇਨਤੀ ਕੀਤੀ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕਰਵਾਈ ਜਾਵੇ ਕਿਉਂਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਇਨ੍ਹਾਂ ਨਾਲ ਜੁੜੀਆਂ ਹੋਈਆਂ ਹਨ। ਸੰਸਥਾਵਾਂ ਹਮੇਸ਼ਾ ਸਰਵਉੱਚ ਹੁੰਦੀਆਂ ਹਨ ਪਰ ਉਨ੍ਹਾਂ ਦੇ ਮੁਖੀ ਗਲਤੀ ਕਰ ਸਕਦੇ ਹਨ, ਅਜਿਹੇ ਵਿਅਕਤੀਆਂ ਪ੍ਰਤੀ ਉਨ੍ਹਾਂ ਦੇ ਮਾੜੇ ਕੰਮਾਂ ਲਈ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤਣੀ ਚਾਹੀਦੀ। ਮੁੱਖ ਮੰਤਰੀ ਨੇ ਕਿਹਾ, "ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਉਨ੍ਹਾਂ ਨੂੰ ਸਿਰ ਮੱਥੇ ਪ੍ਰਵਾਨ ਹੈ ਕਿਉਂਕਿ ਇਹ ਸਿੱਖਾਂ ਦੀ ਸਰਵਉੱਚ ਸੰਸਥਾ ਹੈ। ਮੈਂ ਤੇ ਮੇਰਾ ਪਰਿਵਾਰ ਸਰਵਉੱਚ ਸੰਸਥਾ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ।"ਉਨ੍ਹਾਂ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਧੰਨਵਾਦੀ ਹਨ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਅਤੇ ਗੁਰਦੁਆਰਾ ਐਕਟ ਨਾਲ ਸਬੰਧਤ ਦੋ ਕੀਮਤੀ ਕਿਤਾਬਾਂ ਦਿੱਤੀਆਂ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਸਰੂਪਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਬਾਰੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਫੈਸਲੇ ਦੇ ਪਿੱਛੇ ਕੋਈ ਸਿਆਸੀ ਮਨਸ਼ਾ ਨਹੀਂ ਹੈ। ਉਨ੍ਹਾਂ ਕਿਹਾ, "ਐਸ.ਆਈ.ਟੀ. ਦੀ ਜਾਂਚ ਲਾਪਤਾ ਸਰੂਪਾਂ ਦਾ ਪਤਾ ਲਾਉਣ ਲਈ ਹੈ। ਐਸ.ਆਈ.ਟੀ. ਦੀ ਜ਼ਿੰਮੇਵਾਰੀ ਸਿਰਫ ਲਾਪਤਾ ਸਰੂਪਾਂ ਦਾ ਪਤਾ ਲਾਉਣ ਤੱਕ ਸੀਮਿਤ ਕੀਤੀ ਗਈ ਹੈ ਤਾਂ ਕਿ ਉਨ੍ਹਾਂ ਦੀ ਦੁਰਵਰਤੋਂ ਨਾ ਹੋਵੇ।"ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਦਖ਼ਲ ਦੇਣ ਦੀ ਬੇਨਤੀ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਗੁੰਮ ਹੋਏ ਸਰੂਪਾਂ ਦਾ ਪਤਾ ਲਾਉਣ ਲਈ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸਰੂਪ ਨੂੰ ਦਿੱਤਾ ਗਿਆ ਵਿਲੱਖਣ ਕੋਡ (ਯੂਨੀਕ ਕੋਡ) ਪ੍ਰਦਾਨ ਕਰਨ ਲਈ ਆਦੇਸ਼ ਜਾਰੀ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਅਤੇ ਸੂਬਾ ਸਰਕਾਰ ਪਾਵਨ ਸਰੂਪਾਂ ਦਾ ਪਤਾ ਲਾਏਗੀ ਅਤੇ ਇਸ ਦੀਆਂ ਥਾਵਾਂ ਬਾਰੇ ਸ਼੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼?ਰੋਮਣੀ ਕਮੇਟੀ ਨੂੰ ਜਾਣੂ ਕਰਵਾਏਗੀ ਤਾਂ ਕਿ ਰਹਿਤ ਮਰਿਆਦਾ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਕਿ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਪਤਾ ਲੱਗਾ ਹੈ, ਉਨ੍ਹਾਂ ਧਾਰਮਿਕ ਥਾਵਾਂ ਦੀ ਇਮਾਰਤ ਅੰਦਰ ਪ੍ਰਵੇਸ਼ ਨਾ ਕੀਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਲ 1998 ਤੋਂ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਿੰਟਿੰਗ ਕਈ ਥਾਵਾਂ 'ਤੇ ਕੀਤੀ ਜਾਂਦੀ ਸੀ।

# ਇੱਕ ਝੂਠ ਨੂੰ ਸੱਚ ਸਾਬਤ ਕਰਨ ਲਈ ਸੈਂਕੜੇ ਝੂਠ ਬੋਲੇ ਜਾ ਰਹੇ ਹਨ: ਮਨਜਿੰਦਰ ਸਿੰਘ ਸਿਰਸਾ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 15 ਜਨਵਰੀ: ਕੱਲ੍ਹ ਹੋਈ ਇੱਕ ਪ੍ਰੈਸ ਕਾਨਫਰੰਸ ਵਿੱਚ, ਮਨਜਿੰਦਰ ਸਿੰਘ ਸਿਰਸਾ ਨੇ ਆਮ ਆਦਮੀ ਪਾਰਟੀ, ਦਿੱਲੀ ਦੀ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਅਤੇ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਇਹ ਸਾਰਾ ਮਾਮਲਾ ਝੂਠ ਨੂੰ ਸੱਚ ਸਾਬਤ ਕਰਨ ਦੀ ਇੱਕ ਸੰਗਠਿਤ ਕੋਸ਼ਿਸ਼ ਹੈ। ਮਾਣਯੋਗ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਰਾਜਨੀਤਿਕ ਕਿਰਦਾਰ ਸ਼ੁਰੂ ਤੋਂ ਹੀ ਝੂਠ 'ਤੇ ਅਧਾਰਤ ਰਿਹਾ ਹੈ, ਅਤੇ ਅਰਵਿੰਦ ਕੇਜਰੀਵਾਲ ਨੇ ਹਰ ਉਹ ਝੂਠ ਬੋਲਿਆ ਜੋ ਕਿਹਾ ਜਾ ਸਕਦਾ ਸੀ: ÷ਮੈਂ ਸੁਰੱਖਿਆ ਨਹੀਂ ਲਵਾਂਗਾ, ਮੈਂ ਸਰਕਾਰੀ ਘਰ ਨਹੀਂ ਲਵਾਂਗਾ, ਮੈਂ ਕਾਰ ਨਹੀਂ ਲਵਾਂਗਾ, ਮੈਂ ਉਡਾਣ ਨਹੀਂ ਲਵਾਂਗਾ,÷ ਅਤੇ ਫਿਰ ਇਹ ਸਭ ਕੀਤਾ। ਇਹ ਆਮ ਆਦਮੀ ਪਾਰਟੀ ਦੀ ਰਾਜਨੀਤੀ ਦਾ ਸੱਚ ਹੈ। ਉਸ ਪਰੰਪਰਾ ਨੂੰ ਜਾਰੀ ਰੱਖਦੇ ਹੋਏ, ਦਿੱਲੀ ਵਿਧਾਨ ਸਭਾ ਵਿੱਚ ਗੁਰੂ ਤੇਗ ਬਹਾਦਰ ਜੀ ਵਿਰੁੱਧ ਆਤਿਸ਼ੀ ਦੁਆਰਾ ਕੀਤੀ ਗਈ ਅਪਮਾਨਜਨਕ ਟਿੱਪਣੀ ਨੂੰ ਹੁਣ ਝੂਠ ਅਤੇ ਫੋਰੈਂਸਿਕ ਰਿਪੋਰਟਾਂ ਦੀ ਆੜ ਵਿੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿਰਸਾ ਨੇ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਟੇਟ ਬਨਾਮ ਮੈਟਾ ਹੈ, ਉਨ੍ਹਾਂ ਵਿਅਕਤੀਆਂ ਵਿਰੁੱਧ ਨਹੀਂ ਜਿਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ, ਪੰਜਾਬ ਪੁਲਿਸ ਨੇ ਕਈ



ਵਿਅਕਤੀਆਂ ਦੇ ਫੇਸਬੁੱਕ, ਇੰਸਟਾਗ੍ਰਾਮ ਅਤੇ ਟਵਿੱਟਰ ਖਾਤਿਆਂ ਦੀ ਸੂਚੀ ਅਦਾਲਤ ਵਿੱਚ ਪੇਸ਼ ਕੀਤੀ, ਪਰ ਕਿਸੇ ਨੂੰ ਵੀ ਧਿਰ ਨਹੀਂ ਬਣਾਇਆ ਗਿਆ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸੱਚਾਈ ਦਾ ਪਰਦਾਫਾਸ਼ ਕਰਨ ਦਾ ਇਰਾਦਾ ਸੀ ਤਾਂ ਦੋਸ਼ੀ ਵਿਅਕਤੀਆਂ ਨੂੰ ਧਿਰ ਕਿਉਂ ਨਹੀਂ ਬਣਾਇਆ ਗਿਆ। ਮੰਤਰੀ ਨੇ ਕਿਹਾ ਕਿ ਅਖੌਤੀ ਫੋਰੈਂਸਿਕ ਜਾਂਚ, ਜਿਸ ਦੇ ਆਧਾਰ 'ਤੇ ਅਦਾਲਤ ਨੂੰ ਗੁੰਮਰਾਹ ਕੀਤਾ ਗਿਆ ਸੀ, ਇਨ੍ਹਾਂ 'ਤੇ ਅਧਾਰਤ ਸੀ:

- ਅਸਲੀ ਅਸੈਂਬਲੀ ਵੀਡੀਓ ਤੋਂ ਬਿਨਾਂ ਬਣਾਇਆ ਗਿਆ,
- ਆਤਿਸ਼ੀ ਨੂੰ ਫ਼ੋਨ ਕੀਤੇ ਬਿਨਾਂ,
- ਉਨ੍ਹਾਂ ਦੀ ਆਵਾਜ਼ ਦਾ ਨਮੂਨਾ ਲਏ ਬਿਨਾਂ,
- ਅਤੇ ਬਿਨਾਂ ਕਿਸੇ ਆਈਟੀ ਜਾਂ ਸਾਈਬਰ ਫੋਰੈਂਸਿਕ ਮਾਹਰ ਦੇ ਤਿਆਰ ਕੀਤਾ ਗਿਆ, ਪਰ ਇੱਕ ਕਾਂਸਟੇਬਲ ਦੁਆਰਾ ਏਆਈ ਟੂਲਸ ਦੀ ਵਰਤੋਂ ਕਰਕੇ।

ਉਨ੍ਹਾਂ ਕਿਹਾ ਕਿ ਰਿਪੋਰਟ ਵਿੱਚ ਇਹ ਨਹੀਂ ਦੱਸਿਆ ਗਿਆ ਹੈ ਕਿ ਵੀਡੀਓ ਦਾ ਕਿਹੜਾ ਹਿੱਸਾ, ਕਿਹੜੇ ਸਕਿੰਟ ਤੋਂ ਕਿਹੜੇ ਸਕਿੰਟ ਤੱਕ, ਅਤੇ ਕਿਸ ਤਰ੍ਹਾਂ ਦੀ ਹੇਰਾਫੇਰੀ ਹੋਈ ਹੈ। ਸਿਰਫ਼ ਇਹ ਕਹਿਣਾ ਕਿ ਵੀਡੀਓ ਨੂੰ ਛੇੜਛਾੜ ਕੀਤੀ ਗਈ ਹੈ, ਫੋਰੈਂਸਿਕ ਨਹੀਂ ਸਗੋਂ ਕਹਾਣੀ ਸੁਣਾਉਣਾ ਹੈ। ਪੁਲਿਸ ਨੂੰ ਆਤਿਸ਼ੀ ਦੀ ਰੱਖਿਆ ਲਈ ਵਰਤਿਆ ਜਾ ਰਿਹਾ ਹੈ, ਇਹ ਇੱਕ ਸ਼ਰਮਨਾਕ ਕੰਮ ਹੈ। ਪੁਲਿਸ, ਜਿਸਨੂੰ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣੀ ਚਾਹੀਦੀ ਹੈ, ਸਾਡੇ ਸੋਸ਼ਲ ਮੀਡੀਆ ਖਾਤਿਆਂ ਦੀ ਜਾਂਚ ਕਰਨ ਵਿੱਚ ਰੁੱਝੀ ਹੋਈ ਹੈ। ਪੰਜਾਬ ਸਰਕਾਰ ਆਤਿਸ਼ੀ ਦੀ ਰੱਖਿਆ ਲਈ ਖੁਦ ਕੇਸ ਲੜ ਰਹੀ ਹੈ। ਵਿਧਾਨ ਸਭਾ ਦੇ ਅੰਦਰ ਆਤਿਸ਼ੀ ਵੱਲੋਂ ਗੁਰੂ ਸਾਹਿਬ ਦੇ ਅਪਮਾਨ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਹ ਕਾਫ਼ੀ ਨਹੀਂ ਹੋਵੇਗੀ। ਸਿਰਸਾ ਨੇ ਕਿਹਾ ਕਿ ਘਟਨਾ ਤੋਂ ਬਾਅਦ, ਆਤਿਸ਼ੀ ਜਨਤਕ ਤੌਰ 'ਤੇ ਨਹੀਂ ਆਈ, ਵਿਧਾਨ ਸਭਾ ਵਿੱਚ ਪੇਸ਼ ਨਹੀਂ ਹੋਈ, ਜਾਂ ਆਪਣੇ ਬਿਆਨ 'ਤੇ ਸਪੱਸ਼ਟੀਕਰਨ ਨਹੀਂ ਦਿੱਤਾ। ਵਿਧਾਨ ਸਭਾ ਦੇ ਸਪੀਕਰ ਦੁਆਰਾ ਪ੍ਰਸਤਾਵਿਤ ਸੁਤੰਤਰ ਫੋਰੈਂਸਿਕ ਜਾਂਚ ਤੋਂ ਪਹਿਲਾਂ ਪੁਲਿਸ ਵੱਲੋਂ ਐਫਆਈਆਰ ਦਰਜ ਕਰਨਾ ਸੱਚਾਈ ਦੇ ਸਾਹਮਣੇ ਆਉਣ ਦੇ ਡਰ ਨੂੰ ਦਰਸਾਉਂਦਾ ਹੈ। ਮਾਣਯੋਗ ਮੰਤਰੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ ਸਨਮਾਨ ਦੌਰਾਨ ਕਹੇ ਗਏ ਸ਼ਬਦ ਸਿਰਫ਼ ਇੱਕ ਰਾਜਨੀਤਿਕ ਵਿਵਾਦ ਤੋਂ ਵੱਧ ਹਨ, ਇੱਕ ਗੰਭੀਰ ਧਾਰਮਿਕ ਅਪਰਾਧ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਖੁਦ ਰੋਜ਼ਾਨਾ ਗੁਰੂ ਸਾਹਿਬ ਅੱਗੇ ਝੁਕਦੇ ਹਨ ਅਤੇ ਗੁਰੂ ਦੀ ਸ਼ਾਨ ਦੇ ਸਤਿਕਾਰ ਦੀ ਮਹੱਤਤਾ ਨੂੰ ਸਮਝਦੇ ਹਨ, ਜਦੋਂ ਕਿ ਆਮ ਆਦਮੀ ਪਾਰਟੀ ਇਸ ਪੂਰੇ ਮੁੱਦੇ ਦਾ ਮਜ਼ਾਕ ਉਡਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ। ਸਿਰਸਾ ਨੇ ਕਿਹਾ ਕਿ ਸੱਚ ਸਾਬਤ ਕਰਨ ਲਈ ਭਾਵੇਂ ਇੱਕ ਝੂਠ ਸੌ ਜਾਂ ਹਜ਼ਾਰ ਵਾਰ ਬੋਲਿਆ ਜਾਵੇ, ਪਰ ਸੱਚ ਨਹੀਂ ਬਦਲੇਗਾ। ਉਨ੍ਹਾਂ ਕਿਹਾ ਕਿ ਨਾ ਤਾਂ ਆਤਿਸ਼ੀ ਅਤੇ ਨਾ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਪਾਪ ਤੋਂ ਕਦੇ ਮੁਕਤ ਹੋਣਗੇ।

# ਸਰਕਾਰੀ ਖਜ਼ਾਨੇ ਨੂੰ ਖੋਰਾ ! ਆਮ ਆਦਮੀ ਪਾਰਟੀ ਨੇ 1600 ਸਰਕਾਰੀ ਬੱਸਾਂ ਨਿੱਜੀ ਰੈਲੀ ਲਈ ਵਰਤੀਆਂ

ਜਲੰਧਰ 15 ਜਨਵਰੀ। ਕਾਂਗਰਸੀ ਆਗੂ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ 'ਤੇ ਨਿਸ਼ਾਨੇ ਵਿੰਨ੍ਹੇ ਹਨ। ਉਨ੍ਹਾਂ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਦੇ ਸਰੋਤਾਂ ਦੀ ਬੇਸ਼ਰਮੀ ਨਾਲ ਲੁੱਟ ਕੀਤੀ ਜਾ ਰਹੀ ਹੈ। ਪਰਗਟ ਸਿੰਘ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਹ ਸ਼ਾਸਨ ਨਹੀਂ, ਸਗੋਂ ਸਿਰਫ਼ ਸਟੇਜਾਂ 'ਤੇ ਨਵੇਂ-ਨਵੇਂ ਜੁਮਲਿਆਂ ਦੀ ਤਿਆਰੀ ਹੈ। ਗੰਭੀਰ ਦੋਸ਼ ਲਗਾਉਂਦੇ ਉਨ੍ਹਾਂ ਕਿਹਾ ਕਿ ਸਰਕਾਰੀ ਖਜ਼ਾਨੇ ਵਿਚੋਂ 1600 ਸਰਕਾਰੀ ਬੱਸਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਰਾਜਨੀਤਿਕ ਰੈਲੀ ਲਈ ਵਰਤਿਆ ਗਿਆ ਹੈ। ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਪਰਗਟ ਸਿੰਘ ਨੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕੁਝ ਜ਼ਰੂਰੀ ਗੱਲਾਂ ਸਾਂਝੀਆਂ ਕੀਤੀਆਂ, ਜੋ ਹਰ ਪੰਜਾਬੀ ਨੂੰ ਪਤਾ ਹੋਣੀਆਂ ਚਾਹੀਦੀਆਂ ਹਨ। ਪਰਗਟ ਸਿੰਘ ਨੇ ਕਿਹਾ ਕਿ ਪੀ. ਆਰ. ਟੀ. ਸੀ. ਅਤੇ ਪਨਬਸ ਨੂੰ ਔਰਤਾਂ ਲਈ ਮੁਫ਼ਤ ਯਾਤਰਾ ਸਕੀਮ ਦਾ 750 ਕਰੋੜ ਰੁਪਏ ਅਜੇ ਤੱਕ ਨਹੀਂ ਮਿਲਿਆ ਹੈ। ਉਥੇ ਹੀ 10,500 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਾ ਬਕਾਇਆ ਵੀ ਅਜੇ ਲਟਕ ਰਿਹਾ ਹੈ। ਇਸ ਦੇ ਇਲਾਵਾ ਵੱਖ-ਵੱਖ ਸਰਕਾਰੀ ਵਿਭਾਗਾਂ ਦੇ 2700 ਕਰੋੜ ਰੁਪਏ ਹੋਰ ਅਜੇ ਬਾਕੀ ਹਨ। ਪਟਿਆਲਾ ਵਿਚ ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਵੱਲੋਂ ਸੜਕਾਂ 'ਤੇ ਦਿੱਤੇ ਜਾ ਰਹੇ ਧਰਨੇ 'ਤੇ ਬੋਲਦਿਆਂ ਕਿਹਾ ਕਿ ਪਟਿਆਲਾ 'ਚ ਪੀ. ਆਰ. ਟੀ. ਸੀ. ਦੇ ਮੁਲਾਜ਼ਮ ਸੜਕਾਂ 'ਤੇ ਧਰਨਾ ਦੇ ਰਹੇ ਹਨ। ਉਨ੍ਹਾਂ ਨੂੰ ਦੇਣ ਲਈ ਤਨਖ਼ਾਹ ਨਹੀਂ, ਪੈਨਸ਼ਨ ਨਹੀਂ ਪਰ ਸਰਕਾਰੀ ਬੱਸਾਂ ਰੈਲੀਆਂ ਲਈ ਪੂਰੀ ਤਰ੍ਹਾਂ ਉਪਲੱਬਧ ਹਨ। ਪਰਗਟ ਸਿੰਘ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਲੋਕਾਂ ਦੇ ਹੱਕਾਂ ਲਈ ਸਰਕਾਰ ਕੋਲ ਪੈਸਾ ਨਹੀਂ ਹਨ ਪਰ ਰਾਜਨੀਤਿਕ ਸ਼ੋਸ਼ੇਬਾਜ਼ੀ ਲਈ ਸਰਕਾਰੀ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਸਾਰੀ ਸਥਿਤੀ ਨੂੰ ਪੰਜਾਬ ਦੇ ਸਰੋਤਾਂ ਦੀ ਬੇਸ਼ਰਮੀ ਨਾਲ ਕੀਤੀ ਜਾ ਰਹੀ ਲੁੱਟ ਕਰਾਰ ਦਿੱਤਾ ਹੈ।

# ਬੀਜਾਪੁਰ 'ਚ ਨਕਸਲਵਾਦ ਨੂੰ ਵੱਡਾ ਝਟਕਾ, 52 ਮਾਓਵਾਦੀਆਂ ਨੇ ਕੀਤਾ ਆਤਮ-ਸਮਰਪਣ

ਨੈਸ਼ਨਲ ਡੈਸਕ 15 ਜਨਵਰੀ। ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਨਕਸਲਵਾਦ ਦੇ ਖਾਤਮੇ ਦੀ ਦਿਸ਼ਾ ਵਿੱਚ ਸੁਰੱਖਿਆ ਬਲਾਂ ਨੂੰ ਇੱਕ ਵੱਡੀ ਸਫਲਤਾ ਹਾਸਲ ਹੋਈ ਹੈ। ਵੀਰਵਾਰ ਨੂੰ ਦੱਖਣੀ ਸਬ-ਜ਼ੋਨਲ ਬਿਊਰੋ ਨਾਲ ਸਬੰਧਤ 52 ਮਾਓਵਾਦੀਆਂ ਨੇ ਹਿੰਸਾ ਦਾ ਰਾਹ ਤਿਆਗ ਕੇ ਸਰਕਾਰ ਅੱਗੇ ਆਤਮ-ਸਮਰਪਣ ਕਰ ਦਿੱਤਾ। ਇਨ੍ਹਾਂ ਸਾਰੇ ਮਾਓਵਾਦੀਆਂ 'ਤੇ ਉਨ੍ਹਾਂ ਦੇ ਅਹੁਦੇ ਅਤੇ ਸੰਗਠਨ ਵਿੱਚ ਭੂਮਿਕਾ ਦੇ ਆਧਾਰ 'ਤੇ ਕੁੱਲ 1.41 ਕਰੋੜ ਰੁਪਏ ਦਾ ਇਨਾਮ ਐਲਾਨਿਆ ਸੀ। ਪੁਲਸ ਅਨੁਸਾਰ, ਆਤਮ-ਸਮਰਪਣ ਕਰਨ ਵਾਲੇ 52 ਮਾਓਵਾਦੀਆਂ ਵਿੱਚ 21 ਮਹਿਲਾਵਾਂ ਅਤੇ 31 ਪੁਰਸ਼ ਕੈਡਰ ਸ਼ਾਮਲ ਹਨ। ਇਹ ਸਾਰੇ ਮਾਓਵਾਦੀ ਡੀ.ਵੀ.ਸੀ.ਐਮ, ਪੀ.ਪੀ.ਸੀ.ਐਮ, ਏ.ਸੀ.ਐਮ, ਪਲਾਟੂਨ ਕਮਾਂਡਰ ਅਤੇ ਜਨਤਾਨਾ ਸਰਕਾਰ ਦੇ ਪ੍ਰਧਾਨ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਸਨ। ਇਨ੍ਹਾਂ ਨੇ ਭਾਰਤੀ ਸੰਵਿਧਾਨ ਵਿੱਚ ਆਪਣੀ ਆਸਥਾ ਪ੍ਰਗਟਾਈ ਹੈ ਅਤੇ ਲੋਕਤੰਤਰੀ ਵਿਵਸਥਾ ਵਿੱਚ ਸਤਿਕਾਰਯੋਗ ਜੀਵਨ ਜਿਊਣ ਦਾ ਸੰਕਲਪ



ਲਿਆ ਹੈ। ਬੀਜਾਪੁਰ ਦੇ ਪੁਲਿਸ ਕਪਤਾਨ ਡਾ. ਜਤਿੰਦਰ ਕੁਮਾਰ ਯਾਦਵ ਨੇ ਦੱਸਿਆ ਕਿ ਇਹ ਸਫਲਤਾ ਰਾਜ ਦੀ ਪੁਨਰਵਾਸ ਨੀਤੀ 'ਪੂਨਾ ਮਾਰਗੇਮ' (ਨਵਾਂ ਰਸਤਾ) ਅਤੇ 'ਮੇਰਾ ਸੁੰਦਰ ਪਿੰਡ' (ਨਿਯੋਦ ਨੇਲਾਨਾਰ) ਵਰਗੀਆਂ ਯੋਜਨਾਵਾਂ ਦੇ ਨਾਲ-ਨਾਲ ਸੁਰੱਖਿਆ ਬਲਾਂ ਦੇ ਨਿਰੰਤਰ ਯਤਨਾਂ ਦਾ ਨਤੀਜਾ ਹੈ। ਪੁਨਰਵਾਸ ਪ੍ਰਕਿਰਿਆ ਦੇ ਤਹਿਤ, ਹਰੇਕ ਕੈਡਰ ਨੂੰ ਤੁਰੰਤ ਸਹਾਇਤਾ ਵਜੋਂ 50,000 ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਸ ਪ੍ਰਾਪਤੀ ਵਿੱਚ ਡੀ.ਆਰ.ਜੀ., ਐਸ.ਟੀ.ਐਫ. , ਕੋਬਰਾ, ਬਸਤਰ ਫਾਈਟਰਜ਼ ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ ਦੀਆਂ ਬਟਾਲੀਅਨਾਂ ਦੀ ਸਾਂਝੀ ਭੂਮਿਕਾ ਰਹੀ ਹੈ। ਪੁਲਸ ਦੇ ਅੰਕੜਿਆਂ ਅਨੁਸਾਰ, 1 ਜਨਵਰੀ 2024 ਤੋਂ ਹੁਣ ਤੱਕ ਇਕੱਲੇ ਬੀਜਾਪੁਰ ਜ਼ਿਲ੍ਹੇ ਵਿੱਚ 824 ਮਾਓਵਾਦੀ ਮੁੱਖ ਧਾਰਾ ਵਿੱਚ ਪਰਤ ਚੁੱਕੇ ਹਨ, ਜਦੋਂ ਕਿ 1126 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 223 ਮੁਕਾਬਲਿਆਂ ਵਿੱਚ ਮਾਰੇ ਗਏ ਹਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਸੁਕਮਾ ਜ਼ਿਲ੍ਹੇ ਵਿੱਚ ਵੀ 7 ਮਹਿਲਾਵਾਂ ਸਮੇਤ 26 ਹਾਰਡਕੋਰ ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਸੀ, ਜਿਨ੍ਹਾਂ 'ਤੇ 64 ਲੱਖ ਰੁਪਏ ਦਾ ਇਨਾਮ ਸੀ। ਪੁਲਿਸ ਅਧਿਕਾਰੀਆਂ ਨੇ ਹੋਰ ਮਾਓਵਾਦੀਆਂ ਨੂੰ ਵੀ ਹਿੰਸਾ ਛੱਡ ਕੇ ਮੁੱਖ ਧਾਰਾ ਵਿੱਚ ਪਰਤਣ ਦੀ ਅਪੀਲ ਕੀਤੀ ਹੈ।\

# "ਆਪਰੇਸ਼ਨ ਸਿੰਦੂਰ ਅਜੇ ਖ਼ਤਮ ਨਹੀਂ ਹੋਇਆ... !" ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦਿੱਤੀ ਚਿਤਾਵਨੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 15 ਜਨਵਰੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਇੱਕ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਭਾਰਤੀ ਸੈਨਾਵਾਂ ਦਾ 'ਅਪਰੇਸ਼ਨ ਸਿੰਦੂਰ' ਅਜੇ ਖ਼ਤਮ



ਨਹੀਂ ਹੋਇਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਅੱਤਵਾਦੀ ਸੋਚ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦੀ, ਸ਼ਾਂਤੀ ਸਥਾਪਿਤ ਕਰਨ ਲਈ ਭਾਰਤ ਦੇ ਇਹ ਯਤਨ ਲਗਾਤਾਰ ਜਾਰੀ ਰਹਿਣਗੇ। ਭਾਰਤੀ ਸੈਨਾ ਦਿਵਸ ਦੇ ਮੌਕੇ 'ਤੇ ਜੈਪੁਰ ਦੇ ਐਸ.ਐਮ.ਐਸ. ਸਟੇਡੀਅਮ ਵਿੱਚ ਆਯੋਜਿਤ 'ਸ਼ੌਰਿਆ ਸੰਧਿਆ' ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਨੇ ਕਿਹਾ ਕਿ 'ਅਪਰੇਸ਼ਨ ਸਿੰਦੂਰ' ਨੂੰ ਭਾਰਤ ਦੇ ਇਤਿਹਾਸ ਵਿੱਚ ਸਿਰਫ਼ ਇੱਕ ਫੌਜੀ ਕਾਰਵਾਈ ਵਜੋਂ ਨਹੀਂ, ਸਗੋਂ ਸਾਹਸ ਅਤੇ ਸੰਤੁਲਨ ਦੇ ਪ੍ਰਤੀਕ ਵਜੋਂ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਅਭਿਆਨ ਰਾਹੀਂ ਭਾਰਤ ਨੇ ਨਾ ਸਿਰਫ਼ ਆਪਣੀ ਫੌਜੀ ਤਾਕਤ ਦਾ ਪ੍ਰਦਰਸ਼ਨ ਕੀਤਾ ਹੈ, ਸਗੋਂ ਆਪਣੇ ਰਾਸ਼ਟਰੀ ਸੁਭਾਅ ਦਾ ਵੀ ਪਰਿਚਯ ਦਿੱਤਾ ਹੈ। ਰਾਜਨਾਥ ਸਿੰਘ ਨੇ ਦੱਸਿਆ ਕਿ ਅੱਤਵਾਦੀਆਂ ਵਿਰੁੱਧ ਕੀਤੀ ਗਈ ਇਹ ਕਾਰਵਾਈ ਪੂਰੀ ਤਰ੍ਹਾਂ ਸੋਚ-ਸਮਝ ਕੇ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਸੀ। ਉਨ੍ਹਾਂ ਨੇ ਰਾਜਸਥਾਨ ਦੀ ਵੀਰ ਧਰਤੀ ਤੋਂ ਐਲਾਨ ਕੀਤਾ ਕਿ ਸ਼ਾਂਤੀ ਦੀ ਬਹਾਲੀ ਲਈ ਭਾਰਤ ਪਿੱਛੇ ਨਹੀਂ ਹਟੇਗਾ। ਰੱਖਿਆ ਮੰਤਰੀ ਨੇ 'ਅਪਰੇਸ਼ਨ ਸਿੰਦੂਰ' ਦੌਰਾਨ ਅਦੁੱਤੀ ਸਾਹਸ ਅਤੇ ਬਹਾਦਰੀ ਦਿਖਾਉਣ ਵਾਲੇ ਭਾਰਤੀ ਸੈਨਾ ਦੇ ਜਵਾਨਾਂ ਦੀ ਖੂਬ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜੈਪੁਰ ਵਿੱਚ ਹੋਈ ਆਰਮੀ ਡੇਅ ਪਰੇਡ ਦੌਰਾਨ ਵੀ ਭਾਰਤੀ ਫੌਜ ਦੀ ਤਾਕਤ ਅਤੇ ਸ਼ਹੀਦਾਂ ਦੇ ਪਰਿਵਾਰਾਂ ਦੇ ਜਜ਼ਬੇ ਨੂੰ ਸਲਾਮ ਕੀਤਾ ਗਿਆ ਸੀ।

# ਮਾਇਆਵਤੀ ਦੀ ਪ੍ਰੈਸ ਕਾਨਫਰੰਸ 'ਚ ਬੱਲਬ ਫਿਊਜ਼ ਹੋਣ ਨਾਲ ਸ਼ਾਰਟ ਸਰਕਟ, ਮਚੀ ਹਫ਼ੜਾ-ਦਫ਼ੜੀ

ਲਖਨਊ 15 ਜਨਵਰੀ। ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਦੀ ਵੀਰਵਾਰ ਨੂੰ ਹੋਈ ਪ੍ਰੈਸ ਕਾਨਫਰੰਸ ਦੌਰਾਨ ਬੱਲਬ ਫਿਊਜ਼ ਹੋਣ ਨਾਲ ਕਮਰੇ 'ਚੋਂ ਸ਼ਾਰਟ ਸਰਕਟ ਹੋ ਗਿਆ। ਇਸ ਨਾਲ ਅਚਾਨਕ ਧੂੰਆਂ ਉੱਠਣਾ ਸ਼ੁਰੂ ਹੋ ਗਿਆ, ਜਿਸ ਨਾਲ ਥੋੜ੍ਹੀ ਦੇਰ ਲਈ ਹਫ਼ੜਾ-ਦਫ਼ੜੀ ਮਚ ਗਈ। ਪਾਰਟੀ ਦੇ ਸੂਬਾ ਪ੍ਰਧਾਨ ਵਿਸ਼ਵਨਾਥ ਪਾਲ ਨੇ ਕਿਹਾ ਕਿ ਇਸ ਨਾਲ ਕੋਈ ਨੁਕਸਾਨ ਨਹੀਂ ਹੋਇਆ। ਕਾਨਫਰੰਸ ਵਿਚ ਮੌਜੂਦ ਮਾਇਆਵਤੀ ਅਤੇ ਮੌਜੂਦ ਸਾਰੇ ਲੋਕ ਪੂਰੀ ਤਰ੍ਹਾਂ ਸੁਰੱਖਿਅਤ ਹਨ। ਮਾਇਆਵਤੀ ਦੇ ਜਨਮਦਿਨ ਮੌਕੇ ਵੀਰਵਾਰ ਨੂੰ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ ਸੀ। ਪ੍ਰੈਸ ਕਾਨਫਰੰਸ ਦੇ ਆਖਰੀ ਪੜਾਅ ਦੌਰਾਨ ਕਮਰੇ ਵਿੱਚ ਇੱਕ ਬਲਬ ਤੋਂ ਅਚਾਨਕ ਧੂੰਆਂ ਉੱਠਣਾ ਸ਼ੁਰੂ ਹੋ ਗਿਆ। ਪਾਲ ਨੇ ਕਿਹਾ, ਪ੍ਰੈਸ ਕਾਨਫਰੰਸ ਦੇ ਆਖਰੀ ਪੜਾਅ ਦੌਰਾਨ ਇੱਕ ਬਲਬ ਅਚਾਨਕ ਫਿਊਜ਼ ਹੋ ਗਿਆ, ਜਿਸ ਕਾਰਨ ਤਾਰ ਵਿੱਚ ਸ਼ਾਰਟ ਸਰਕਟ ਹੋ ਗਿਆ। ਤਾਰ ਦੇ ਸੜਨ ਨਾਲ ਕਮਰਾ ਥੋੜ੍ਹਾ ਜਿਹਾ ਧੂੰਏਂ ਨਾਲ ਭਰ ਗਿਆ। ਉਨ੍ਹਾਂ ਕਿਹਾ ਕਿ ਕੋਈ ਅੱਗ ਨਹੀਂ ਲੱਗੀ ਅਤੇ ਨਾ ਹੀ ਸ਼ਾਰਟ ਸਰਕਟ ਕਾਰਨ ਕੋਈ ਹੋਰ ਨੁਕਸਾਨ ਹੋਇਆ ਹੈ।

# ਭਾਰਤੀ ਪਾਸਪੋਰਟ ਦੀ ਵਧੀ ਤਾਕਤ; ਹੁਣ ਇੰਨੇ ਦੇਸ਼ਾਂ 'ਚ ਬਿਨਾਂ ਵੀਜ਼ਾ ਦੇ ਯਾਤਰਾ ਕਰ ਸਕਣਗੇ ਭਾਰਤੀ ਯਾਤਰੀ

ਇੰਟਰਨੈਸ਼ਨਲ ਡੈਸਕ 15 ਜਨਵਰੀ। ਭਾਰਤੀ ਪਾਸਪੋਰਟ ਦੀ ਗਲੋਬਲ ਮੋਬਿਲਿਟੀ (ਵਿਸ਼ਵ ਪੱਧਰੀ ਪਹੁੰਚ) ਰੈਂਕਿੰਗ ਵਿੱਚ ਵੱਡਾ ਸੁਧਾਰ ਹੋਇਆ ਹੈ। ਬੁੱਧਵਾਰ ਨੂੰ ਜਾਰੀ ਕੀਤੀ ਗਈ 'ਹੈਨਲੇ ਪਾਸਪੋਰਟ ਇੰਡੈਕਸ' 2026 ਦੀ ਰਿਪੋਰਟ ਅਨੁਸਾਰ, ਭਾਰਤੀ ਪਾਸਪੋਰਟ ਨੇ 5 ਸਥਾਨਾਂ ਦੀ ਛਾਲ ਮਾਰੀ ਹੈ। ਹੁਣ ਭਾਰਤੀ ਨਾਗਰਿਕ ਬਿਨਾਂ ਵੀਜ਼ਾ, ਵੀਜ਼ਾ-ਆਨ-ਅਰਾਈਵਲ ਜਾਂ ਈ.ਟੀ.ਏ. ਰਾਹੀਂ ਦੁਨੀਆ ਦੇ 55 ਦੇਸ਼ਾਂ ਦੀ ਯਾਤਰਾ ਕਰ ਸਕਦੇ ਹਨ। ਇਸ ਸੂਚੀ ਵਿੱਚ ਭਾਰਤ 80ਵੇਂ ਸਥਾਨ 'ਤੇ ਪਹੁੰਚ ਗਿਆ ਹੈ, ਜੋ ਕਿ ਅਲਜੀਰੀਆ ਅਤੇ ਨਾਈਜਰ ਦੇ ਨਾਲ ਸਾਂਝਾ ਰੈਂਕ ਹੈ। ਭਾਰਤੀ ਯਾਤਰੀ ਦੱਖਣ-ਪੂਰਬੀ ਏਸ਼ੀਆ, ਅਫਰੀਕਾ, ਕੈਰੇਬੀਅਨ ਅਤੇ ਟਾਪੂ ਦੇਸ਼ਾਂ ਦੇ ਕੁਝ ਹਿੱਸਿਆਂ ਵਿੱਚ ਵੀਜ਼ਾ-ਮੁਕਤ ਪਹੁੰਚ ਦਾ ਆਨੰਦ ਲੈ ਸਕਦੇ ਹਨ। ਹਾਲਾਂਕਿ, ਯੂਰਪ, ਯੂਕੇ, ਅਮਰੀਕਾ, ਕੈਨੇਡਾ ਅਤੇ ਪੂਰਬੀ ਏਸ਼ੀਆ ਦੇ ਵੱਡੇ ਹਿੱਸਿਆਂ ਲਈ ਅਜੇ ਵੀ ਪਹਿਲਾਂ ਤੋਂ ਵੀਜ਼ਾ ਲੈਣਾ ਲਾਜ਼ਮੀ ਹੈ।

# ਮਮਤਾ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ ! ਈਡ ਅਫਸਰਾਂ ਵਿਰੁੱਧ ਦਰਜ ਐਫਆਈਆਰ 'ਤੇ ਲਾਈ ਰੋਕ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 15 ਜਨਵਰੀ। ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ 'ਚ ਆਈ-ਪੈਕ ਦੇ ਦਫ਼ਤਰ 'ਤੇ ਹੋਈ ਈਡੀ ਦੀ ਛਾਪੇਮਾਰੀ ਦਾ ਮਾਮਲਾ ਹੁਣ ਸੁਪਰੀਮ ਕੋਰਟ ਪਹੁੰਚ ਗਿਆ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਮਮਤਾ ਬੈਨਰਜੀ ਸਰਕਾਰ ਨੂੰ ਵੱਡਾ ਝਟਕਾ ਦਿੰਦਿਆਂ ਈਡੀ ਅਧਿਕਾਰੀਆਂ ਵਿਰੁੱਧ ਦਰਜ ਐਫਆਈਆਰ 'ਤੇ ਅਗਲੀ ਸੁਣਵਾਈ ਤੱਕ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਕੇਂਦਰੀ ਏਜੰਸੀ ਦੀ ਜਾਂਚ ਵਿੱਚ ਦਖਲ ਨਹੀਂ ਦਿੱਤਾ ਜਾ ਸਕਦਾ। ਮੁੱਖ ਮੰਤਰੀ ਨੇ ਕੀਤੀ ਸਬੂਤਾਂ ਦੀ 'ਚੋਰੀ' ਸੁਣਵਾਈ ਦੌਰਾਨ ਈਡੀ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਵਿੱਚ ਬੇਹੱਦ ਗੰਭੀਰ ਦੋਸ਼ ਲਗਾਏ। ਉਨ੍ਹਾਂ ਦਾਅਵਾ ਕੀਤਾ ਕਿ ਛਾਪੇਮਾਰੀ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਰਾਜ ਪੁਲਸ ਦੇ ਅਧਿਕਾਰੀਆਂ ਨਾਲ ਖੁਦ ਮੌਕੇ 'ਤੇ ਪਹੁੰਚੇ ਅਤੇ ਜਾਂਚ ਅਧਿਕਾਰੀਆਂ ਦੇ ਲੈਪਟਾਪ, ਮਹੱਤਵਪੂਰਨ ਦਸਤਾਵੇਜ਼ ਅਤੇ ਮੋਬਾਈਲ ਫੋਨ ਜ਼ਬਰਦਸਤੀ ਖੋਹ ਲਏ। ਈਡੀ ਨੇ ਇਸ ਘਟਨਾ ਨੂੰ ਸਬੂਤਾਂ ਦੀ



'ਚੋਰੀ' ਕਰਾਰ ਦਿੱਤਾ ਹੈ। ਈਡੀ ਨੇ ਸੁਪਰੀਮ ਕੋਰਟ ਵਿੱਚ ਪੱਛਮੀ ਬੰਗਾਲ ਦੇ ਡੀਜੀਪੀ ਰਾਜੀਵ ਕੁਮਾਰ ਅਤੇ ਕੋਲਕਾਤਾ ਪੁਲਿਸ ਕਮਿਸ਼ਨਰ ਮਨੋਜ ਕੁਮਾਰ ਵਰਮਾ ਨੂੰ ਤੁਰੰਤ ਮੁਅੱਤਲ ਕਰਨ ਅਤੇ ਉਨ੍ਹਾਂ ਵਿਰੁੱਧ FIR ਦਰਜ ਕਰਨ ਦੀ ਮੰਗ ਕੀਤੀ ਹੈ। ਏਜੰਸੀ ਦਾ ਕਹਿਣਾ ਹੈ ਕਿ ਰਾਜ ਦੀ ਮਸ਼ੀਨਰੀ ਦੀ ਵਰਤੋਂ ਕੇਂਦਰੀ ਏਜੰਸੀਆਂ ਦੇ ਕੰਮ ਵਿੱਚ ਰੁਕਾਵਟ ਪਾਉਣ ਲਈ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਅਭਿਸ਼ੇਕ ਮਨੂ ਸਿੰਘਵੀ ਨੇ ਦਲੀਲ ਦਿੱਤੀ ਕਿ ਈਡੀ ਦੀ ਇਹ ਕਾਰਵਾਈ ਗਲਤ ਇਰਾਦੇ ਨਾਲ ਕੀਤੀ ਗਈ ਹੈ। ਸਿੱਬਲ ਨੇ ਕਿਹਾ ਕਿ ਏਜੰਸੀ ਨੂੰ ਪਤਾ ਸੀ ਕਿ ਉੱਥੇ ਚੋਣਾਂ ਨਾਲ ਸਬੰਧਤ ਗੁਪਤ ਅਤੇ ਸੰਵੇਦਨਸ਼ੀਲ ਦਸਤਾਵੇਜ਼ ਹਨ, ਜਿਸ ਕਾਰਨ ਜਾਣਬੁੱਝ ਕੇ ਛਾਪਾ ਮਾਰਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਮਮਤਾ ਬੈਨਰਜੀ ਕੋਲ ➢-ਸ਼੍ਰੇਣੀ ਦੀ ਸੁਰੱਖਿਆ ਹੈ, ਇਸ ਲਈ ਉਨ੍ਹਾਂ ਦੇ ਨਾਲ ਪੁਲਸ ਅਧਿਕਾਰੀਆਂ ਦਾ ਹੋਣਾ ਜ਼ਰੂਰੀ ਸੀ। ਜਸਟਿਸ ਪੀਕੇ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਇਹ ਇੱਕ ਗੰਭੀਰ ਮੁੱਦਾ ਹੈ ਜੋ ਕਾਨੂੰਨ ਦੇ ਰਾਜ ਨਾਲ ਜੁੜਿਆ ਹੋਇਆ ਹੈ। ਅਦਾਲਤ ਨੇ ਨਿਰਦੇਸ਼ ਦਿੱਤੇ ਹਨ ਕਿ ਸੀਸੀਟੀਵੀ ਫੁਟੇਜ ਅਤੇ ਹੋਰ ਰਿਕਾਰਡਿੰਗਾਂ ਵਾਲੇ ਸਟੋਰੇਜ ਡਿਵਾਈਸਾਂ ਨੂੰ ਸੁਰੱਖਿਅਤ ਰੱਖਿਆ ਜਾਵੇ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਦੋ ਹਫ਼ਤਿਆਂ ਵਿੱਚ ਜਵਾਬ ਮੰਗਿਆ ਹੈ।

# ਨੌਜਵਾਨੀ ਨੂੰ ਕੁਰਾਹੇ ਪਾ ਰਹੀ ਅਜੋਕੀ ਗਾਇਕੀ

ਇਕਵਾਕ ਸਿੰਘ ਪੱਟੀ

ਗੀਤ, ਗੀਤਕਾਰ, ਗਵੱਈਆ ਅਤੇ ਫਿਰ ਸੁਰ, ਲੈਅ, ਤਾਲ ਤੇ ਸਾਜ਼ ਨਾਲ ਮਿਲ ਕੇ ਬਣਦਾ ਹੈ ਮੁਕੰਮਲ ਸੰਗੀਤ। ਸੰਗੀਤ ਵੀ ਹੋਰਨਾਂ ਲੋਕ ਕਲਾਵਾਂ ਵਾਂਗ ਕਲਾ ਦਾ ਹੀ ਇਕ ਰੂਪ ਹੁੰਦਾ ਹੈ। ਇਸ ਨੂੰ ਸਮੁੱਚੀਆਂ ਲਲਿਤ ਕਲਾਵਾਂ ਵਿੱਚੋਂ ਸਭ ਤੋਂ 'ਪ੍ਰਾਚੀਨ ਅਤੇ ਕੁਦਰਤੀ ਕਲਾ' ਮੰਨਿਆ ਗਿਆ ਹੈ। ਸੰਗੀਤ ਦੀਆਂ ਕਈ ਸ਼ੈਲੀਆਂ ਸਮੇਂ-ਸਮੇਂ 'ਤੇ ਵਿਕਸਿਤ ਹੁੰਦੀਆਂ ਰਹੀਆਂ ਹਨ ਅਤੇ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸੰਗੀਤ ਹਮੇਸ਼ਾਂ ਸਮੇਂ ਅਨੁਸਾਰ ਆਪਣੇ ਰੂਪ ਨੂੰ ਬਦਲਦਾ ਰਹਿੰਦਾ ਹੈ ਜਿਸ ਕਾਰਨ ਇਸ ਵਿਚ ਵਿਕਾਸਸ਼ੀਲਤਾ ਦਾ ਗੁਣ ਆਪਣੇ ਆਪ ਸ਼ਾਮਲ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਵਿਚ ਬਹੁਤ ਸਾਰੀਆਂ ਤਬਦੀਲੀਆਂ ਸਮੇਂ-ਸਮੇਂ 'ਤੇ ਦਰਜ ਹੁੰਦੀਆਂ ਰਹਿੰਦੀਆਂ ਹਨ। ਸੰਗੀਤ ਨੂੰ ਰੂਹ ਦੀ ਖ਼ੁਰਾਕ ਦਾ ਦਰਜਾ ਮਿਲਿਆ ਹੋਇਆ ਹੈ। ਸਾਡੀ ਜ਼ਿੰਦਗੀ ਵਿਚ ਸੁਖਦ, ਦੁਖਦ ਅਹਿਸਾਸ ਜਦੋਂ ਉਮੜਦੇ ਹਨ ਤਾਂ ਅਜਿਹੇ ਸਮਿਆਂ ਵਿਚ ਸੰਗੀਤ ਸਾਡੇ ਮਨੋਬਲ ਨੂੰ ਸਥਿਰ ਕਰਨ ਵਿਚ ਮਦਦਗਾਰ ਸਾਬਤ ਹੁੰਦਾ ਹੈ। ਸੰਗੀਤ ਦੀ ਪੇਸ਼ਕਾਰੀ ਚਾਹੇ ਤਾਂ ਹੱਸਦੇ ਨੂੰ ਰੁਆ ਸਕਦੀ ਹੈ ਤੇ ਰੋਂਦੇ ਨੂੰ ਚੁੱਪ ਕਰਵਾ ਸਕਦੀ ਹੈ, ਬਸ਼ਰਤੇ ਸੰਗੀਤ ਨੂੰ ਪੇਸ਼ ਕਰਨ ਵਾਲਾ ਰੂਹ ਨਾਲ ਗਾਉਣ-ਵਜਾਉਣ ਵਾਲਾ ਹੋਵੇ।

### ਸੋਸ਼ਲ ਮੀਡੀਆ ਦੀ ਦੁਰਵਰਤੋਂ

ਮੌਜੂਦਾ ਦੌਰ ਦੀ ਗੱਲ ਕਰੀਏ ਤਾਂ ਸੰਗੀਤ ਸੁਣਨ ਦੇ ਨਾਲ-ਨਾਲ ਵੇਖਣ ਵਾਲੀ ਚੀਜ਼ ਵੀ ਬਣ ਗਿਆ ਹੈ। ਅਜੋਕੇ ਸਮੇਂ ਵਿਚ ਗੀਤ ਸੰਗੀਤ ਨੂੰ ਵੀਡੀਓ ਰਾਹੀਂ ਪੇਸ਼ ਕਰਨ ਵੇਲੇ ਬਹੁਤ ਸਾਰੇ ਨਵੇਂ ਤਜਰਬੇ ਹੋ ਰਹੇ ਹਨ। ਛੋਟੀਆਂ-ਛੋਟੀਆਂ ਕਹਾਣੀਆਂ ਨੂੰ ਗੀਤਾਂ ਰਾਹੀਂ ਦਰਸਾਇਆ ਜਾ ਰਿਹਾ ਹੈ। ਜੋ ਇਕ ਤਰ੍ਹਾਂ ਨਾਲ ਸੁਣਨ-ਵੇਖਣ ਵਾਲਿਆਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਕਿਸੇ ਵੀ ਤਰ੍ਹਾਂ ਦੇ ਆਡੀਓ ਗੀਤ ਨਾਲ ਉਸ ਦੀ ਵੀਡੀਓ ਵੇਖਣ ਦੀ ਲਾਲਸਾ ਸੰਗੀਤਕ ਪ੍ਰੇਮੀਆਂ ਦੇ ਮਨਾਂ ਅੰਦਰ ਬਣੀ ਰਹਿੰਦੀ ਹੈ। ਇਸੇ ਕਾਰਨ ਗੀਤਾਂ ਦੇ ਫਿਲਮਾਂਕਣ ਦਾ ਰੁਝਾਨ ਬਣਿਆ ਹੋਇਆ ਹੈ। ਸਵਾਲ ਇਹ ਹੈ ਕਿ ਸਾਰੇ ਗੀਤਾਂ ਦਾ ਫਿਲਮਾਂਕਣ ਜਾਂ ਗੀਤਾਂ ਦੀ ਸ਼ਬਦਾਵਲੀ ਪਰਿਵਾਰਾਂ ਵਿਚ ਬੈਠ ਕੇ ਵੇਖਣ ਜਾਂ ਸੁਣਨ ਵਾਲੀ ਹੈ ਜਾਂ ਨਹੀਂ? ਟੈਲੀਵਿਜ਼ਨ 'ਤੇ ਕੁਝ ਪੇਸ਼ ਕਰਨ ਲਈ ਸੈਂਸਰ ਬੋਰਡ ਦੇ ਨਿਯਮ ਲਾਗੂ ਹੁੰਦੇ ਹਨ ਪਰ ਸੋਸ਼ਲ ਮੀਡੀਆ 'ਤੇ ਇਹ ਨਿਯਮ ਲਾਗੂ ਹੋਣ ਦੇ ਬਾਵਜੂਦ ਨਹੀਂ ਹੁੰਦੇ, ਇਹੀ ਕਾਰਨ ਹੈ ਹਰ ਚੜ੍ਹਦੀ ਸਵੇਰ ਇੰਟਰਨੈੱਟ 'ਤੇ ਕਈ ਪੰਜਾਬੀ ਗੀਤਾਂ ਦੀਆਂ ਵੀਡੀਓ ਅਪਲੋਡ ਕੀਤੀਆਂ ਜਾ ਰਹੀਆਂ ਹਨ।

### ਸੱਭਿਆਚਾਰ 'ਤੇ ਮਾੜਾ ਅਸਰ

ਅਜੋਕੇ ਗੀਤਾਂ ਦੀ ਅਸੱਭਿਅਕ ਸ਼ਬਦਾਵਲੀ ਬਾਲ ਮਨਾਂ 'ਤੇ ਬਹੁਤ ਮਾੜਾ ਅਸਰ ਪਾਉਂਦੀ ਹੈ। ਪੰਜਾਬੀ ਦੇ ਅਜੋਕੇ ਬਹੁਤ ਸਾਰੇ ਗੀਤਾਂ ਵਿਚਲੀ ਸ਼ਬਦਾਵਲੀ ਪੂਰੀ ਤਰ੍ਹਾਂ ਗੁੰਮਰਾਹਕੁੰਨ ਹੈ, ਜੋ ਬੱਚਿਆਂ ਦੇ ਨਾਲ ਹੀ ਨੌਜਵਾਨ ਵਰਗ ਨੂੰ ਵੀ ਸਹੀ ਰਸਤੇ ਤੋਂ ਭਟਕਾ ਦਿੰਦੀ ਹੈ। ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂ 'ਤੇ ਜਦੋਂ ਗੀਤਾਂ ਜ਼ਰੀਏ ਹਥਿਆਰਾਂ, ਔਰਤਾਂ 'ਤੇ ਅਪਮਾਨਜਨਕ ਟਿੱਪਣੀਆਂ ਤੇ ਨਸ਼ਿਆਂ ਲਈ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਇਸ ਦਾ ਮਾੜਾ ਅਸਰ ਸਾਡੇ ਅਮੀਰ 'ਸੱਭਿਆਚਾਰ' ਅਤੇ ਨੌਜਵਾਨ ਪੀੜ੍ਹੀ 'ਤੇ ਹੁੰਦਾ ਹੈ। ਬਿਨਾਂ ਸ਼ੱਕ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਗਾਇਕਾਂ/ਗੀਤਕਾਰਾਂ ਨੂੰ ਛੱਡ ਕੇ ਬਹੁਤਿਆਂ ਦਾ ਮਕਸਦ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਰੋਧੀ ਲਗਦਾ ਹੈ। ਭਾਵੇਂ ਸਮੇਂ-ਸਮੇਂ ਤੇ ਲੱਚਰ ਗਾਇਕੀ ਵਿਰੁੱਧ ਰੋਸ ਪ੍ਰਗਟ ਕੀਤਾ ਜਾਂਦਾ ਰਹਿੰਦਾ ਹੈ ਪਰ ਇਸ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਕੋਈ ਲਗਾਮ ਨਾ ਹੋਣ ਕਾਰਨ ਇਸ ਵਿਚ ਵਾਧਾ ਹੀ ਹੋਇਆ ਹੈ, ਜੋ ਭਵਿੱਖ ਵਿਚ ਨੌਜਵਾਨ ਵਰਗ ਦਾ ਧਿਆਨ ਭਟਕਾਉਣ 'ਚ ਵੱਡੀ ਭੂਮਿਕਾ ਅਦਾ ਕਰੇਗਾ। ਕੁਝ ਸਮਾਂ ਪਹਿਲਾਂ ਸੱਤਾ ਵੈਰੋਵਾਲੀਏ ਦਾ ਲਿਖਿਆ ਤੇ ਗਾਇਕ ਗੁਰਸ਼ਬਦ ਦੀ ਆਵਾਜ਼ ਵਿਚ ਆਏ ਗੀਤ 'ਕਲਮਾਂ ਫੜੀਆਂ ਤੇ ਲਿਖਣ ਜੁਆਕ ਬਹਿ ਗਏ' ਨੇ ਮੌਜੂਦਾ ਗਾਇਕੀ ਦਸ਼ਾ ਤੇ ਦਿਸ਼ਾ ਬਾਖ਼ੂਬੀ ਪੇਸ਼ ਕੀਤੀ ਹੈ।

### ਕਾਲਜਾਂ 'ਚੋਂ ਬੰਦ ਹੋਣ ਸ਼ੋਅ

ਅੱਜ ਚੰਗੇ ਗੀਤ ਗਾਉਣ ਤੇ ਲਿਖਣ ਦੀ ਬਹੁਤ ਲੋੜ ਹੈ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਕੋਈ ਸੇਧ ਮਿਲ ਸਕੇ, ਉਨ੍ਹਾਂ ਨੂੰ ਆਪਣੇ ਅਮੀਰ ਵਿਰਸੇ ਬਾਰੇ ਜਾਣੂ ਕਰਵਾ ਸਕਣ। ਗਾਇਕਾਂ ਨੂੰ ਅਜਿਹੇ ਗੀਤ ਗਾਉਣੇ ਚਾਹੀਦੇ ਹਨ ਜੋ ਨੌਜਵਾਨ ਪੀੜ੍ਹੀ ਨੂੰ ਗ਼ਲਤ ਕੰਮਾਂ ਦੀ ਬਜਾਏ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਹੋਣ। ਅੱਜ ਕੱਲ੍ਹ ਤਾਂ ਸਾਡੇ ਕਈ ਵਿੱਦਿਅਕ ਅਦਾਰੇ ਵੀ ਅਜਿਹੇ ਲੱਚਰ ਗੀਤ ਗਾਉਣ ਵਾਲਿਆਂ ਨੂੰ ਬੁਲਾ ਕੇ ਉਨ੍ਹਾਂ ਦੇ ਸ਼ੋਅ ਕਰਵਾ ਰਹੇ ਹਨ ਜਿਸ ਦਾ ਹੋਰ ਵੀ ਮਾੜਾ ਅਸਰ ਵਿਦਿਆਰਥੀਆਂ 'ਤੇ ਪੈਂਦਾ ਹੈ। ਇਨ੍ਹਾਂ 'ਤੇ ਕਾਨੂੰਨੀ ਪਾਬੰਦੀ ਲਗਾਈ ਜਾਵੇ ਤਾਂ ਜੋ ਸਕੂਲਾਂ/ਕਾਲਜਾਂ ਵਿਚ ਪੜ੍ਹਨ ਵਾਲੀ ਸਾਡੀ ਅਗਲੀ ਪੀੜ੍ਹੀ ਇਨ੍ਹਾਂ ਦੇ ਪ੍ਰਭਾਵ ਤੋਂ ਬਚ ਸਕੇ। ਇਸ ਤੋਂ ਇਲਾਵਾ ਸਕੂਲਾਂ/ਕਾਲਜਾਂ 'ਚ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਵਿਚ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੇ ਪ੍ਰੋਗਰਾਮ ਜ਼ਰੂਰ ਵਿਖਾਉਣੇ ਚਾਹੀਦੇ ਹਨ ਤੇ ਮਿਆਰੀ ਗੀਤ ਗਾਉਣ ਦੀ ਆਗਿਆ ਦੇਣੀ ਚਾਹੀਦੀ ਹੈ। ਚੰਗਾ ਲਿਖਣ ਤੇ ਗਾਉਣ ਵਾਲਿਆਂ ਨੂੰ ਬਣਦਾ ਮਾਣ ਦੇਣਾ ਚਾਹੀਦਾ ਹੈ ਤਾਂ ਜੋ ਉਹ ਹੋਰ ਵੀ ਵਧੀਆ ਗੀਤ ਪੇਸ਼ ਕਰਨ। •

98150-24920



**ਪੰਜਾਬੀ ਦੇ ਅਜੋਕੇ ਬਹੁਤ ਸਾਰੇ ਗੀਤਾਂ ਦੀ ਅਸੱਭਿਅਕ ਸ਼ਬਦਾਵਲੀ ਬਾਲ ਮਨਾਂ ਉੱਪਰ ਬੇਹੱਦ ਮਾੜਾ ਅਸਰ ਪਾ ਰਹੀ ਹੈ। ਇਨ੍ਹਾਂ ਗੀਤਾਂ ਵਿਚਲੀ ਸ਼ਬਦਾਵਲੀ ਬਹੁਤ ਵਾਰ ਨਸ਼ਿਆਂ ਅਤੇ ਹਥਿਆਰਾਂ 'ਤੇ ਆਧਾਰਿਤ ਹੁੰਦੀ ਹੈ, ਜੋ ਬੱਚਿਆਂ ਦੇ ਨਾਲ-ਨਾਲ ਨੌਜਵਾਨਾਂ ਨੂੰ ਵੀ ਸਹੀ ਰਸਤੇ ਤੋਂ ਭਟਕਾ ਰਹੀ ਹੈ...**

### ਸੰਗੀਤ ਤੇ ਮਨੁੱਖ ਦਾ ਰਿਸ਼ਤਾ

ਗੁਰੂ ਨਾਨਕ ਦੇਵ ਜੀ ਨੇ ਜਦ ਰਾਗ ਦੇ ਨਾਲ ਗੁਰਸ਼ਬਦ ਨੂੰ ਸ਼ਾਮਲ ਕਰਕੇ, ਮਰਦਾਨੇ ਦੀ ਰਬਾਬ ਨਾਲ ਪੇਸ਼ ਕੀਤਾ ਤਾਂ ਅਜਿਹਾ ਅਨੰਦਮਈ ਮਾਹੌਲ ਸਿਰਜਿਆ ਗਿਆ ਮਾਨੋ ਇਹ ਸਾਰੀ ਕੁਦਰਤ, ਮਨੁੱਖਤਾ ਨੂੰ ਸੰਗੀਤਬੱਧ ਕਰਨ ਦਾ ਯਤਨ ਕਰ ਰਹੀ ਹੋਵੇ ਅਤੇ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਵਿਚ ਹੋਵੇ, ਅਜਿਹਾ ਕਲਾਵਾ, ਜਿੱਥੇ ਕੋਈ ਦੁੱਖ ਨਹੀਂ, ਬੱਸ ਸੁੱਖ ਹੀ ਸੁੱਖ, ਅਨੰਦ ਹੀ ਅਨੰਦ। ਅਨੇਕਾਂ ਪ੍ਰਾਚੀਨ ਤੰਤੀ ਸਾਜ਼ਾਂ ਤੋਂ ਹੁੰਦੇ ਹੋਏ ਕਈ ਤਰ੍ਹਾਂ ਦੇ ਪੱਛਮੀ ਸਾਜ਼ਾਂ ਰਾਹੀਂ ਸੰਗੀਤ ਮਨੁੱਖਤਾ ਤਕ ਪਹੁੰਚਿਆ ਹੈ। ਸੰਗੀਤ ਹਮੇਸ਼ਾ ਪਸਰਦਾ ਰਿਹਾ ਹੈ। ਹਰ ਇਨਸਾਨ ਕਿਸੇ ਨਾ ਕਿਸੇ ਰੂਪ ਵਿਚ ਸੰਗੀਤ ਨਾਲ ਜੁੜਿਆ ਰਹਿੰਦਾ ਹੈ। ਇਕ ਬੱਚੇ ਦੇ ਜੰਮਣ ਤੋਂ ਹੀ ਸੰਗੀਤ ਨਾਲ ਉਸ ਦਾ ਸਬੰਧ ਜੁੜ ਜਾਂਦਾ ਹੈ, ਫਿਰ ਉਹ ਲੋਰੀ ਦੇ ਰੂਪ ਵਿਚ ਹੋਵੇ ਜਾਂ ਉਨ੍ਹਾਂ ਛੋਟੇ ਖਿਡੌਣਿਆਂ ਦੇ ਰੂਪ ਵਿਚ ਹੋਵੇ ਜਿਨ੍ਹਾਂ ਦੀ ਛਣਕਾਹਟ ਰੋਂਦੇ ਹੋਏ ਬੱਚੇ ਨੂੰ ਚੁੱਪ ਕਰਵਾਉਣ ਵਿਚ ਉਸ ਦੀ ਮਦਦ ਕਰਦੀ ਹੈ।

---

**ਗੁਰਮੀਤ ਬਾਵਾ ਨੇ ਜ਼ਿੰਦਗੀ ਦੇ ਦੋ-ਤਿਹਾਈ ਵਰ੍ਹੇ ਪੰਜਾਬੀ ਲੋਕ ਗਾਇਕੀ ਨੂੰ ਸਮਰਪਿਤ ਕੀਤੇ ਹਨ। ਉਸ ਨੇ ਗਾਇਕੀ 'ਚ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਸਥਾਪਿਤ ਕੀਤੀਆਂ ਹਨ ਤੇ ਅੱਜ ਵੀ ਤਨਦੇਹੀ ਨਾਲ ਪੰਜਾਬੀ ਗਾਇਕੀ ਦੀ ਸੇਵਾ ਕਰ ਰਹੀ ਹੈ..**



# ਲੋਕ ਗਾਇਕੀ ਦੀ ਬੁਲੰਦ ਆਵਾਜ਼ ਗੁਰਮੀਤ ਬਾਵਾ

ਗੁਰਵਿੰਦਰ ਸਿੰਘ ਚਹਿਲ

ਪੰਜਾਬੀ ਗਾਇਕੀ ਦੇ ਪਿੜ ਵਿਚ ਬਹੁਤ ਸਾਰੇ ਅਜਿਹੇ ਗਾਇਕ ਤੇ ਗਾਇਕਾਵਾਂ ਹਨ, ਜਿਨ੍ਹਾਂ ਦੇ ਨਾਂ ਰਿਕਾਰਡ ਬੋਲਦੇ ਹਨ। ਪੰਜਾਬੀ ਲੋਕ ਗਾਇਕੀ ਦੀ ਅਜਿਹੇ ਗਾਇਕ ਸ਼ਾਨ ਹੁੰਦੇ ਹਨ। ਅੱਜ ਵੀ ਲੋਕ ਅਜਿਹੇ ਕਲਾਕਾਰਾਂ ਨੂੰ ਮਨਾਂ 'ਚ ਸਮੋਈ ਬੈਠੇ ਹਨ। ਅਜਿਹਾ ਹੀ ਇਕ ਨਾਂ ਹੈ ਸਦਾਬਹਾਰ ਗਾਇਕਾ ਗੁਰਮੀਤ ਬਾਵਾ ਦਾ, ਜਿਸ ਨੇ ਆਪਣੀ ਜ਼ਿੰਦਗੀ ਦੇ ਦੋ-ਤਿਹਾਈ ਵਰ੍ਹੇ ਪੰਜਾਬੀ ਲੋਕ ਗਾਇਕੀ ਨੂੰ ਸਮਰਪਿਤ ਕੀਤੇ ਹਨ। ਅੱਜ ਵੀ ਉਹ ਬੜੇ ਜੋਸ਼ੋ-ਖਰੋਸ਼ ਨਾਲ ਪੰਜਾਬੀ ਗਾਇਕੀ ਦੇ ਪਿੜ ਵਿਚ ਮੱਲਾਂ ਮਾਰ ਰਹੀ ਹੈ। ਪਿੰਡ ਬੀਰੋਕੇ ਕਲਾਂ (ਮਾਨਸਾ) ਵਿਖੇ ਇਕ ਪ੍ਰੋਗਰਾਮ 'ਚ ਸ਼ਿਰਕਤ ਕਰਨ ਆਈ ਲੰਬੀ ਹੇਕ ਦੀ ਮਾਲਕ ਗੁਰਮੀਤ ਬਾਵਾ ਨਾਲ ਗੱਲਬਾਤ ਹੋਈ ਤੇ ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਗੁਰਮੀਤ ਬਾਵਾ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਵਿਚ ਕੋਈ ਸੰਗੀਤਕ ਮਹੌਲ ਨਹੀਂ ਸੀ, ਇਹ ਸੌਗਾਤ ਉਨ੍ਹਾਂ ਨੂੰ ਪਰਮਾਤਮਾ ਤੋਂ ਮਿਲੀ ਹੈ। ਉਹ ਤਾਂ ਬਸ ਸਕੂਲ ਵਿਚ ਛੋਟੇ-ਮੋਟੇ ਸਮਾਗਮ ਸਮੇਂ ਸ਼ੌਕ ਨੂੰ ਗਾ ਲੈਂਦੀ ਸੀ। ਫਿਰ ਜਦੋਂ ਉਹ ਸਰਕਾਰੀ ਅਧਿਆਪਿਕਾ ਬਣੀ ਤਾਂ ਇਕ ਵਾਰ ਉਸ ਨੇ ਸਕੂਲ ਵਿਚ ਗੀਤ ਗਾਇਆ ਜਿਸ ਨੂੰ ਸਭ ਨੇ ਸਰਾਹਿਆ। ਉਸੇ ਸਕੂਲ ਵਿਚ ਅਧਿਆਪਕ ਦੇ ਤੌਰ 'ਤੇ ਕੰਮ ਕਰਨ ਵਾਲੇ ਕਿਰਪਾਲ ਸਿੰਘ ਵੀ ਵਧੀਆ ਗਾਉਂਦੇ ਸਨ ਤੇ ਉਨ੍ਹਾਂ ਨੇ ਗਾਇਕੀ ਵਿਚ ਕਈ ਗੋਲਡ ਮੈਡਲ ਜਿੱਤੇ ਸਨ ਪਰ ਉਸ ਦਿਨ ਉਹ ਸਕੂਲ ਨਹੀਂ ਆਏ ਸਨ। ਬਾਅਦ ਵਿਚ ਉਹੀ ਅਧਿਆਪਕ ਉਨ੍ਹਾਂ ਦੇ ਹਮਸਫ਼ਰ ਬਣ ਗਏ ਤੇ ਗਾਇਕੀ ਦੇ ਖੇਤਰ ਵਿਚ ਉਹ ਉਨ੍ਹਾਂ ਦੇ ਉਸਤਾਦ ਵੀ ਬਣੇ। 'ਬਾਵਾ' ਤਖੱਲਸ ਬਾਰੇ ਉਨ੍ਹਾਂ ਦੱਸਿਆ ਕਿ ਇਹ ਤਖੱਲਸ ਉਸ ਦੇ ਪਤੀ ਨੇ ਦਿੱਤਾ ਜੋ ਕਿ ਬਹੁਤ ਵਧੀਆ ਲੋਕ ਗਾਇਕ ਹਨ।

ਗੁਰਮੀਤ ਬਾਵਾ ਨੇ ਕਿਹਾ ਕਿ ਉਸ ਦੇ ਪਤੀ ਪੰਜਾਬੀ ਫੋਕ ਗਾਇਕ ਹੋਣ ਕਾਰਨ ਉਸ ਨੂੰ ਵੀ ਫੋਕ ਗਾਇਕੀ ਗਾਉਣ ਦੀ ਤਰਜੀਹ ਦਿੱਤੀ। ਫਿਰ ਉਸ ਨੇ ਅਲਗੋਜ਼ੇ, ਢੋਲਕੀ, ਚਿਮਟਾ ਤੇ ਤੂੰਬੀ ਆਦਿ ਪੁਰਤਨ ਸਾਜ਼ਾਂ ਨਾਲ ਗਾਉਣ ਵਿਚ ਮੁਹਾਰਤ ਹਾਸਲ ਕੀਤੀ। ਗੁਰਮੀਤ ਬਾਵਾ ਦਾ ਗਾਇਕੀ ਦਾ ਸਫ਼ਰ 1968 ਵਿਚ ਸ਼ੁਰੂ ਹੋਇਆ। ਦੋਗਾਣਾ ਗਾਇਕੀ ਬਾਰੇ ਬਾਵਾ ਨੇ ਕਿਹਾ ਕਿ ਉਸ ਨੇ ਆਪਣੇ ਪਤੀ ਕਿਰਪਾਲ ਬਾਵਾ ਨਾਲ ਹੀ ਕੁਝ ਕੁ ਦੋਗਾਣੇ ਗਾਏ ਹਨ। ਉਹ ਪਹਿਲੀ ਵਾਰ 1970 ਵਿਚ ਰੂਸ ਵਿਖੇ ਸ਼ੋਅ ਪੇਸ਼ ਕਰਨ ਗਏ ਸਨ। ਗੁਰਮੀਤ ਬਾਵਾ ਇਸ ਗੱਲ 'ਤੇ ਮਾਣ ਮਹਿਸੂਸ ਕਰਦੀ ਹੈ ਕਿ ਦੂਰਦਰਸ਼ਨ ਜਲੰਧਰ 'ਤੇ ਗਾਉਣ ਵਾ[...] ਉਹ ਪਹਿਲੀ ਗਾਇਕਾ ਹੈ ਤੇ ਉਨ੍ਹਾਂ ਵੱ[...] ਗਾਈ 'ਜੁਗਨੀ' ਅੱਜ ਵੀ ਸਰੋਤਿਆਂ ਵੱ[...] ਸਲਾਹੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਗੁਰਮੀਤ ਬਾਵਾ ਲਈ ਇਹ ਵੀ ਮਾਣ [...] ਗੱਲ ਹੈ ਕਿ ਉਨ੍ਹਾਂ ਨੇ ਹਿੰਦ-ਪਾਕਿ ਸਰਹੱ[...] 'ਤੇ ਮਸ਼ਹੂਰ ਪਾਕਿਸਤਾਨੀ ਗਾਇ[...] ਆਲਮ ਲੁਹਾਰ ਨਾਲ ਵੀ 'ਜੁਗਨ[...] ਗਾਈ ਹੈ। ਗੁਰਮੀਤ ਬਾਵਾ ਲੰਬੀ ਹੇ[...] ਲਾਉਣ ਲਈ ਜਾਂਣੀ ਜਾਂਦੀ ਹੈ ਉਸ [...] 45 ਸੈਕਿੰਡ ਦੀ ਹੇਕ ਲਗਾ ਕੇ ਰਿਕਾਰ[...] ਵੀ ਬਣਾਇਆ ਹੋਇਆ ਹੈ। ਬਾਵਾ [...] ਦੱਸਿਆ ਕਿ ਉਹ ਹੁਣ ਤਕ ਅਨੇਕਾਂ ਦੇਸ਼[...] ਵਿਚ ਸਫਲ ਸਟੇਜ ਸ਼ੋਅ ਲਗਾ ਚੁੱਕੇ ਹ[...] ਤੇ ਕਈ ਵਾਰ ਤਾਂ ਉਨ੍ਹਾਂ ਨੂੰ ਸਰਕਾਰ [...] ਵੀ ਬਾਹਰ ਸ਼ੋਅ ਲਾਉਣ ਲਈ ਭੇਜਿਆ [...] ਚੰਗੀ ਗਾਇਕੀ ਲਈ ਗੁਰਮੀਤ ਬਾਵ[...] ਦੀ ਝੋਲੀ ਹੁਣ ਤਕ ਕਈ ਪੁਰਸਕਾਰ [...] ਚੁੱਕੇ ਹਨ। ਕਰੀਬ 74 ਸਾਲਾਂ ਦੀ ਹੋ ਚੁੱਕ[...] ਪੰਜਾਬੀ ਗਾਇਕੀ ਦੀ ਇਹ ਮਾਣਮੱਤ[...] ਗਾਇਕਾ ਅੱਜ ਵੀ ਕੰਨ 'ਤੇ ਹੱਥ ਧਰ ਹੇ[...] ਲਗਾਉਂਦੀ ਹੈ ਤਾਂ ਸਾਹਮਣੇ ਬੈਠੇ ਸਰੋ[...] ਅਸ਼-ਅਸ਼ ਕਰ ਉੱਠਦੇ ਹਨ। ਆਸ ਕਰ[...] ਹਾਂ ਕਿ ਜ਼ਿੰਦਗੀ ਦੇ ਤਕਰੀਬਨ 5 ਦਹਾ[...] ਗਾਇਕੀ ਲੇਖੇ ਲਾਉਣ ਵਾਲੀ ਪੰਜਾਬੀ [...] ਸ਼ਾਨ ਗਾਇਕਾ ਗੁਰਮੀਤ ਬਾਵਾ ਅਗਾਂ[...] ਵੀ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ [...] ਸੱਭਿਆਚਾਰ ਦੀ ਸੇਵਾ ਕਰਦੀ ਰਹੇਗੀ।

92561-0004



---



# ਹਾਸਿਆਂ ਦਾ ਬਾਦਸ਼ਾਹ ਗੁਰਵਿੰਦਰ ਸਰਾਂ

ਗੁਰਬਾਜ ਗਿੱਲ

ਹੱਸਣਾ-ਹਸਾਉਣਾ ਚੰਗੀ ਸਿਹਤ ਬਹੁਤ ਜ਼ਰੂਰੀ ਹੈ। ਅੱਜ ਅਸੀਂ ਰੁਝੇਵਿਆਂ 'ਚ ਇਸ ਕਦਰ ਫਸੇ ਹੋਏ ਹਾਂ ਕਿ ਹੱਸਣਾ ਭੁੱਲ ਗਏ ਹਾਂ। ਦੁਨੀਆ 'ਚ ਕੁਝ ਲੋਕ ਅਜਿਹੇ ਵੀ ਹੁੰਦੇ ਨੇ, ਜਿਨ੍ਹਾਂ ਦਾ ਮਕਸਦ ਦੂਜਿਆਂ ਨੂੰ ਖ਼ੁਸ਼ੀ ਦੇਣਾ ਤੇ ਹਸਾਉਣਾ ਹੁੰਦਾ ਹੈ। ਅਜਿਹਾ ਹੀ ਹੈ, ਹਾਸਿਆ ਦਾ ਬਾਦਸ਼ਾਹ ਗੁਰਵਿੰਦਰ ਸਰਾਂ ਉਰਫ਼ 'ਮਿੰਨੀ ਮਿੱਤਲ'। ਗੁਰਵਿੰਦਰ ਦਾ ਜਨਮ ਪਿੰਡ ਪੰਨੀਵਾਲਾ ਰੁਲਦੂ (ਸਿਰਸਾ) ਵਿਖੇ ਫ਼ੌਜੀ ਅਫਸਰ ਮੁਕੰਦ ਸਿੰਘ ਸਰਾਂ ਤੇ ਮਾਤਾ ਬਲਜੀਤ ਕੌਰ ਦੇ ਘਰ ਹੋਇਆ। ਉਸ ਦੇ ਘਰਦਿਆਂ ਨੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਉਹ ਮਿੰਨੀ ਮਿੱਤਲ ਵਜੋਂ ਮਸ਼ਹੂਰ ਹੋਵੇਗਾ। ਗੁਰਵਿੰਦਰ ਦਾ ਝੁਕਾਅ ਬਚਪਨ ਤੋਂ ਹੀ ਐਕਟਿੰਗ ਵੱਲ ਸੀ। ਉਹ ਸਕੂਲੀ ਸਮਾਗਮਾਂ 'ਚ ਐਕਟਿੰਗ ਕਰਦਾ ਰਿਹਾ। ਇਸ ਜਨੂੰਨ ਨੇ ਉਸ ਨੂੰ ਇਕ ਦਿਨ ਦਿੱਲੀ ਪਹੁੰਚਾ ਦਿੱਤਾ, ਜਿੱਥੇ ਉਸ ਨੇ ਗਾਇਕ ਦਲੇਰ ਮਹਿੰਦੀ, ਸੁੱਖਾ ਦਿੱਲੀ ਵਾਲਾ, ਮੀਕਾ ਤੇ ਅਸ਼ੋਕ ਮਸਤੀ ਨਾਲ ਹਾਸਰਸ ਕਲਾਕਾਰ ਵਜੋਂ ਸਟੇਜਾਂ ਸਾਂਝੀਆਂ ਕੀਤੀਆਂ। ਦਿੱਲੀ 'ਚ ਕਾਫ਼ੀ ਸਮਾਂ ਰਹਿਣ ਤੋਂ ਬਾਅਦ ਉਹ ਪੰਜਾਬ ਆ ਗਿਆ ਤੇ ਪੰਜਾਬੀ ਗਾਇਕਾ



ਅੰਮ੍ਰਿਤਾ ਵਿਰਕ ਨਾਲ ਸਟੇਜਾਂ ਸਾਂਝੀਆਂ ਕਰਨ ਲੱਗਾ। ਹੁਣ ਤਕ ਉਹ ਕਈ ਗਾਇਕਾ ਨਾਲ ਸਟੇਜ 'ਤੇ ਕਲਾ ਦੇ ਜੌਹਰ ਵਿਖਾ ਚੁੱਕਾ ਹੈ। ਗੁਰਵਿੰਦਰ ਨੇ ਦੱਸਿਆ ਕਿ ਉਹ ਆਪਣੇ ਉਸਤਾਦ ਮੇਹਰ ਮਿੱਤਲ ਦੀ ਫਿਲਮ 'ਰਾਣੋ' ਤੋਂ ਪ੍ਰਭਾਵਿਤ ਹੋ ਕੇ ਕਾਮੇਡੀ ਵੱਲ ਆਇਆ। ਹੁਣ ਤਕ ਉਹ 'ਭਜਨਾ ਅਮਲੀ ਸੱਪਾਂ ਵਾਲਾ', 'ਠੱਗ ਮੰਗਤੇ', 'ਅਤਰੋ ਨਿਕਲੀ ਠੱਗ', 'ਘਾਲਾ-ਮਾਲਾ', 'ਹੈਵੀਡੇਟ' ਤੇ 'ਮੂਰਖ 420' ਸਮੇਤ 40 ਦੇ ਕਰੀਬ ਕਾਮੇਡੀ ਫਿਲਮਾਂ 'ਚ ਕੰਮ ਕਰ ਚੁੱਕਾ ਹੈ। ਉਸ ਨੇ ਦੱਸਿਆ ਕਿ ਫਿਰ ਉਸ ਦਾ ਮੇਲ ਅਦਾਕਾਰ ਸੁਖਜਿੰਦਰ ਸ਼ੇਰਾ ਨਾਲ ਹੋਇਆ, ਜਿਸ ਨੇ ਉਸ ਨੂੰ ਪੰਜਾਬੀ ਫਿਲਮ 'ਰਹਿਮਤਾਂ' 'ਚ ਮੌਕਾ ਦਿੱਤਾ। ਇਸ ਤੋਂ ਬਾਅਦ ਉਸ ਨੇ 'ਜੱਟ ਇਨ ਮੂਡ', 'ਚੰਨੋ', 'ਆਮ ਆਦਮੀ' ਆਦਿ ਫਿਲਮਾਂ 'ਚ ਕਾਮੇਡੀਅਨ ਕਲਾਕਾਰ ਵਜੋਂ ਭੂਮਿਕਾਵਾਂ ਨਿਭਾਈਆਂ। ਜਲਦੀ ਹੀ ਗੁਰਵਿੰਦਰ 'ਦਿਓ ਵਧਾਈਆਂ', 'ਬਲੈਕ ਐਂਡ ਟੀਵੀ' ਅਤੇ 'ਯਾਰ ਬੇਲੀ' ਆਦਿ ਫਿਲਮਾਂ ਵਿਚ ਨਜ਼ਰ ਆਉਣ ਵਾਲਾ ਹੈ। ਇਸ ਨਾਲ ਉਸ ਦੀ ਅਦਾਕਾਰੀ ਦਾ ਦਾਇਰਾ ਹੋਰ ਵਿਸ਼ਾਲ ਹੋਵੇਗਾ। •

98723-62507

---

# ਪੰਜਾਬੀ ਸਿਨੇਮਾ ਤਰੱਕੀ ਦੀ ਰਾਹ 'ਤੇ ਸਿਮਰਨ ਸਹਿਜਪਾਲ

ਕਾਲਾ ਸਿੰਘ ਸੈਣੀ

ਪੰਜਾਬੀ ਸਿਨੇਮਾ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, ਜਿਸ ਕਾਰਨ ਇਸ ਵਿਚ ਕਈ ਤਬਦੀਲੀਆਂ ਵੀ ਆਈਆਂ ਹਨ। ਇਨ੍ਹਾਂ ਤਬਦੀਲੀਆਂ ਕਾਰਨ ਪੰਜਾਬੀ ਸਿਨੇਮਾ ਵਿਚ ਆਮ ਜ਼ਿੰਦਗੀ ਨਾਲ ਸਬੰਧਤ ਕਹਾਣੀਆਂ ਪਰਦੇ 'ਤੇ ਨਜ਼ਰ ਆਉਣ ਲੱਗੀਆਂ ਹਨ। ਵੱਖ-ਵੱਖ ਮੁੱਦਿਆਂ 'ਤੇ ਫਿਲਮਾਂ ਬਣਨ ਨਾਲ ਪੰਜਾਬੀ ਫਿਲਮਾਂ ਦਾ ਗ੍ਰਾਫ ਉੱਚਾ ਹੋਇਆ ਹੈ। ਇਹ ਵਿਚਾਰ ਅਦਾਕਾਰਾ ਸਿਮਰਨ ਸਹਿਜਪਾਲ ਨੇ ਇਕ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਸਿਮਰਨ ਦਾ ਪਿਛੋਕੜ ਜ਼ਿਲ੍ਹਾ ਰੋਪੜ ਦੇ ਪਿੰਡ ਕਾਈਨੌਰ ਦਾ ਹੈ ਪਰ ਅੱਜ ਕੱਲ੍ਹ ਉਹ ਪਰਿਵਾਰ ਸਮੇਤ ਜਲੰਧਰ ਵਿਖੇ ਰਹਿ ਰਹੀ ਹੈ। ਉਸ ਨੇ ਆਪਣੀ ਪੜ੍ਹਾਈ ਇਥੇ ਹੀ ਪੂਰੀ ਕੀਤੀ। ਸਿਮਰਨ ਨੂੰ ਉਸ ਦੇ ਘਰ ਵਾਲੇ 'ਮਧੂਬਾਲਾ' ਕਹਿ ਕੇ ਬਲਾਉਂਦੇ ਹਨ। ਸਿਮਰਨ ਦਾ ਕਹਿਣਾ ਹੈ ਕਿ ਸੰਸਾਰ ਅੰਦਰ ਕੁੜੀਆਂ ਅੱਜ ਮੁੰਡਿਆਂ ਨਾਲੋਂ ਕਈ ਕਦਮ ਅੱਗੇ ਚੱਲ ਰਹੀਆਂ ਹਨ। ਮਾਪਿਆਂ ਨੂੰ ਆਪਣੀਆਂ ਬੇਟੀਆਂ ਨੂੰ ਆਪਣੇ ਸੁਪਨੇ ਪੂਰੇ ਕਰਨ ਤੋਂ ਹੋੜਨ ਦੀ ਥਾਂ ਹੌਸਲੇ ਬੁਲੰਦ ਕਰਨੇ ਚਾਹੀਦੇ ਹਨ।

ਸਿਮਰਨ ਨੇ ਆਪਣੀ ਪਲੇਠੀ ਪੰਜਾਬੀ ਫਿਲਮ 'ਲੈਦਰ ਲਾਈਫ' ਰਾਹੀਂ ਅਦਾਕਾਰੀ ਦੀ ਗਹਿਰੀ ਛਾਪ ਛੱਡੀ। ਇਸ ਵਿਚਲੇ 'ਫ਼ੌਜਣ' ਦੇ ਕਿਰਦਾਰ ਨੇ ਉਸ ਨੂੰ ਪੰਜਾਬੀ ਸਿਨਮਾ 'ਚ ਸਥਾਪਤ ਕਰ ਦਿੱਤਾ ਤੇ ਉਸ ਨੂੰ ਕਈ ਹੋਰ ਚੰਗੀਆਂ ਫਿਲਮਾਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਹੁਣ ਤਕ ਉਹ 20 ਫਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਚੁੱਕੀ ਹੈ। ਇਨ੍ਹਾਂ ਵਿੱਚੋਂ ਬੰਬੂਕਾਟ, ਟੇਸ਼ਨ, ਕਰੇਜ਼ੀ ਟੱਬਰ, ਸਰਦਾਰ ਸਾਬ੍ਹ, ਲਾਵਾਂ ਫੇਰੇ, ਰੁਪਿੰਦਰ ਗਾਂਧੀ-2, ਡਾਕੂਆਂ ਦਾ ਮੁੰਡਾ, ਕੰਡੇ, ਦੁਸ਼ਮਨ ਤੇ ਸਰਘੀ ਆਦਿ 'ਚ ਉਸ ਦੇ ਕਿਰਦਾਰਾਂ ਨੂੰ ਬੇਹੱਦ ਪਸੰਦ ਕੀਤਾ ਗਿਆ। ਸਿਮਰਨ ਹਿੰਦੀ ਸਿਨੇਮਾ ਨੂੰ 'ਨਿਸ਼ਾਂਤ', 'ਮੰਥਨ', 'ਜਨੂੰਨ' ਅਤੇ 'ਮੰਡੀ' ਵਰਗੀਆਂ ਨੈਸ਼ਨਲ ਐਵਾਰਡ ਫਿਲਮਾਂ ਦੇਣ ਵਾਲੇ ਨਿਰਦੇਸ਼ਕ ਸ਼ਾਮ ਬੈਨੇਗਲ ਦੇ ਨਿਰਦੇਸ਼ਨ ਹੇਠ 2016 'ਚ ਬਣੀ ਫਿਲਮ 'ਜੰਗੇ ਆਜ਼ਾਦੀ' 'ਚ ਵੀ ਅਦਾਕਾਰੀ ਵਿਖਾ ਚੁੱਕੀ ਹੈ। ਇਸ 'ਚ ਸਿਮਰਨ ਦੀ ਅਦਾਕਾਰੀ ਦੀ ਕਾਫ਼ੀ ਤਾਰੀਫ਼ ਹੋਈ ਸੀ।

ਪੰਜਾਬੀ ਸਿਨੇਮਾ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਅਦਾਕਾਰਾ ਸਿਮਰਨ ਸਹਿਜਪਾਲ ਦੀ ਝੋਲੀ ਹੁਣ ਤਕ ਚੰਗੀਆਂ ਭੂਮਿਕਾਵਾਂ ਹੀ ਪਈਆਂ ਹਨ। ਉਹ ਕਲਾ ਦੇ ਖੇਤਰ 'ਚ ਕੁਝ ਵੱਖਰਾ ਕਰਨਾ ਚਾਹੁੰਦੀ ਹੈ। ਸਿਮਰਨ ਨੇ ਕਿਹਾ ਕਿ ਉਹ ਜਾਣਦੀ ਹੈ ਕਿ ਉਸ ਨੂੰ ਆਪਣੇ ਸੁਪਨੇ ਪੂਰੇ ਕਰਨ ਲਈ ਫਿਲਮ ਇੰਡਸਟਰੀ 'ਚ ਕਾਫ਼ੀ ਸੰਘਰਸ਼ ਕਰਨਾ ਪਾਏਗਾ ਪਰ ਉਹ ਇਸ ਤੋਂ ਪਿੱਛੇ ਨਹੀਂ ਹਟੇਗੀ। ਉਸ ਦੀਆਂ ਆਉਣ ਵਾਲੀਆਂ ਫਿਲਮਾਂ 'ਚ 'ਗਦਰੀ ਯੋਧੇ', 'ਆਲ੍ਹਣਾ' ਤੇ 'ਛੱਲੇ ਮੁੰਦੀਆਂ' ਹਨ। ਇਨ੍ਹਾਂ 'ਚ ਉਹ ਵੱਖ-ਵੱਖ ਕਿਰਦਾਰ ਨਿਭਾਏਗੀ। ਹਾਲ ਹੀ 'ਚ ਰਿਲੀਜ਼ ਹੋਈ ਪੰਜਾਬੀ ਫਿਲਮ 'ਮੈਰਿਜ ਪੈਲੇਸ' 'ਚ ਵੀ ਸਿਮਨਰ ਨੇ ਚੰਗੀ ਅਦਾਕਾਰੀ ਪੇਸ਼ ਕੀਤੀ ਹੈ। •

99882-80386



### ਲੜਕੀਆਂ ਨੂੰ ਮਿਲਣ ਮੌਕੇ

**ਸਿਮਰਨ ਦਾ ਕਹਿਣਾ ਹੈ ਕਿ ਅਜੇ ਵੀ ਸਮਾਜ ਵਿਚ ਧੀਆਂ ਨੂੰ ਜੇ ਚੰਗੇ ਮੌਕੇ ਮਿਲਣ ਤਾਂ ਉਹ ਬੇਹੱਤ ਸਕਾਰਾਤਮਕ ਕਰ ਸਕਦੀਆਂ ਹਨ। ਉਸ ਨੇ ਕਿਹਾ ਕਿ ਫਿਲਮਾਂ ਦੇ ਖੇਤਰ ਵਿਚ ਮੈਂ ਆਪਣੇ ਮਾਤਾ-ਪਿਤਾ ਪਾਸੋਂ ਮਿਲੀ ਪ੍ਰੇਰਨਾ ਤੇ ਹੱਲਾਸ਼ੇਰੀ ਦੀ ਬਦੌਲਤ ਹੀ ਅੱਗੇ ਵਧ ਰਹੀ ਹਾਂ।**

---

# ਗਾਇਕ ਤੇ ਸੰਗੀਤਕਾਰ ਮਨੀ ਔਜਲਾ

ਹਰਪ੍ਰੀਤ ਸਿੰਘ ਮਾਂਹਪੁਰ

ਪੰਜਾਬੀ ਸੰਗੀਤ ਦੇ ਖੇਤਰ 'ਚ ਚਰਚਿਤ ਨੌਜਵਾਨ ਗਾਇਕ , ਸੰਗੀਤਕਾਰ ਤੇ ਅਦਾਕਾਰ ਮਨੀ ਔਜਲਾ ਦਾ ਨਾਂ ਅੱਜ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਬਚਪਨ ਤੋਂ ਹੀ ਸੰਗੀਤ ਨਾਲ ਮੋਹ ਰੱਖਣ ਵਾਲੇ ਮਨੀ ਔਜਲਾ ਦਾ ਜਨਮ ਚੰਡੀਗੜ੍ਹ ਵਿਖੇ ਪਿਤਾ ਅਜਾਇਬ ਔਜਲਾ ਤੇ ਮਾਤਾ ਸੁਰਿੰਦਰ ਕੌਰ ਔਜਲਾ ਦੇ ਘਰ ਹੋਇਆ। ਮਨੀ ਇਸ ਮੁਕਾਮ 'ਤੇ ਰਾਤੋ-ਰਾਤ ਨਹੀ ਪੁੱਜਾ ਬਲਕਿ ਡੇਢ ਦਹਾਕੇ ਤੋਂ ਉਹ ਇਸ ਖੇਤਰ 'ਚ ਮਿਹਨਤ ਕਰ ਰਿਹਾ ਹੈ। ਸਕੂਲਾਂ-ਕਾਲਜਾਂ ਵਿਚ ਕੋਰੀਓਗ੍ਰਾਫੀ ਪੇਸ਼ ਕਰਦੇ ਆ ਰਹੇ ਮਨੀ ਨੇ ਸੰਗੀਤ ਦੀ ਤਾਲੀਮ ਸੰਗੀਤਕਾਰ ਤੇ ਗਾਇਕ ਰਾਜਿੰਦਰ ਮੋਹਲੀ ਤੋਂ ਲਈ। ਇਸ ਤੋਂ ਇਲਾਵਾ ਉਹ ਲਗਾਤਾਰ ਛੇ ਸਾਲ ਵੱਖ-ਵੱਖ ਗਾਇਕਾਂ ਨਾਲ ਕੋ-ਸਿੰਗਰ ਵਜੋਂ ਸਟੇਜਾਂ ਸਾਂਝੀਆਂ ਕਰਦਾ ਰਿਹਾ।

ਮਨੀ ਨੂੰ ਟੀਵੀ 'ਤੇ ਆਉਣ ਦਾ ਮੌਕਾ ਪਹਿਲੀ ਵਾਰ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ 'ਸਟਾਰ-ਨਾਈਟ' ਤੋਂ ਮਿਲਿਆ। ਫਿਰ ਉਸ ਦਾ ਗੀਤ 'ਐਵੇਂ ਨਹੀਂ ਜਗ ਤੇ ਹੁੰਦੀਆਂ ਸਲਾਮਾਂ' ਵੀ ਚਰਚਾ ਵਿਚ ਰਿਹਾ। ਇਸ ਤੋਂ ਬਾਅਦ ਮਨੀ ਦੇ ਯੋ ਯੋ ਹਨੀ ਸਿੰਘ ਨਾਲ ਵੀ ਕਈ ਗੀਤ ਆਏ, ਜੋ ਕਾਫ਼ੀ ਮਕਬੂਲ ਹੋਏ। ਇਨ੍ਹਾਂ ਵਿਚ 'ਅਸ਼ਕੇ', 'ਸਿਫ਼ਤਾਂ ਕਰਦਾ ਰਹਿੰਦਾ ਨੀ ਮੁੰਡਾ ਮੁਟਿਆਰ ਦੀਆਂ' ਸਰੋਤਿਆਂ ਵੱਲੋਂ ਖ਼ੂਬ ਪਸੰਦ ਕੀਤੇ ਗਏ। ਮਨੀ ਔਜਲਾ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਪਹਿਲਾ ਭਾਰਤੀ ਪੰਜਾਬੀ ਗਾਇਕ ਹੈ, ਜਿਸ ਨੇ ਬਰਤਾਨਵੀ ਗਾਇਕਾ ਨੈਸਡੀ ਜੌਹਨਜ ਨਾਲ ਹਨੀ ਸਿੰਘ ਦੇ ਸੰਗੀਤ ਵਿਚ ਹੀ ਗੀਤਕਾਰ ਪ੍ਰਗਟ ਲਿੱਧੜਾਂਵਾਲੇ ਦਾ ਲਿਖਿਆ ਗੀਤ 'ਫ਼ਸਲਾਂ ਦੇ ਨਾਂ ਪੁੱਛਦੀ, ਗੋਰੀ ਲੰਡਨ ਤੋਂ ਆਈ ਲਗਦੀ' ਗਾ ਕੇ ਪ੍ਰਸਿੱਧੀ ਹਾਸਲ ਕੀਤੀ। ਇਹ ਗੀਤ ਹੁਣ ਤਕ 'ਯੂ-ਟਿਊਬ' 'ਤੇ 85 ਲੱਖ ਲੋਕਾਂ ਵਲੋਂ ਸੁਣਿਆ ਜਾ ਚੁੱਕਾ ਹੈ। ਮਨੀ ਹੁਣ ਤਕ ਵੱਖ-ਵੱਖ ਟੀਵੀ ਚੈਨਲਾਂ 'ਤੇ ਲਾਈਵ ਪ੍ਰੋਗਰਾਮਾਂ ਜ਼ਰੀਏ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕਾ ਹੈ। ਉਹ ਗਾਉਣ ਦੇ ਨਾਲ ਲਿਖਣ ਦਾ ਸ਼ੌਕ ਵੀ ਰੱਖਦਾ ਹੈ। ਉਸ ਦੀ ਆਪਣੀ ਆਵਾਜ਼ ਵਿਚ ਰਿਕਾਰਡ ਹੋਏ ਖ਼ੁਦ ਦੇ ਲਿਖੇ ਗੀਤ 'ਆ ਜਾ ਸੋਹਣੀਏ' 'ਜੱਟੀ ਰੀਲੋਡਿਡ', 'ਬੁਲਟ' ਆਦਿ ਵੀ ਸਰੋਤਿਆਂ ਨੇ ਕਾਫ਼ੀ ਪਸੰਦ ਕੀਤੇ। ਮਨੀ ਦੇ ਗਾਏ ਹੋਰ ਗੀਤ, 'ਮੇਰਾ ਬਰੇਕਅੱਪ ਹੋ ਗਿਆ ਵੇ, ਕੋਈ ਚੱਕਵੀਂ ਬੀਟ ਵਜਾ ਦੇ', 'ਨੈਕਸਟ ਜਨਰੇਸ਼ਨ ਬੋਲੀਆਂ' ਆਦਿ ਨੌਜਵਾਨਾਂ ਵੱਲੋਂ ਕਾਫ਼ੀ ਪਸੰਦ ਕੀਤੇ ਗਏ। ਕਲਾਵਾਂ ਦੀਆਂ ਮੰਜਲਾਂ ਨੂੰ ਕਲਾਵੇ ਵਿਚ ਲੈਂਦਿਆਂ ਮਨੀ ਬਤੌਰ ਸੰਗੀਤਕਾਰ ਵੀ ਖ਼ੂਬ ਚਮਕਿਆ। ਉਸ ਦੇ ਸੰਗੀਤਕ ਸਫ਼ਰ ਦਾ ਆਗਾਜ਼ ਗੁਰਦੀਪ ਸੈਣੀ ਦੇ ਗੀਤ 'ਕੋਕਾ' ਰਾਹੀਂ ਹੋਇਆ। ਇਸ ਤੋਂ ਬਾਅਦ ਉਹ ਹੁਣ ਤਕ ਨਛੱਤਰ ਗਿੱਲ ਦਾ ਗੀਤ 'ਲੈਕਚਰ ਲਾ ਕੇ ਨਿਕਲੀ' ਪ੍ਰੀਤ ਹਰਪਾਲ ਦਾ 'ਸੂਟ-ਸਾਟ', ਸਤਿੰਦਰ ਸੱਤੀ 'ਗੁਲਾਬੀ ਪੱਗ', ਰੋਸ਼ਨ ਪ੍ਰਿੰਸ 'ਅੱਜ ਬੋਲਦੀ', ਐਮੀ ਵਿਰਕ 'ਪੱਗ ਸੁੱਕਣੀ', ਦਿਲਪ੍ਰੀਤ ਢਿੱਲੋਂ ਦੇ ਗੀਤ 'ਗੱਲ ਖ਼ਾਸ' ਤੋਂ ਇਲਾਵਾ ਪੰਜਾਬੀ ਫਿਲਮ 'ਹੀਰੋ' ਵਿਚ ਵੀ ਇਕ ਗੀਤ ਸੰਗੀਤਬੱਧ ਕੀਤਾ।

ਮਨੀ ਮਸ਼ਹੂਰ ਨਿਰਮਾਤਾ ਅਨੂਪ ਕੁਮਾਰ ਦੀ ਅਗਵਾਈ ਹੇਠ ਭਾਰਤ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਦੁਬਈ, ਸਿੰਗਾਪੁਰ ਆਦਿ ਦੇਸ਼ਾਂ 'ਚ ਸਟੇਜ ਸ਼ੋਅ ਲਗਾ ਚੁੱਕਾ ਹੈ। ਉਸ ਨੇ ਕਈ ਸ਼ੋਅ ਹਨੀ ਸਿੰਘ ਨਾਲ ਵੀ ਲਗਾਏ। ਜਲਦੀ ਹੀ ਉਹ ਨਵੇਂ ਗੀਤ 'ਬੱਲੇ ਨੀ ਬੱਲੇ ਤੇਰੇ' ਨਾਲ ਸਰੋਤਿਆਂ ਦੇ ਰੂਬਰੂ ਹੋਵੇਗਾ। •

98150-99098

**ਮਨੀ ਔਜਲਾ ਕਈ ਨਾਮੀ ਗਾਇਕਾਂ ਨਾਲ ਗਾ ਚੁੱਕਾ ਹੈ। ਉਸ ਦੀ ਅਹਿਮ ਪ੍ਰਾਪਤੀ ਇਹ ਹੈ ਕਿ ਬਰਤਾਨਵੀ ਗਾਇਕਾ ਨੈਸਡੀ ਜੌਹਨਜ ਨਾਲ ਗਾਏ ਗੀਤ 'ਫ਼ਸਲਾਂ ਦੇ ਨਾਂ ਪੁੱਛਦੀ, ਗੋਰੀ ਲੰਡਨ ਤੋਂ ਆਈ ਲਗਦੀ' ਨੇ ਉਸ ਨੂੰ ਵੱਖਰੀ ਪਛਾਣ ਦਿੱਤੀ...**



### ਸ਼ਿਵਾਲਿਕ ਦੀ ਗੋਦ ਵਿੱਚ ਆਯੁਰਵੇਦ ਅਤੇ ਆਧੁਨਿਕ ਨਵੀਨਤਾ ਦਾ ਸਮਾਵੇਸ਼

# ਰਾਸ਼ਟਰੀ ਆਯੁਰਵੇਦ ਸੰਸਥਾਨ ਪੰਚਕੂਲਾ ਆਯੁਰਵੇਦਿਕ ਗਿਆਨ ਅਤੇ ਆਧੁਨਿਕ ਚਿਕਿਤਸਾ ਵਿਗਿਆਨ ਨੂੰ ਦੇ ਰਿਹਾ ਨਵੀਂ ਗਤੀ

**ਪੰਚਕੂਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵਾਲਿਕ ਦੀ ਗੋਦ ਵਿੱਚ ਸਥਾਪਿਤ ਹੋ ਰਿਹਾ ਰਾਸ਼ਟਰੀ ਆਯੁਰਵੇਦ ਸੰਸਥਾਨ (ਐੱਨ.ਆਈ.ਏ.) ਪੰਚਕੂਲਾ ਆਯੁਰਵੇਦਿਕ ਚਿਕਿਤਸਾ ਨੂੰ ਨਵੀਂ ਪਛਾਣ ਦਿਵਾਉਣ ਨਾਲ ਆਧੁਨਿਕ ਨਵੀਨਤਾ ਨੂੰ ਗਤੀ ਦੇ ਰਿਹਾ ਹੈ। ਸੰਸਥਾਨ ਦੀ ਓਪੀਡੀ ਵਿੱਚ ਹਰ ਰੋਜ਼ 500 ਤੋਂ ਵੱਧ ਰੋਗੀ ਆਯੁਰਵੇਦ ਉਪਚਾਰ ਅਤੇ ਪੰਚਕਰਮ ਸੇਵਾਵਾਂ ਤੋਂ ਲਾਭਾਨਵਿਤ ਹੋ ਰਹੇ ਹਨ। ਇਨ੍ਹਾਂ ਹੀ ਨਹੀਂ, ਸੰਸਥਾਨ ਦੇ ਹਸਪਤਾਲ ਵਿੱਚ ਕੁੱਲ 12 ਆਊਟਪੇਸ਼ੈਂਟ ਯੂਨਿਟ ਅਤੇ 100 ਬਿਸਤਰੇ ਵਾਲੀ ਅੰਤਰੰਗ ਇਕਾਈ ਹਨ। ਇਸ ਨਾਲ, ਐੱਨਆਈਏ ਵਿੱਚ ਬੀਏਐੱਮਐੱਸ ਪਾਠਕ੍ਰਮ ਵਿਦੇਸ਼ੀ ਵਿਦਿਆਰਥੀ ਵੀ ਆਯੁਰਵੇਦ ਦੇ ਢੰਗ ਸਿੱਖ ਰਹੇ ਹਨ।

ਰਾਸ਼ਟਰੀ ਆਯੁਰਵੇਦ ਸੰਸਥਾਨ, ਜੈਪੁਰ (ਮਾਨਦ ਵਿਸ਼ਵਵਿਦਿਆਲਿਆ) ਦੇ ਤੱਤਵਾਧਾਨ ਹੇਠ ਆਯੁਸ਼ ਮੰਤਰਾਲੇ ਭਾਰਤ ਸਰਕਾਰ ਦੇ ਅਧੀਨ ਮਾਤਾ ਮਨਸਾ ਦੇਵੀ ਪਰਿਸਰ ਵਿੱਚ ਸਥਿਤ ਰਾਸ਼ਟਰੀ ਆਯੁਰਵੇਦ ਸੰਸਥਾਨ ਪੰਚਕੂਲਾ ਦੀ ਪਰਿਕਲਪਨਾ ਆਯੁਰਵੇਦ ਸਿੱਖਿਆ, ਪ੍ਰਸ਼ਿਕਸ਼ਣ ਅਨੁਸੰਧਾਨ, ਆਧੁਨਿਕ ਚਿਕਿਤਸਾ ਗਿਆਨ ਅਤੇ ਸਮਗਰ ਸਿਹਤ ਪ੍ਰਣਾਲੀ ਕੇਂਦਰ ਵਜੋਂ ਕੀਤੀ ਗਈ ਹੈ। ਕੁੱਲਪਤੀ ਪ੍ਰੋਫੈਸਰ (ਡਾ.) ਸੰਜੀਵ ਸ਼ਰਮਾ ਦੇ ਮਾਰਗਦਰਸ਼ਨ ਵਿੱਚ ਉੱਤਰ ਭਾਰਤ ਦਾ ਸਮਗਰ ਸਿਹਤ ਸੇਵਾਵਾਂ ਅਤੇ ਆਧੁਨਿਕ ਸਿਖਿਅਕ ਚਿਕਿਤਸਾ ਦਾ ਅਨੋਖਾ ਕੇਂਦਰ ਤਿਆਰ ਹੋ ਰਿਹਾ ਹੈ।



ਰਾਸ਼ਟਰੀ ਆਯੁਰਵੇਦ ਸੰਸਥਾਨ ਪੰਚਕੂਲਾ ਦੇ ਸਿੱਖਿਆ ਸੰਸਥਾਨ ਵਿੱਚ ਬੀਏਐੱਮਐੱਸ (ਬੈਚਲਰ ਆਫ ਆਯੁਰਵੇਦ ਮੈਡੀਸਨ ਐਂਡ ਸਰਜਰੀ) ਪਾਠਕ੍ਰਮ ਦੇ ਅਧੀਨ ਦੇਸ਼-ਵਿਦੇਸ਼ ਦੇ ਵਿਦਿਆਰਥੀਆਂ ਨੂੰ ਆਧੁਨਿਕ ਚਿਕਿਤਸਾ ਵਿਗਿਆਨ ਦੇ ਤਾਲਮੇਲ ਨਾਲ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਆਧੁਨਿਕ ਆਧਾਰਭੂਤ ਸੰਰਚਨਾ, ਅਤਿ ਆਧੁਨਿਕ ਸੁਵਿਧਾਵਾਂ ਨਾਲ ਸੁਸੱਜਿਤ ਆਯੁਰਵੇਦ ਸੰਸਥਾਨ ਵਿੱਚ ਵਿਦਿਆਰਥੀ ਉੱਤਮ ਸਿੱਖਿਆ ਅਤੇ ਵਿਵਹਾਰਕ ਅਨੁਭਵ ਪ੍ਰਾਪਤ ਕਰ ਰਹੇ ਹਨ। ਸੰਸਥਾਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਵੀ ਆਯੁਰਵੇਦ ਦੀ ਸਿੱਖਿਆ ਗ੍ਰਹਿਣ ਕਰ ਰਹੇ ਹਨ।

**ਹਰ ਰੋਜ਼ ਪੰਚਕਰਮ, ਈ.ਸੀ.ਜੀ. ਅਤੇ ਨਿਸ਼ੁਲਕ ਬਲੱਡ ਸ਼ੂਗਰ ਦੀ ਜਾਂਚ**

ਰਾਸ਼ਟਰੀ ਆਯੁਰਵੇਦ ਸੰਸਥਾਨ ਪੰਚਕੂਲਾ ਵੱਲੋਂ ਦੀ ਭਾਵਨਾ ਨੂੰ ਸਾਕਾਰ ਕਰਦੇ ਹੋਏ 16 ਅਕਤੂਬਰ 2023 ਤੋਂ ਸਿਹਤ ਸੇਵਾਵਾਂ ਵਿੱਚ ਬਾਹਰੰਗ ਇਕਾਈ, ਪੰਚਕਰਮ, ਈ.ਸੀ.ਜੀ. ਅਤੇ ਨਿਸ਼ੁਲਕ ਬਲੱਡ ਸ਼ੂਗਰ ਦੀ ਹਰ ਰੋਜ਼ ਜਾਂਚ ਕੀਤੀ ਜਾ ਰਹੀ ਹੈ। ਵਰਤਮਾਨ ਵਿੱਚ ਸੰਸਥਾਨ ਦੇ ਹਸਪਤਾਲ ਵਿੱਚ ਕੁੱਲ 12 ਆਊਟਪੇਸ਼ੈਂਟ ਯੂਨਿਟ, 100 ਬਿਸਤਰੇ ਵਾਲੀ ਅੰਤਰੰਗ ਇਕਾਈ ਹਨ। ਚਿਕਿਤਸਾਲੇ ਵਿੱਚ ਰੋਗੀਆਂ ਨੂੰ ਮੁਫ਼ਤ ਉੱਚ ਗੁਣਵੱਤਾ ਯੁਕਤ ਔਸ਼ਧੀਆਂ ਦਾ ਵੰਡ ਕੀਤਾ ਜਾ ਰਿਹਾ ਹੈ। ਚਿਕਿਤਸਾਲੇ ਵਿੱਚ ਸਰੀਰਕ ਇਲਾਜ, ਸ਼ਾਲਾਕਿਆ ਤੰਤਰ (ਨੇਤਰ), ਸ਼ਾਲਾਕਿਆ ਤੰਤਰ (ਈ.ਐੱਨ.ਟੀ.), ਪ੍ਰਸੂਤੀ ਤੰਤਰ ਅਤੇ ਸਤ੍ਰੀ ਰੋਗ, ਸ਼ਲਯ ਤੰਤਰ, ਪੰਚਕਰਮ, ਕੌਮਾਰਭ੍ਰਿਤਯ, ਐਮਰਜੈਂਸੀ, ਸਿਹਤਰੱਖਣ, ਵਿਸ਼ ਚਿਕਿਤਸਾ, ਤਵਕ ਅਤੇ ਸੌਂਦਰਯ ਪ੍ਰਸਾਧਨ ਹੋਰ ਓ.ਪੀ.ਡੀ. ਦੇ ਨਾਲ-ਨਾਲ ਪੰਚਕਰਮ ਥੈਰੇਪੀ, ਫਿਜ਼ੀਓਥੈਰੇਪੀ, ਸ਼ਲਯ ਓ.ਟੀ., ਯੋਗਾ, ਈ.ਸੀ.ਜੀ., ਲੈਬ ਟੈਸਟ, ਅਲਟਰਾਸਾਊਂਡ, ਐਕਸ-ਰੇ ਦੀ ਵੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਚਿਕਿਤਸਾਲੇ ਦੀ ਬਾਹਰੰਗ ਇਕਾਈ ਵਿੱਚ ਔਸਤਨ 500 ਰੋਗੀ ਪ੍ਰਤੀਦਿਨ ਉੱਚ ਗੁਣਵੱਤਾ ਵਾਲੇ ਪਰਾਮਰਸ਼, ਚਿਕਿਤਸਾ, ਪੰਚਕਰਮ ਸੇਵਾਵਾਂ ਆਦਿ ਤੋਂ ਲਾਭਾਨਵਿਤ ਹੋ ਰਹੇ ਹਨ।

**ਆਧੁਨਿਕ ਉਪਕਰਣਾਂ ਨਾਲ ਸੁਸੱਜਿਤ ਹੈ ਪੰਚਕਰਮ ਕੱਖ**

ਰਾਸ਼ਟਰੀ ਆਯੁਰਵੇਦ ਸੰਸਥਾਨ ਆਧੁਨਿਕ ਚਿਕਿਤਸਾ ਉਪਕਰਣਾਂ ਨਾਲ ਵੀ ਸੁਸੱਜਿਤ ਹੈ। ਪੰਚਕਰਮ ਕੱਖ ਵਿੱਚ ਵਮਨ, ਵਿਰੇਚਨ, ਬਸਤੀ, ਸ਼ਿਰੋਧਾਰਾ, ਅਭਿਆਂਗ ਆਦਿ ਉਪਚਾਰ ਦੀ ਸੇਵਾ ਉਪਲਬਧ ਹੈ। ਚਿਕਿਤਸਾਲੇ ਵਿੱਚ ਭਰਤੀ ਰੋਗੀਆਂ ਲਈ ਪ੍ਰਤੀਦਿਨ ਮੁਫ਼ਤ ਪੰਚਕਰਮ ਥੈਰੇਪੀ, ਫਿਜ਼ੀਓਥੈਰੇਪੀ, ਈ.ਸੀ.ਜੀ., ਲੈਬ ਟੈਸਟ, ਅਲਟਰਾਸਾਊਂਡ, ਐਕਸ-ਰੇ, ਯੋਗ ਆਦਿ ਸੁਵਿਧਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ।

ਅਹਿਮ ਪਹਿਲੂ ਇਹ ਹੈ ਕਿ ਵੱਡੀ ਗਿਣਤੀ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਰੋਗੀ ਚਿਕਿਤਸਾਲੇ ਵਿੱਚ ਉਪਚਾਰ ਅਤੇ ਸੇਵਾਵਾਂ ਦਾ ਲਾਭ ਉਠਾ ਰਹੇ ਹਨ।

## ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਗੌਰਮਿੰਟ ਡਰਾਈਵਰ ਅਤੇ ਟੈਕਨੀਕਲ ਇੰਪਲਾਈਜ਼ ਯੂਨੀਅਨ ਦਾ ਨਵੇਂ ਸਾਲ ਦਾ ਕਲੰਡਰ ਜਾਰੀ



**ਲੁਧਿਆਣਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਹਿਮਾਂਸ਼ੂ ਜੈਨ, ਮਾਣਯੋਗ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਪੰਜਾਬ ਗੌਰਮਿੰਟ ਡਰਾਈਵਰ ਅਤੇ ਟੈਕਨੀਕਲ ਇੰਪਲਾਈਜ਼ ਯੂਨੀਅਨ (ਰਜਿ.) ਪੰਜਾਬ ਦਾ ਸਾਲ 2026 ਦਾ ਕਲੰਡਰ ਸਰਕਾਰੀ ਤੌਰ ‘ਤੇ ਜਾਰੀ ਕੀਤਾ ਗਿਆ।

ਇਸ ਮੌਕੇ ਮਾਣਯੋਗ ਡਿਪਟੀ ਕਮਿਸ਼ਨਰ ਨੇ ਯੂਨੀਅਨ ਵੱਲੋਂ ਸਰਕਾਰੀ ਕਰਮਚਾਰੀਆਂ ਦੀ ਭਲਾਈ, ਹੱਕਾਂ ਦੀ ਰੱਖਿਆ ਅਤੇ ਸੇਵਾਵਾਂ ਪ੍ਰਤੀ ਨਿਭਾਈ ਜਾ ਰਹੀ ਜ਼ਿੰਮੇਵਾਰ ਭੂਮਿਕਾ ਦੀ ਸਰਾਹਨਾ ਕੀਤੀ ਅਤੇ ਯੂਨੀਅਨ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਕਲੰਡਰ ਜਾਰੀ ਕਰਨ ਦੇ ਸਮਾਗਮ ਦੌਰਾਨ ਯੂਨੀਅਨ ਦੇ ਪ੍ਰੈਸ ਸਕੱਤਰ ਸ. ਸੁੱਚਾ ਸਿੰਘ, ਸ. ਅੰਮ੍ਰਿਤ ਸਿੰਘ, ਸ. ਗੁਰਮੀਤ ਸਿੰਘ ਸਮੇਤ ਹੋਰ ਸਾਥੀ ਵੀ ਮੌਜੂਦ ਰਹੇ। ਯੂਨੀਅਨ ਆਗੂਆਂ ਵੱਲੋਂ ਮਾਣਯੋਗ ਡਿਪਟੀ ਕਮਿਸ਼ਨਰ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਯੂਨੀਅਨ ਵੱਲੋਂ ਜਾਰੀ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ।

ਯੂਨੀਅਨ ਨੇ ਇਸ ਮੌਕੇ ਦੋਹਰਾਇਆ ਕਿ ਭਵਿੱਖ ਵਿੱਚ ਵੀ ਸਰਕਾਰੀ ਡਰਾਈਵਰਾਂ ਅਤੇ ਟੈਕਨੀਕਲ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਸੰਘਰਸ਼ ਅਤੇ ਸਹਿਯੋਗ ਦੀ ਨੀਤੀ ਅਨੁਸਾਰ ਕੰਮ ਕੀਤਾ ਜਾਂਦਾ ਰਹੇਗਾ।

# ਆਮ ਆਦਮੀ ਪਾਰਟੀ ਅਸਲ ਵਿੱਚ ਇੱਕ ਕ੍ਰਿਮਿਨਲ ਪਾਰਟੀ ਬਣ ਚੁੱਕੀ ਹੈ: ਸਰਬਜੀਤ ਸਿੰਘ ਝਿੰਜਰ

➢ ਭਗਵੰਤ ਮਾਨ ਸਿੱਖ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਬਦਨਾਮ ਕਰਨ ਦੀਆਂ ਸੁਚੱਜੀਆਂ ਸਾਜ਼ਿਸ਼ਾਂ ਰਚ ਰਿਹਾ ਹੈ: ਝਿੰਜਰ ➢ ਸ਼ਰਾਬ ਘੁਟਾਲੇ ਮਾਮਲੇ ਵਿੱਚ ਜੇਲ੍ਹ ਜਾ ਚੁੱਕੇ ਮਨੀਸ਼ ਸਿਸੋਦੀਆ ਅਤੇ ਕੇਜਰੀਵਾਲ ਅੱਜ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀਆਂ ਗੱਲਾਂ ਕਰ ਰਹੇ ਹਨ: ਝਿੰਜਰ

**ਬਠਿੰਡਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਦੀ ਤਿੱਖੀ ਨਿੰਦਿਆ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਅਸਲ ਵਿੱਚ ਇੱਕ ਕ੍ਰਿਮਿਨਲ ਪਾਰਟੀ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਇਹ ਪਾਰਟੀ ਪੰਜਾਬ ਵਿੱਚ ਸੱਤਾ ਵਿੱਚ ਆਈ ਹੈ, ਉਸ ਦਿਨ ਤੋਂ ਹੀ ਸੂਬੇ ਦੀ ਕਾਨੂੰਨ-ਵਿਵਸਥਾ ਦੀਆਂ ਪੂਰੀ ਤਰ੍ਹਾਂ ਧੱਜੀਆਂ ਉੱਡ ਰਹੀਆਂ ਹਨ। ਦਿਨ ਦਿਹਾੜੇ ਚੋਰੀਆਂ, ਸ਼ਰੇਆਮ ਕਤਲ, ਲੁੱਟਾਂ-ਖੋਹਾਂ ਅਤੇ ਡਕੈਤੀਆਂ ਆਮ ਗੱਲ ਬਣ ਚੁੱਕੀਆਂ ਹਨ।

ਸ. ਝਿੰਜਰ ਨੇ ਕਿਹਾ ਕਿ ਮਨੀਸ਼ ਸਿਸੋਦੀਆ ਵੱਲੋਂ ਦਿੱਤੇ ਗਏ ‘ਸਾਮ-ਦਾਮ-ਦੰਡ-ਭੇਦ’ ਵਾਲੇ ਬਿਆਨ ਇਸ ਗੱਲ ਦਾ ਖੁੱਲ੍ਹਾ ਸਬੂਤ ਹਨ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਕਿਸ ਕਿਸਮ ਦੀ ਘਟੀਆ ਤੇ ਜ਼ਬਰਦਸਤੀ ਵਾਲੀ ਰਾਜਨੀਤੀ ਲਾਗੂ ਕਰਨਾ ਚਾਹੁੰਦੀ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੀ ਪੰਜਾਬ ਵਿੱਚ 100 ਤੋਂ ਵੱਧ ਬੇਅਦਬੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ‘ਝਾੜੂ ਸਰਕਾਰ’ ਨੇ ਨਸ਼ਿਆਂ ਅਤੇ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦਿਆਂ ’ਤੇ ਸਿਰਫ਼ ਰਾਜਨੀਤੀ ਕੀਤੀ ਹੈ, ਪਰ ਪਿਛਲੇ ਚਾਰ ਸਾਲਾਂ ਵਿੱਚ ਵਿਕਾਸ ਜਾਂ ਲੋਕ-ਭਲਾਈ ਦਾ ਕੋਈ ਢੁੱਕਵਾਂ ਕੰਮ ਨਹੀਂ ਕੀਤਾ। ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਅਤੇ ਖੋਖਲੇ ਭਾਸ਼ਣਾਂ ਤੱਕ ਸੀਮਿਤ ਰਹੀ ਹੈ।

ਸ. ਝਿੰਜਰ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਜ਼ਿੰਮੇਵਾਰੀ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ’ਤੇ ਸਿੱਧੀ ਤਰ੍ਹਾਂ ਬਣਦੀ ਹੈ।

328 ਪਾਵਨ ਸਰੂਪਾਂ ਦੇ ਮਾਮਲੇ ’ਤੇ ਬੋਲਦਿਆਂ, ਉਨ੍ਹਾਂ ਸਪੱਸ਼ਟ ਕੀਤਾ ਕਿ ਕਮਿਸ਼ਨ ਦੀ ਰਿਪੋਰਟ ਅਨੁਸਾਰ ਇਹ ਮਾਮਲਾ ਬੇਅਦਬੀ ਨਹੀਂ, ਸਗੋਂ ਕੁਝ ਭ੍ਰਿਸ਼ਟ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋਏ ਵਿੱਤੀ ਘਪਲੇ ਦਾ ਹੈ। ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਗਏ ਪਰ ਉਨ੍ਹਾਂ ਦੀ ਬਣਦੀ ਭੇਂਟਾ ਟਰੱਸਟ ਫੰਡਾਂ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਅਤੇ ਨਾ ਹੀ ਬਿੱਲ ਕੱਟੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮਾਮਲੇ ਵਿੱਚ 16 ਦੋਸ਼ੀਆਂ ਖ਼ਿਲਾਫ਼ ਵਿਭਾਗੀ ਕਾਰਵਾਈ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਇਹ ਬੇਅਦਬੀ ਦਾ ਨਹੀਂ, ਪਾਵਨ ਸਰੂਪਾਂ ਨਾਲ ਛੇੜਛਾੜ ਦਾ ਮਾਮਲਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਇਨ੍ਹਾਂ 16 ਦੋਸ਼ੀਆਂ ਵਿੱਚ ਸ਼ਾਮਲ ਜਸਪ੍ਰੀਤ ਸਿੰਘ, ਜਿਸਨੂੰ SGPC ਵੱਲੋਂ ਸਸਪੈਂਡ ਕੀਤਾ ਗਿਆ ਸੀ, ਨੂੰ ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰ ਦਿੱਤਾ, ਪਰ ਇਸ ’ਤੇ ਕਿਸੇ ਵੀ ਪੱਧਰ ’ਤੇ ਸਵਾਲ ਨਹੀਂ ਉਠਾਇਆ ਗਿਆ।



ਸ. ਝਿੰਜਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿੱਖ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਰਚ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨਾਸਤਕ ਹਨ, ਜੋ ਰੱਬ ਦੀ ਹੋਂਦ ’ਤੇ ਭਰੋਸਾ ਨਹੀਂ ਕਰਦੇ। ਭਗਵੰਤ ਮਾਨ ਸ਼ਰਾਬ ਪੀ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਪਹੁੰਚਦਾ ਹੈ ਅਤੇ ਮਾਂ ਦੀ ਸਹੁੰ ਖਾ ਕੇ ਮੁਕਰ ਜਾਂਦਾ ਹੈ।

SIT ਦੇ ਗਠਨ ’ਤੇ ਤਿੱਖੀ ਟਿੱਪਣੀ ਕਰਦਿਆਂ, ਸ. ਝਿੰਜਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਉਭਰ ਰਹੀ ਤਾਕਤ ਤੋਂ ਬੌਖਲਾਈ ਆਪ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਦਖਲ ਦੇਣ ਲਈ ਪੱਖਪਾਤੀ SIT ਬਣਾਈ ਹੈ। ਇਸ SIT ਦਾ ਇਕੋ ਇਕ ਮਕਸਦ ਆਮ ਆਦਮੀ ਪਾਰਟੀ ਦੇ ਰਾਜਨੀਤਿਕ ਏਜੰਡੇ ਤਹਿਤ ਸ. ਸੁਖਬੀਰ ਸਿੰਘ ਬਾਦਲ ਨੂੰ ਝੂਠੇ ਮਾਮਲਿਆਂ ਵਿੱਚ ਫਸਾਉਣਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਸਿਟ ਵਿੱਚ ਜਾਣਬੁੱਝ ਕੇ ਅਜਿਹੇ ਅਧਿਕਾਰੀ ਸ਼ਾਮਲ ਕੀਤੇ ਗਏ ਹਨ, ਜੋ ਆਪ ਪਾਰਟੀ ਦੇ ਇਸ਼ਾਰਿਆਂ ’ਤੇ ਕੰਮ ਕਰਦੇ ਹਨ ਅਤੇ ਸ. ਸੁਖਬੀਰ ਸਿੰਘ ਬਾਦਲ ਨਾਲ ਨਿੱਜੀ ਰੰਜਿਸ਼ ਰੱਖਦੇ ਹਨ। ਉਨ੍ਹਾਂ CP ਗੁਰਪ੍ਰੀਤ ਸਿੰਘ ਭੁੱਲਰ, SP ਹਰਪਾਲ ਸਿੰਘ, SP ਗੁਰਬੰਸ ਸਿੰਘ ਬੈਂਸ ਅਤੇ DSP ਬੇਅੰਤ ਜੁਨੇਜਾ ’ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਸਾਰੇ ਅਫ਼ਸਰ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ।

ਝਿੰਜਰ ਨੇ ਕਿਹਾ ਕਿ ਇਸ ਵਿੱਚ ਸ਼੍ਰੀ ਅੰਮ੍ਰਿਤਸਰ ਸਾਹਿਬ ਦਾ ਸੀਪੀ (CP) ਗੁਰਪ੍ਰੀਤ ਸਿੰਘ ਭੁੱਲਰ ਨੂੰ ਮੈਂਬਰ ਬਣਾਇਆ ਗਿਆ। ਜਦੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ’ਤੇ ਇੱਕ ਪਾਕਿਸਤਾਨੀ ਏਜੰਟ ਨਰਾਇਣ ਸਿੰਘ ਚੌੜਾ ਵੱਲੋਂ ਜਾਨਲੇਵਾ ਹਮਲੇ ਦੀ ਕੋਸ਼ਿਸ਼ ਕੀਤੀ ਗਈ ਸੀ, ਤਾਂ ਗੁਰਪ੍ਰੀਤ ਸਿੰਘ ਭੁੱਲਰ ਨੇ ਛੇ ਘੰਟਿਆਂ ਤੱਕ FIR ਦਰਜ ਕਰਨ ਦੀ ਖੇਚਲ ਤੱਕ ਨਹੀਂ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਰਿਕਾਰਡ ’ਤੇ ਆ ਕੇ ਇਹ ਵੀ ਕਹਿ ਦਿੱਤਾ ਸੀ ਕਿ ਇਹ ਹਮਲਾ ਲੋਕਾਂ ਦੀ ਹਮਦਰਦੀ ਹਾਸਲ ਕਰਨ ਲਈ ਸ. ਸੁਖਬੀਰ ਸਿੰਘ ਬਾਦਲ ਵੱਲੋਂ ਖੁਦ ਕਰਵਾਇਆ ਹੋ ਸਕਦਾ ਹੈ। ਚੌੜਾ ਦੀ ਤਿੰਨ ਮਹੀਨੇ ਬਾਅਦ ਜਮਾਨਤ ਹੋ ਗਈ ਉਸ ਖ਼ਿਲਾਫ਼ ਚਲਾਨ ਪੇਸ਼ ਨਹੀਂ ਕੀਤਾ ਗਿਆ।

ਦੂਜਾ ਸਿੱਟ ਮੈਂਬਰ ਐੱਸਪੀ (SP) ਹਰਪਾਲ ਸਿੰਘ ਸਿੰਘ ਨੂੰ ਬਣਾਇਆ ਗਿਆ। ਇਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ’ਤੇ ਹਮਲਾ ਕਰਨ ਵਾਲੇ ਵਿਅਕਤੀ ਮੁਲਜ਼ਮ ਨਰਾਇਣ ਸਿੰਘ ਚੌੜਾ ਦੀ ਉਸ ਜਗ੍ਹਾ ਦੀ ਰੇਕੀ ਕਰਨ ਦੇ ਵਿੱਚ ਮਦਦ ਕੀਤੀ ਸੀ, ਜਿੱਥੇ ਸ. ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਸੇਵਾ ਨਿਭਾਅ ਰਹੇ ਸਨ।

ਤੀਜਾ SIT ਮੈਂਬਰ ਐੱਸਪੀ ਸਿਟ ਗੁਰਬੰਸ ਸਿੰਘ ਬੈਂਸ ਨੂੰ ਬਣਾਇਆ ਗਿਆ, ਜੋ ਕਿ ਇੱਕ ਦਾਗ਼ੀ ਅਫ਼ਸਰ ਹੈ, ਜਿਸ ਨੂੰ ਅਕਾਲੀ ਸਰਕਾਰ ਦੌਰਾਨ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸਜ਼ਾ ਮਿਲੀ ਸੀ ਅਤੇ ਇਹ ਉਸ \ਸਿਟ ਦਾ ਵੀ ਮੈਂਬਰ ਹੈ, ਜਿਸ ਨੇ ਸ. ਬਿਕਰਮ ਸਿੰਘ ਮਜੀਠੀਆ ਖਿਲਾਫ਼ ਝੂਠਾ ਕੇਸ ਦਰਜ ਕੀਤਾ ਹੈ।

ਚੌਥਾ ਸਿੱਟ ਮੈਂਬਰ - ਡੀਐੱਸਪੀ (DSP) ਬੇਅੰਤ ਜੁਨੇਜਾ ਨੂੰ ਬਣਾਇਆ ਗਿਆ। ਇਹ ਪਟਿਆਲਾ ਦੇ ਆਮ ਆਦਮੀ ਪਾਰਟੀ ਦੇ ਮਨੀਸ਼ ਸਿਸੋਦੀਆਂ ਦੇ ਖਾਸਮਖਾਸ ਇੱਕ ਆਗੂ ਦਾ ਭਰਾ ਹੈ ਅਤੇ ਹਾਲ ਹੀ ਵਿੱਚ ਉਸ ਨੂੰ ਤਰੱਕੀ ਦੇ ਕੇ ਲੁਧਿਆਣਾ ਵਿੱਚ ਡੀਐੱਸਪੀ ਲਗਾਇਆ ਹੈ। ਇਹ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਕਿਸੇ ਦੇ ਵੀ ਖ਼ਿਲਾਫ਼ ਝੂਠਾ ਮਾਮਲਾ ਦਰਜ ਕਰ ਸਕਦਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਜੇ ਅਸੀਂ ਆਮ ਆਦਮੀ ਪਾਰਟੀ ਦੇ ਵਿਰੋਧੀਆਂ ਉੱਤੇ ਮਾਮਲੇ ਦਰਜ ਕਰਾਂਗੇ ਤਾਂ ਸਾਡੀਆਂ ਨੌਕਰੀਆਂ ਬਚੀਆਂ ਰਹਿਣਗੀਆਂ।

ਸ. ਝਿੰਜਰ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਕਿਸੇ ਵੀ ਤਰ੍ਹਾਂ ਦੀਆਂ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ ਅਤੇ ਇਹ ਕਾਰਵਾਈਆਂ ਆਪ ਸਰਕਾਰ ਦੀ ਘਬਰਾਹਟ ਨੂੰ ਦਰਸਾਉਂਦੀਆਂ ਹਨ।

ਅੰਤ ਵਿੱਚ ਉਨ੍ਹਾਂ ਮਨੀਸ਼ ਸਿਸੋਦੀਆ ਅਤੇ ਕੇਜਰੀਵਾਲ ’ਤੇ ਤੰਜ਼ ਕਸਦਿਆਂ ਕਿਹਾ ਕਿ ਸ਼ਰਾਬ ਘੁਟਾਲੇ ਵਿੱਚ ਦੋਵੇਂ ਜੇਲ੍ਹ ਜਾ ਚੁੱਕੇ ਹਨ ਅਤੇ ਅੱਜ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀਆਂ ਗੱਲਾਂ ਕਰ ਰਹੇ ਹਨ। ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਬਾਰੇ ਦਿੱਤੇ ਗਏ ਵਿਵਾਦਿਤ ਬਿਆਨ ’ਤੇ ਬੋਲਦਿਆਂ, ਸ. ਝਿੰਜਰ ਨੇ ਕਿਹਾ ਕਿ ਆਤਿਸ਼ੀ ਖ਼ਿਲਾਫ਼ ਮਾਮਲਾ ਦਰਜ ਹੋਣ ਤੱਕ ਪੂਰੇ ਪੰਜਾਬ ਵਿੱਚ ਸੰਘਰਸ਼ ਜਾਰੀ ਰਹੇਗਾ। ਅੰਤ ਵਿੱਚ ਝਿੰਜਰ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀ ਭਾਈਚਾਰਕ ਸਾਂਝ ਅਤੇ ਧਾਰਮਿਕ ਸੰਸਥਾਵਾਂ ਨੂੰ ਬਚਾਉਣ ਲਈ ਸੱਚ ਅਤੇ ਝੂਠ ਦੀ ਪਛਾਣ ਕਰਨ ਅਤੇ ਆਮ ਆਦਮੀ ਪਾਰਟੀ ਦੀਆਂ ਚਾਲਾਂ ਤੋਂ ਸਾਵਧਾਨ ਰਹਿਣ।

## ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਹੋਏ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਨਤਮਸਤਕ



**ਮਾਛੀਵਾੜਾ ਸਾਹਿਬ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ, ਜਿੱਥੇ ਉਨ੍ਹਾਂ ਸ਼ਰਧਾ ਪੂਰਵਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਵਾ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਨਾਇਬ ਸਿੰਘ ਸੈਣੀ ਨੂੰ ਉਸ ਇਤਿਹਾਸਕ ਜੰਡ ਸਾਹਿਬ ਦੇ ਦਰਸ਼ਨ ਕਰਵਾਉਂਦਿਆਂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਕਿ ਜਿੱਥੇ ਗੁਰੂ ਸਾਹਿਬ ਜੀ ਨੇ ਸਾਰਾ ਪਰਿਵਾਰ ਵਾਰ ਕੇ ’ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ’ ਸ਼ਬਦ ਉਚਾਰਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਉਸ ਪਵਿੱਤਰ ਖੂਹ ਸਾਹਿਬ ਦੇ ਦਰਸ਼ਨ ਵੀ ਕਰਵਾਏ ਗਏ, ਜਿੱਥੇ ਗੁਰੂ ਸਾਹਿਬ ਜੀ ਨੇ ਠੰਢਾ ਮਿੱਠਾ ਜਲ ਛਕਿਆ।

ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਅੱਜ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਇਤਿਹਾਸਕ ਧਰਤੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਗੁਰੂ ਸਾਹਿਬ ਜੀ ਨੇ ਦੇਸ਼, ਸਮਾਜ ਤੇ ਧਰਮ ਲਈ ਜੋ ਕੁਰਬਾਨੀਆਂ ਕੀਤੀਆਂ ਇਤਿਹਾਸ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖੇਗਾ। ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜਾ ਵਿਖੇ ਪਵਿੱਤਰ ਜੰਡ ਸਾਹਿਬ ਵਿਸ਼ਰਾਮ ਕਰ ਕੇ ਵੀ ਸ਼ਬਦਾਂ ਦਾ ਉਚਾਰਨ ਕਰ ਸਾਡੇ ਸਮਾਜ ਨੂੰ ਸੇਧ ਦਿੱਤੀ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਵੱਲੋਂ ਨਾਇਬ ਸਿੰਘ ਸੈਣੀ ਨੂੰ ਸਿਰੋਪਾਓ ਤੇ ਗੁਰੂ ਸਾਹਿਬ ਜੀ ਦਾ ਚਿੱਤਰ ਭੇਟ ਕਰ ਸਨਮਾਨਿਤ ਵੀ ਕੀਤਾ। ਇਸ ਮੌਕੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਚੀਮਾ, ਭਾਜਪਾ ਆਗੂ ਨਿਸ਼ੂ ਸ਼ਰਮਾ, ਆਸ਼ੂ ਸ਼ਰਮਾ, ਸੰਜੀਵ ਲੀਹਲ, ਮੰਡਲ ਪ੍ਰਧਾਨ ਸੁਖਵਿੰਦਰ ਲਾਲ ਸੁੱਖੀ ਸ਼ਰਮਾ, ਰਾਜੇਸ਼ ਲੀਹਲ, ਡਾ. ਸੰਜੀਵ ਗਰਗ, ਕਪਿਲ ਦੇਵ ਤਾਰਾ ਵੀ ਮੌਜੂਦ ਸਨ।

ਸੀ.ਐਮ. ਸੈਣੀ ਨੇ ਕਿਹਾ ਕਿ ਕੁਝ ਸਿਆਸੀ ਆਗੂ ਗੁਰੂ ਸਾਹਿਬਾਨ ਬਾਰੇ ਅਪਸ਼ਬਦ ਬੋਲਦੇ ਹਨ, ਇਹ ਬਹੁਤ ਹੀ ਮੰਦਭਾਗਾ ਹੈ ਕਿਉਂਕਿ ਇਸ ਬਾਰੇ ਤਾਂ ਸੋਚਣਾ ਵੀ ਨਹੀਂ ਚਾਹੀਦਾ। ਜੇਕਰ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀਆਂ ਨਾ ਦਿੰਦੇ ਤਾਂ ਅੱਜ ਇਤਿਹਾਸ ਕੁਝ ਹੋਰ ਹੁੰਦਾ।

ਗੁਰੂ ਸਾਹਿਬਾਨਾਂ ਨੇ ਧਰਮ ਤੇ ਕੌਮ ਦੀ ਖਾਤਰ ਆਪ ਤੇ ਪਰਿਵਾਰ ਕੁਰਬਾਨ ਕਰ ਦਿੱਤਾ, ਜਿਸ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੇ। ਇਸ ਲਈ ਗੁਰੂ ਸਾਹਿਬਾਨਾਂ ਲਈ ਭੱਦੀ ਸ਼ਬਦਾਵਲੀ ਵਰਤਣਾ ਪਾਪ ਹੈ।

**ਕੇਸਰੀ ਦਸਤਾਰ ਸਜਾ ਕੇ ਗੁਰੂ ਘਰ ਪੁੱਜੇ ਸੈਣੀ**

ਨਾਇਬ ਸੈਣੀ ਹਲਕਾ ਸਮਰਾਲਾ ਤੋਂ ਸੀਨੀਅਰ ਭਾਜਪਾ ਆਗੂ ਨਿਸ਼ ਸ਼ਰਮਾ ਦੇ ਸੱਦੇ ’ਤੇ ਮਾਛੀਵਾੜਾ ਸਾਹਿਬ ਪੁੱਜੇ ਸਨ। ਉਹ ਕੇਸਰੀ ਦਸਤਾਰ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ। ਉਨ੍ਹਾਂ ਵੱਲੋਂ ਗੁਰੂ ਘਰ ’ਚ ਜੋ ਕਾਰ ਸੇਵਾ ਵਾਲੇ ਬਾਬਾ ਜੀ ਦੀ ਟੋਕਰੀ ਸੀ, ਉਸ ’ਚ ਸ਼ਰਧਾ ਅਨੁਸਾਰ ਭੇਟਾ ਦਿੱਤੀ। ਇਸ ਤੋਂ ਇਲਾਵਾ ਉਹ ਜਾਂਦੇ ਸਮੇਂ ਮਾਛੀਵਾੜਾ ਵਿਖੇ ਸਥਿਤ ਭਾਜਪਾ ਦਫ਼ਤਰ ਵਿਖੇ ਰੁਕੇ, ਜਿੱਥੇ ਮੰਡਲ ਪ੍ਰਧਾਨ ਸੁੱਖੀ ਸ਼ਰਮਾ ਵੱਲੋਂ ਉਨ੍ਹਾਂ ਦਾ ਸਵਾਗਤ ਕਰ ਸਨਮਾਨਿਤ ਕੀਤਾ। ਮੁੱਖ ਮੰਤਰੀ ਭਾਜਪਾ ਵਰਕਰਾਂ ਨੂੰ ਵੀ ਮਿਲੇ, ਜਿਨ੍ਹਾਂ ਨੂੰ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਜਲੰਧਰ ਵਿਖੇ 178 ਸਾਲ ਪੁਰਾਣੀ ਵਿਰਾਸਤੀ ਕੋਠੀ ਬਣੀ ਮੁੱਖ ਮੰਤਰੀ ਦਾ ਨਵਾਂ ਘਰ

**ਜਲੰਧਰ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਬੀਤੇ ਦਿਨ ਪੁਰਾਣੀ ਬਾਰਾਦਰੀ ਸਥਿਤ ਆਪਣੇ ਦੂਜੇ ਸਰਕਾਰੀ ਘਰ ਵਿੱਚ, ਉਨ੍ਹਾਂ ਲਈ ਰਾਖਵਾਂ ਕੀਤੇ ਜਾਣ ਤੋਂ ਲਗਪਗ 16 ਮਹੀਨਿਆਂ ਬਾਅਦ, ਪੁੱਜ ਗਏ ਹਨ। ਜਿੱਥੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਲੋਕ ਨਿਰਮਾਣ ਵਿਭਾਗ (PWD) ਦੇ ਅਧਿਕਾਰੀਆਂ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਨੂੰ ਨਵੇਂ ਘਰ ਤੱਕ ਲੈ ਕੇ ਆਏ।

ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ, ਜੋ ਫਿਲੌਰ ਨੇੜੇ ਲੋਹੜੀ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਜਲੰਧਰ ਆਏ ਸਨ, ਬਾਅਦ ਵਿੱਚ ਉਨ੍ਹਾਂ ਨਾਲ ਸ਼ਾਮਲ ਹੋਏ। ਮੁੱਖ ਮੰਤਰੀ ਵੱਲੋਂ ਅੱਜ ਇਸ ਘਰ ਵਿੱਚ ’ਲੋਕ ਮਿਲਣੀ’ ਪ੍ਰੋਗਰਾਮ ਕਰਨ ਦੀ ਸੰਭਾਵਨਾ ਹੈ। ਉਨ੍ਹਾਂ ਦੇ ਘਰ ਦੇ ਸਾਹਮਣੇ ਖੁੱਲ੍ਹੀ ਜਗ੍ਹਾ ਵਿੱਚ ਅਸਥਾਈ ਜਰਮਨ ਟੈਂਟ ਲਗਾਏ ਗਏ ਹਨ। ’ਲੋਕ ਮਿਲਣੀ’ ਦੇ ਸੁਨੇਹੇ ਵਿਧਾਇਕਾਂ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜਾਂ ਰਾਹੀਂ ਲੋਕਾਂ ਤੱਕ ਪਹੁੰਚਾਏ ਗਏ। ਇਹ ’ਲੋਕ ਮਿਲਣੀ’ ਦੁਪਹਿਰ ਤੱਕ ਜਾਰੀ ਰਹੇਗੀ, ਜਿਸ ਤੋਂ ਬਾਅਦ ਮੁੱਖ ਮੰਤਰੀ ਦੇ ਇੱਥੋਂ ਰਵਾਨਾ ਹੋਣ ਦੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਜੂਨ 2024 ਦੀ ਜਲੰਧਰ ਪੱਛਮੀ ਜ਼ਿਮਨੀ ਚੋਣ ਦੌਰਾਨ ਕੰਟੋਨਮੈਂਟ ਨੇੜੇ ਰਾਇਲ ਐਸਟੇਟ ਵਿੱਚ ਇੱਕ ਕਿਰਾਏ ਦੇ ਮਕਾਨ ਵਿੱਚ ਰਹੇ ਸਨ, ਜਿੱਥੇ ਉਨ੍ਹਾਂ ਨੇ ’ਸਰਕਾਰ ਤੁਹਾਡੇ ਦੁਆਰ’ ਬੈਨਰ ਹੇਠ ਜਨਤਕ ਮੀਟਿੰਗਾਂ ਕੀਤੀਆਂ ਸਨ ਅਤੇ ਉਹ ਘਰ ਉਨ੍ਹਾਂ ਨੇ ਇੱਕ ਸਾਲ ਪਹਿਲਾਂ ਖਾਲੀ ਕਰ ਦਿੱਤਾ ਸੀ।



ਸ਼ਹਿਰ ਦੇ ਪੁਰਾਣੇ ਬਾਰਾਂਦਰੀ ਇਲਾਕੇ ਵਿੱਚ ਸਥਿਤ ਮਕਾਨ ਨੰਬਰ 1, 1857 ਦੀ ਆਜ਼ਾਦੀ ਦੀ ਪਹਿਲੀ ਜੰਗ ਤੋਂ ਵੀ ਪੁਰਾਣਾ ਹੈ। ਦਰਅਸਲ, ਜਲੰਧਰ ਡਿਵੀਜ਼ਨ ਦੇ ਪਹਿਲੇ ਬ੍ਰਿਟਿਸ਼ ਕਮਿਸ਼ਨਰ, ਸਰ ਜੌਨ ਲਾਰੈਂਸ, 1848 ਵਿੱਚ ਇਸ ਘਰ ਵਿੱਚ ਆਏ ਸਨ - ਉਦੋਂ ਤੱਕ, ਜਲੰਧਰ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦਾ ਹਿੱਸਾ ਸੀ - ਜਦੋਂ ਇਸਨੂੰ ਵਿਲੱਖਣ ਨਾਨਕਸ਼ਾਹੀ ਇੱਟਾਂ ਅਤੇ ਚੂਨੇ ਦੇ ਪੱਥਰ ਨਾਲ ਬਣਾਇਆ ਗਿਆ ਸੀ, ਜੋ ਉਸ ਸਮੇਂ ਦੀ ਪ੍ਰਚਲਿਤ ਇਮਾਰਤ ਸਮੱਗਰੀ ਸੀ।

ਇਹ 178 ਸਾਲ ਪੁਰਾਣੀ ਹਰੀ-ਭਰੀ ਜਾਇਦਾਦ ਬ੍ਰਿਟਿਸ਼ ਕਾਲ ਦੇ ਅਧਿਕਾਰੀ ਸਰ ਜੌਹਨ ਲਾਰੈਂਸ ਦੇ 1848 ਵਿੱਚ ਇੱਥੇ ਆਉਣ ਤੋਂ ਬਾਅਦ 140 ਕਮਿਸ਼ਨਰਾਂ ਦਾ ਨਿਵਾਸ ਰਹੀ ਹੈ। ਗੁਰਪ੍ਰੀਤ ਸਪਰਾ ਆਪਣੀ ਬਦਲੀ ਤੋਂ ਪਹਿਲਾਂ ਇੱਥੇ ਰਹਿਣ ਵਾਲੀ ਆਖਰੀ ਕਮਿਸ਼ਨਰ ਸੀ। ਪ੍ਰਦੀਪ ਕੁਮਾਰ ਸਭਰਵਾਲ ਰਿਟਾਇਰਮੈਂਟ ਤੋਂ ਪਹਿਲਾਂ ਜਲੰਧਰ ਵਿੱਚ ਆਪਣੀ ਆਖਰੀ ਤਾਇਨਾਤੀ ਦੌਰਾਨ ਆਪਣੇ ਨਿੱਜੀ ਘਰ ਵਿੱਚ ਰਹਿੰਦੇ ਸਨ। ਇਸ ਤੋਂ ਬਾਅਦ ਕਮਿਸ਼ਨਰ ਅਰੁਣ ਸੇਖੜੀ ਅਤੇ ਹੁਣ ਰਾਮਵੀਰ ਸਿੰਘ ਕੋਲ ਜਲੰਧਰ ਦਾ ਵਾਧੂ ਚਾਰਜ ਹੈ ਅਤੇ ਉਸੇ ਕਾਲੋਨੀ ਵਿੱਚ ਉਨ੍ਹਾਂ ਲਈ ਇੱਕ ਹੋਰ ਘਰ ਰਾਖਵਾਂ ਕੀਤਾ ਗਿਆ ਸੀ।

ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ, ਜਿਨ੍ਹਾਂ ਨੇ ਘਰ ਨੂੰ ਤਿਆਰ ਕਰਵਾਇਆ, ਨੇ ਦੱਸਿਆ ਕਿ ਕਿਉਂਕਿ ਇਹ 2002-03 ਤੋਂ ਇੱਕ ‘ਸੁਰੱਖਿਅਤ ਇਮਾਰਤ’ ਸੀ, ਇਸ ਲਈ ਉਨ੍ਹਾਂ ਨੇ ਕੋਈ ਵੱਡੀ ਮੁਰੰਮਤ ਨਹੀਂ ਕੀਤੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੇ ਸਿਰਫ ਤਾਜ਼ਾ ਪੇਂਟ ਕਰਵਾਇਆ ਹੈ, ਨਵੀਆਂ ਸੈਨੀਟਰੀ ਫਿਟਿੰਗਾਂ ਲਗਾਈਆਂ ਹਨ, ਚਾਰੇ ਪਾਸੇ ਨਵੇਂ ਸੁਰੱਖਿਆ ਪਿਕਟ ਬਣਾਏ ਹਨ, ਖੁੱਲ੍ਹੀਆਂ ਥਾਵਾਂ ’ਤੇ ਕੁਝ ਅਸਥਾਈ ਕੈਨੋਪੀਆਂ ਅਤੇ ਗਜ਼ੀਬੋ ਬਣਾਏ ਹਨ, ਵਾਲੀਬਾਲ ਕੋਰਟ ਸਥਾਪਤ ਕੀਤੀ ਹੈ ਅਤੇ ਨਵਾਂ ਫਰਨੀਚਰ ਲਗਾਇਆ ਹੈ।

ਇਸ ਘਰ ਵਿੱਚ ਪਹਿਲਾਂ ਹੀ ਇੱਕ ਝੀਲ, ਖੇਤੀਬਾੜੀ ਦੇ ਖੇਤ ਅਤੇ ਆਲੇ ਦੁਆਲੇ ਆਲੀਸ਼ਾਨ ਬਾਗ ਹਨ। ਇਹ ਚਾਰ ਡਰਾਇੰਗ ਰੂਮ, ਚਾਰ ਬੈੱਡਰੂਮ, ਤਿੰਨ ਦਫਤਰੀ ਕਮਰੇ, ਇੱਕ ਬਾਹਰੀ ਬੰਦ ਬਰਾਂਡਾ ਅਤੇ ਸਹਾਇਕ ਸਟਾਫ ਲਈ 10 ਦੋ-ਕਮਰਿਆਂ ਵਾਲੇ ਫਲੈਟਾਂ ਨਾਲ ਲੈਸ ਹੈ।

## ਪੰਜਾਬ ਦੇ ਸ਼ਹਿਰਾਂ ’ਚ ਕੜਾਕੇ ਦੀ ਠੰਢ

### ਗੁਰੂਗ੍ਰਾਮ ਅਤੇ ਬਠਿੰਡਾ 0.6 ਤਾਪਮਾਨ ਨਾਲ ਸਭ ਤੋਂ ਠੰਢਾ ਇਲਾਕਾ ਰਿਹਾ



**ਚੰਡੀਗੜ੍ਹ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਭਾਰਤ ਵਿੱਚ ਸੀਤ ਲਹਿਰ ਦਾ ਪ੍ਰਕੋਪ ਜਾਰੀ ਹੈ। ਰਾਜਧਾਨੀ ਚੰਡੀਗੜ੍ਹ ਸਮੇਤ ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਆਮ ਨਾਲੋਂ ਕਾਫ਼ੀ ਹੇਠਾਂ ਦਰਜ ਕੀਤਾ ਜਾ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਠੰਢ ਨਾਲ ਨਜਿੱਠਣਾ ਪੈ ਰਿਹਾ ਹੈ। ਮੌਸਮ ਵਿਭਾਗ ਦੀ ਮੰਨੀਏ ਤਾਂ ਆਗਾਮੀ ਕੁੱਝ ਦਿਨਾਂ ਤੱਕ ਠੰਢ ਤੋਂ ਰਾਹਤ ਮਿਲਦੀ ਦਿਖਾਈ ਨਹੀਂ ਦੇ ਰਹੀ।

ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 3.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਪਿਛਲੇ ਦਿਨਾਂ ਦੇ ਮੁਕਾਬਲੇ 1.7 ਡਿਗਰੀ ਘੱਟ ਹੈ। ਇਹ ਤਾਪਮਾਨ ਆਮ ਨਾਲੋਂ ਲਗਭਗ 3.6 ਡਿਗਰੀ ਸੈਲਸੀਅਸ ਹੇਠਾਂ ਚੱਲ ਰਿਹਾ ਹੈ। ਉੱਥੇ ਹੀ ਚੰਡੀਗੜ੍ਹ ਏਅਰਪੋਰਟ ਇਲਾਕੇ ਵਿੱਚ ਘੱਟੋ-ਘੱਟ ਤਾਪਮਾਨ 4.6 ਡਿਗਰੀ ਸੈਲਸੀਅਸ ਰਿਹਾ। ਸਵੇਰੇ ਅਤੇ ਸ਼ਾਮ ਚੱਲਦੀਆਂ ਠੰਢੀਆਂ ਹਵਾਵਾਂ ਨੇ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਿਲ ਕਰ ਦਿੱਤਾ ਹੈ। ਪੰਜਾਬ ਭਰ ਵਿੱਚ ਵੀ ਠੰਢ ਅਤੇ ਸੰਘਣੀ ਧੁੰਦ ਨੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ। ਪਹਿਲਾਂ ਨਾਲੋਂ ਤਾਪਮਾਨ ਵਿੱਚ1.2 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਹੈ। ਪੰਜਾਬ ਦਾ ਸਭ ਤੋਂ ਠੰਢਾ ਇਲਾਕਾ ਬਠਿੰਡਾ ਰਿਹਾ ਹੈ, ਜਿੱਥੇ ਤਾਪਮਾਨ ਸਿਰਫ਼ 0.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 4.4 ਡਿਗਰੀ ਘੱਟ ਹੈ। ਅੰਮ੍ਰਿਤਸਰ ਵਿੱਚ 1.1, ਫਰੀਦਕੋਟ ਵਿੱਚ 1.8, ਗੁਰਦਾਸਪੁਰ ਵਿੱਚ 2.0, ਲੁਧਿਆਣਾ ਵਿੱਚ 4.2 ਅਤੇ ਪਟਿਆਲਾ ਵਿੱਚ 4.3 ਡਿਗਰੀ ਸੈਲਸੀਅਸ ਤਾਪਮਾਨ ਰਿਹਾ। ਸਮੁੱਚੇ ਪੰਜਾਬ ਵਿੱਚ ਤਾਪਮਾਨ ਆਮ ਨਾਲੋਂ ਕਰੀਬ 2.7 ਡਿਗਰੀ ਸੈਲਸੀਅਸ ਹੇਠਾਂ ਦਰਜ ਕੀਤਾ ਗਿਆ ਹੈ।

# ਰਾਣਾ ਬਲਾਚੌਰੀਆ ਕਤਲ ਕੇਸ; ਪੱਛਮੀ ਬੰਗਾਲ ਤੋਂ ਦੋ ਸ਼ੂਟਰਾਂ ਸਮੇਤ ਤਿੰਨ ਦੋਸ਼ੀ ਕਾਬੂ

➢ ਸਿੱਕਮ ਪੁਲਿਸ, ਮੁੰਬਈ ਪੁਲਿਸ, ਪੱਛਮੀ ਬੰਗਾਲ ਐਸਟੀਐਫ, ਕੇਂਦਰੀ ਏਜੰਸੀਆਂ ਅਤੇ ਸਥਾਨਕ ਹਾਵੜਾ ਪੁਲਿਸ ਦੀ ਸਹਾਇਤਾ ਨਾਲ ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ ➢ ਮਾਮਲੇ ਨੂੰ ਮੁਕੰਮਲ ਤੌਰ ‘ਤੇ ਸੁਲਝਾਉਣ ਲਈ ਬਾਕੀ ਸਾਥੀਆਂ ਦੀ ਪਛਾਣ ਕਰਨ ਅਤੇ ਕਾਬੂ ਕਰਨ ਲਈ ਯਤਨ ਜਾਰੀ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਮਹਾਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ ਅਤੇ ਸਿੱਕਮ ਵਿੱਚ ਖੁਫੀਆ ਜਾਣਕਾਰੀ ਅਧਾਰਤ ਕੀਤੀ ਕਾਰਵਾਈ ਸਦਕਾ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੀ ਟੀਮ ਨੇ ਪੱਛਮੀ ਬੰਗਾਲ ਦੇ ਹਾਵੜਾ ਤੋਂ ਕਬੱਡੀ ਪ੍ਰਮੋਟਰ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਵਿੱਚ ਸ਼ਾਮਲ ਦੋ ਸ਼ੂਟਰਾਂ ਅਤੇ ਉਨ੍ਹਾਂ ਦੇ ਸਾਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨ ਪਾਠਕ ਉਰਫ਼ ਕਰਨ ਡਿਫਾਲਟਰ ਵਾਸੀ ਅੰਮ੍ਰਿਤਸਰ; ਤਰਨਦੀਪ ਸਿੰਘ ਵਾਸੀ ਬਰ੍ਹੇਵਾਲ, ਲੁਧਿਆਣਾ ਅਤੇ ਆਕਾਸ਼ਦੀਪ ਵਾਸੀ ਉੱਪਲ, ਤਰਨ ਤਾਰਨ ਵਜੋਂ ਹੋਈ ਹੈ। ਮੁਲਜ਼ਮਾਂ ਨੂੰ ਸਿੱਕਮ ਪੁਲਿਸ, ਮੁੰਬਈ ਪੁਲਿਸ, ਪੱਛਮੀ ਬੰਗਾਲ ਐਸਟੀਐਫ, ਕੇਂਦਰੀ ਏਜੰਸੀਆਂ ਅਤੇ ਸਥਾਨਕ ਹਾਵੜਾ ਪੁਲਿਸ ਦੀ ਸਹਾਇਤਾ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 15 ਦਸੰਬਰ, 2025 ਨੂੰ ਸੋਹਾਣਾ, ਐਸਏਐਸ ਨਗਰ ਵਿਖੇ ਇੱਕ ਕਬੱਡੀ ਟੂਰਨਾਮੈਂਟ ਦੌਰਾਨ ਹਮਲਾਵਰਾਂ ਨੇ ਰਾਣਾ ਬਲਾਚੌਰੀਆ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਮਾਮਲੇ ਵਿੱਚ ਹੁਣ ਤੱਕ ਕੁੱਲ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਬਾਕੀ ਦੋ ਮੁਲਜ਼ਮਾਂ ਦੀ ਪਛਾਣ ਐਸ਼ਦੀਪ ਸਿੰਘ ਅਤੇ ਦਵਿੰਦਰ ਵਜੋਂ ਹੋਈ ਹੈ।



ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਕਰਨ ਪਾਠਕ ਅਤੇ ਤਰਨਦੀਪ ਸਿੰਘ ਸ਼ੂਟਰ ਹਨ ਜਦੋਂਕਿ ਆਕਾਸ਼ਦੀਪ ਵਿਦੇਸ਼ੀ ਹੈਂਡਲਰ ਅਮਰ ਖਾਬੇ ਰਾਜਪੂਤਾ ਦੇ ਨਜ਼ਦੀਕੀ ਰਿਸ਼ਤੇਦਾਰ ਹੈ ਅਤੇ ਉਸ ਨੂੰ ਸ਼ੂਟਰਾਂ ਨੂੰ ਪਨਾਹ ਅਤੇ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਅਗਲੇਰੀ ਜਾਂਚ ਲਈ ਪੰਜਾਬ ਲਿਆਂਦਾ ਜਾ ਰਿਹਾ ਹੈ। ਡੀਜੀਪੀ ਨੇ ਕਿਹਾ ਕਿ ਮਾਮਲੇ ਦੀ ਗੁੱਥੀ ਸੁਲਝਾਉਣ ਲਈ ਉਸਦੇ ਬਾਕੀ ਸਾਥੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਇਸ ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਏਜੀਟੀਐਫ ਗੁਰਮੀਤ ਸਿੰਘ ਚੌਹਾਨ ਨੇ ਕਿਹਾ ਕਿ ਸੰਗਠਿਤ, ਗੈਂਗਸਟਰਾਂ ਦੀ ਆਪਸੀ ਦੁਸ਼ਮਣੀ ਅਤੇ ਵਿਦੇਸ਼-ਅਧਾਰਤ ਹੈਂਡਲਰਾਂ ਦੀ ਸ਼ਮੂਲੀਅਤ ਦੇ ਸਪੱਸ਼ਟ ਸੰਕੇਤ ਮਿਲਣ ਤੋਂ ਤੁਰੰਤ ਬਾਅਦ ਏਜੀਟੀਐਫ ਨੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸੀਸੀਟੀਵੀ ਫੁਟੇਜ ਦੀ ਜਾਂਚ ਰਾਹੀਂ ਏਜੀਟੀਐਫ ਅਤੇ ਐਸਏਐਸ ਨਗਰ ਪੁਲਿਸ ਨੇ ਮੁਲਜ਼ਮਾਂ ਦੀਆਂ ਅਪਰਾਧ ਤੋਂ ਪਹਿਲਾਂ ਅਤੇ ਬਾਅਦ ਦੀਆਂ ਗਤੀਵਿਧੀਆਂ ਨੂੰ ਜੋੜਦਿਆਂ ਅਪਰਾਧ ਵਿੱਚ ਵਰਤੇ ਗਏ ਵਾਹਨਾਂ ਦੀ ਪਛਾਣ ਕੀਤੀ ਅਤੇ ਪਾਨੀਪਤ ਟੋਲ ਪਲਾਜ਼ਾ ਤੱਕ ਉਹਨਾਂ ਦੇ ਭੱਜਣ ਦੇ ਰਸਤੇ ਦਾ ਪਤਾ ਲਗਾਇਆ।

ਡੀਆਈਜੀ ਨੇ ਕਿਹਾ ਕਿ ਮੁਲਜ਼ਮ ਮੁੰਬਈ, ਬੰਗਲੌਰ, ਸਿਲੀਗੁੜੀ, ਸਿੱਕਮ, ਗੰਗਟੋਕ ਅਤੇ ਕੋਲਕਾਤਾ ਵੱਲ ਫਰਾਰ ਹੋ ਗਏ ਅਤੇ ਇਹਨਾਂ ਸਥਾਨਾਂ ਤੋਂ ਮੁਲਜ਼ਮਾਂ ਦੀ ਪ੍ਰਾਪਤ ਡਿਜੀਟਲ ਜਾਣਕਾਰੀ ਰਾਹੀਂ ਐਸਟੀਐਫ ਕੋਲਕਾਤਾ ਦੇ ਸਹਿਯੋਗ ਨਾਲ ਡੀਐਸਪੀ ਰਾਜਨ ਪਰਮਿੰਦਰ ਦੀ ਅਗਵਾਈ ਵਾਲੀ ਏਜੀਟੀਐਫ ਟੀਮ ਨੇ ਮੁਲਜ਼ਮਾਂ ਨੂੰ ਪੱਛਮੀ ਬੰਗਾਲ ਦੇ ਹਾਵੜਾ ਤੋਂ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਸ਼ੂਟਰਾਂ ਦਾ ਅਪਰਾਧਿਕ ਰਿਕਾਰਡ ਹੈ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਕੇਸ ਥਾਣਾ ਸੋਹਾਣਾ, ਐਸਏਐਸ ਨਗਰ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 103(1), 109, 3(5) ਅਤੇ 61(2) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 312 ਮਿਤੀ 16/12/2025 ਨੂੰ ਦਰਜ ਕੀਤਾ ਗਿਆ ਸੀ।

## ਸੰਪਾਦਕੀ

# ਜ਼ਹਿਰੀਲੇ ਪਾਣੀ ਦੀਆਂ ਟੂਟੀਆਂ

ਰੋਹਤਕ ਅਤੇ ਝੱਜਰ ਤੋਂ ਜਿਸ ਸੰਕਟ ਦੇ ਸੰਕੇਤ ਮਿਲ ਰਹੇ ਹਨ ਉਨ੍ਹਾਂ ਨੂੰ ਪ੍ਰਸ਼ਾਸਨ ਅਣਡਿੱਠਾ ਨਹੀਂ ਕਰ ਸਕਦਾ। ਘਰਾਂ ਦੀਆਂ ਟੂਟੀਆਂ ’ਚ ਵਗਦਾ ਬਦਰੰਗਾ ਤੇ ਬਦਬੂਦਾਰ ਪਾਣੀ ਜਨਤਕ ਪੱਧਰ ’ਤੇ ਸਿਹਤ ਐਮਰਜੈਂਸੀ ਪੈਦਾ ਕਰ ਰਿਹਾ ਹੈ। ਸਥਾਨਕ ਲੋਕਾਂ ਵੱਲੋਂ ਹਾਲ ਹੀ ਵਿੱਚ ਦੂਸ਼ਿਤ ਪਾਣੀ ਦੀ ਸਪਲਾਈ ਸਬੰਧੀ ਕੀਤੀਆਂ ਗਈਆਂ ਸ਼ਿਕਾਇਤਾਂ ’ਤੇ ਤੁਰੰਤ ਪ੍ਰਭਾਵ ਨਾਲ ਕਾਰਵਾਈ ਹੋਣੀ ਚਾਹੀਦੀ ਸੀ, ਪਰ ਇਸ ਦੀ ਬਜਾਏ ਸਮੱਸਿਆਵਾਂ ਤੋਂ ਇਨਕਾਰੀ ਹੋਣ, ਸਮਾਂ ਟਪਾਉਣ ਅਤੇ ਵਿਭਾਗਾਂ ਵੱਲੋਂ ਇੱਕ ਦੂਜੇ ’ਤੇ ਦੋਸ਼ ਮੜ੍ਹਨ ਦੀ ਪੁਰਾਣੀ ਰੀਤ ਜਾਰੀ ਹੈ। ਇੰਦੌਰ ਦੀ ਹਾਲੀਆ ਤ੍ਰਾਸਦੀ, ਜਿਥੇ ਨਗਰ ਨਿਗਮ ਦੇ ਦੂਸ਼ਿਤ ਪਾਣ ਨੇ ਕਈ ਜਾਨਾਂ ਲੈ ਲਈਆਂ ਤੇ ਕਈਆਂ ਨੂੰ ਹਸਪਤਾਲ ਪਹੁੰਚਾ ਦਿੱਤਾ, ਤੋਂ ਸਬਕ ਲੈਣ ਦੀ ਲੋੜ ਹੈ।

ਉਥੇ ਵੀ ਸ਼ੁਰੂਆਤੀ ਚਿਤਾਵਨੀਆਂ ਨੂੰ ਆਮ ਸ਼ਿਕਾਇਤਾਂ ਗਰਦਾਨ ਕੇ ਖਾਰਜ ਕਰ ਦਿੱਤਾ ਗਿਆ ਸੀ। ਜਦੋਂ ਤੱਕ ਅਧਿਕਾਰੀਆਂ ਨੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿੱਚ ਸੀਵਰੇਜ ਲੀਕ ਹੋਣ ਦੀ ਗੱਲ ਮੰਨੀ, ਉਦੋਂ ਤੱਕ ਵੱਡਾ ਨੁਕਸਾਨ ਹੋ ਚੁੱਕਿਆ ਸੀ। ਰੋਹਤਕ ਅਤੇ ਝੱਜਰ ਵੀ ਹੁਣ ਅਜਿਹੇ ਹੀ ਮੋੜ ’ਤੇ ਆ ਖੜ੍ਹੇ ਹਨ।

ਇਸ ਘਟਨਾ ਪਿਛਲੇ ਕਾਰਨ ਨਾ ਗੁੱਝੇ ਹਨ ਤੇ ਨਾ ਹੀ ਨਵੇਂ। ਪੁਰਾਣਾ ਬੁਨਿਆਦੀ ਢਾਂਚਾ, ਲੀਕ ਹੋ ਰਹੀਆਂ ਸੀਵਰੇਜ ਲਾਈਨਾਂ, ਗੈਰ-ਯੋਜਨਾਬੱਧ ਸ਼ਹਿਰੀ ਵਿਸਥਾਰ ਅਤੇ ਨਾਗਰਿਕ ਏਜੰਸੀਆਂ ਵਿਚਕਾਰ ਮਾੜੇ ਤਾਲਮੇਲ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਜਿੱਥੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਖ਼ਤਰਨਾਕ ਢੰਗ ਨਾਲ ਨੇੜੇ-ਨੇੜੇ ਹਨ। ਜਦੋਂ ਵਸਨੀਕ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਦੂਸ਼ਿਤ ਪਾਣੀ ਰਲਣ ਬਾਰੇ ਸ਼ਿਕਾਇਤ ਕਰਦੇ ਹਨ ਤਾਂ ਇਸ ਦਾ ਜਵਾਬ ਮਾਮਲੇ ਦੀ ਤਸਦੀਕ ਕਰਨਾ, ਮੁਰੰਮਤ ਕਰਨਾ ਅਤੇ ਇਸ ਸਬੰਧੀ ਜਵਾਬਦੇਹੀ ਤੈਅ ਕਰਨਾ ਹੋਣਾ ਚਾਹੀਦਾ ਹੈ। ਇਹ ਤੱਥ ਕਿ ਲੋਕਾਂ ਨੂੰ ਆਪਣੀ ਗੱਲ ਸੁਣਾਉਣ ਲਈ ਸੜਕਾਂ ’ਤੇ ਉਤਰ ਕੇ ਪ੍ਰਦਰਸ਼ਨ ਕਰਨਾ ਪਿਆ, ਸ਼ਾਸਨ ਦੀ ਅਸਫ਼ਲਤਾ ਨੂੰ ਦਰਸਾਉਂਦਾ ਹੈ। ਦੂਸ਼ਿਤ ਪਾਣੀ ਸਭ ਤੋਂ ਵੱਧ ਬੱਚਿਆਂ, ਬਜ਼ੁਰਗਾਂ ਅਤੇ ਕਮਜ਼ੋਰ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਦਸਤ, ਹੈਪੇਟਾਇਟਸ ਅਤੇ ਪਾਣੀ ਤੋਂ ਹੋਣ ਵਾਲੀਆਂ ਹੋਰ ਬਿਮਾਰੀਆਂ ਤੇਜ਼ੀ ਨਾਲ ਫ਼ੈਲਦੀਆਂ ਹਨ ਜਿਸ ਨਾਲ ਸਥਾਨਕ ਸਿਹਤ ਪ੍ਰਣਾਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।

ਅਜਿਹੇ ਮਾਮਲਿਆਂ ਵਿੱਚ ਸਮੇਂ ਸਿਰ ਕਾਰਵਾਈ ਨਾ ਹੋਣ ਦਾ ਖਮਿਆਜ਼ਾ ਸਿਰਫ਼ ਹਸਪਤਾਲਾਂ ਦੇ ਬਿੱਲ ਭਰ ਕੇ ਨਹੀਂ, ਸਗੋਂ ਕਈ ਕੀਮਤੀ ਜਾਨਾਂ ਗੁਆ ਕੇ ਭੁਗਤਣਾ ਪੈਂਦਾ ਹੈ ਜਿਸ ਨਾਲ ਲੋਕਾਂ ਦਾ ਸਰਕਾਰ ਤੋਂ ਭਰੋਸਾ ਵੀ ਟੁੱਟਦਾ ਹੈ।

ਪਾਣੀ ਨਾਲ ਪ੍ਰਭਾਵਿਤ ਹੋਈਆਂ ਪੀਣ ਵਾਲੇ ਪਾਣੀ ਦੀਆਂ ਪਾਈਪਲਾਈਨਾਂ ਤੁਰੰਤ ਬੰਦ ਕਰ ਦੇਣੀਆਂ ਚਾਹੀਦੀਆਂ ਹਨ, ਵੱਡੇ ਪੱਧਰ ’ਤੇ ਪਾਣੀ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਜਾਂਚ ਦੇ ਨਤੀਜੇ ਜਨਤਕ ਪੱਧਰ ’ਤੇ ਨਸ਼ਰ ਹੋਣੇ ਚਾਹੀਦੇ ਹਨ। ਜਦੋਂ ਤੱਕ ਪਾਣੀ ਦੀ ਸਪਲਾਈ ਨੂੰ ਮੁੜ ਸੁਰੱਖਿਅਤ ਨਹੀਂ ਐਲਾਨਿਆ ਜਾਂਦਾ, ਉਦੋਂ ਤੱਕ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਹੋਰ ਬਦਲ ਲੱਭਣੇ ਚਾਹੀਦੇ ਹਨ। ਇਹ ਜ਼ਰੂਰੀ ਹੈ ਕਿ ਜ਼ਿੰਮੇਵਾਰੀ ਤੈਅ ਹੋਵੇ। ਸ਼ਹਿਰੀ ਸ਼ਾਸਨ ਦਾ ਅੰਤਿਮ ਨਿਰਣਾ ਸਾਫ਼ ਪਾਣੀ, ਸਫ਼ਾਈ ਅਤੇ ਸੁਰੱਖਿਆ ਵਰਗੀਆਂ ਮੁਢਲੀਆਂ ਸਹੂਲਤਾਂ ਦੇ ਆਧਾਰ ’ਤੇ ਕੀਤਾ ਜਾਂਦਾ ਹੈ। ਰੋਹਤਕ ਅਤੇ ਝੱਜਰ ਕੋਲ ਹਾਲੇ ਵੀ ਮੌਕਾ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੇ ਦੁਖਾਂਤ ਵਿੱਚ ਤਬਦੀਲ ਹੋਣ ਤੋਂ ਪਹਿਲਾਂ ਸਹੀ ਕਾਰਵਾਈ ਕੀਤੀ ਜਾਵੇ। ਇੰਦੌਰ ਘਟਨਾ ਨੂੰ ਇੱਕ ਚਿਤਾਵਨੀ ਵਜੋਂ ਲੈਣ ਦੀ ਲੋੜ ਹੈ।

# ਚੋਣਾਂ ਲੜਨ ਲਈ ਉਮੀਦਵਾਰੀ ਦੇ ਚਾਹਵਾਨਾਂ ਤੋਂ ਅਰਜ਼ੀ ਫੀਸ ਲੈਣ ਦਾ ਮੁੱਦਾ

ਕਾਂਗਰਸ ਵੱਲੋਂ ਚੋਣਾਂ ਲੜਨ ਲਈ ਉਮੀਦਵਾਰੀ ਦੇ ਚਾਹਵਾਨਾਂ ਤੋਂ ਅਰਜ਼ੀ ਫੀਸ ਲੈਣ ਦਾ ਮੁੱਦਾ ਚਰਚਾ ’ਚ ਹੈ ਕਿਉਂਕਿ ਇਸ ਵਾਰ ਆਸਾਮ ਵਿਧਾਨ ਸਭਾ ਚੋਣਾਂ ਲਈ ਇਹ ਫੀਸ ਵਧਾ ਕੇ 50,000 ਰੁਪਏ ਕਰ ਦਿੱਤੀ ਗਈ ਹੈ। ਇਹ ਰਕਮ ਸਾਰੇ ਉਮੀਦਵਾਰਾਂ ਤੋਂ ਲੈਣ ਦੀ ਗੱਲ ਆਖੀ ਗਈ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਅਰਜ਼ੀ ਫੀਸ ਸਿਰਫ਼ ਉਨ੍ਹਾਂ ਸੀਟਾਂ ਲਈ ਰਿਫੰਡ ਕੀਤੀ ਜਾਵੇਗੀ, ਜਿੱਥੇ ਕਾਂਗਰਸ ਉਮੀਦਵਾਰ ਖੜ੍ਹੇ ਨਹੀਂ ਕਰੇਗੀ ਕਿਉਂਕਿ ਉੱਥੇ ਇਸ ਦੇ ਗੱਠਜੋੜ ਭਾਈਵਾਲ ਚੋਣ ਲੜਨਗੇ। ਇਸ ਕਦਮ ਪਿਛਲਾ ਉਦੇਸ਼ ਸਭ ਨੂੰ ਪਤਾ ਹੈ ਕਿ ਇੰਨੀ ਜ਼ਿਆਦਾ ਅਰਜ਼ੀ ਫੀਸ ਫੋਕੇ ਦਾਅਵੇਦਾਰਾਂ ਦੀ ਛਾਂਟੀ ਲਈ ਹੈ, ਜੋ ਇਹ ਫੀਸ ਹਰਗਿਜ਼ ਨਹੀਂ ਦੇਣ ਲੱਗੇ। ਹਾਲਾਂਕਿ, ਇਹ ਡੂੰਘੀਆਂ ਸਮਾਜਿਕ-ਆਰਥਿਕ ਨਾਬਰਾਬਰੀਆਂ ਅਤੇ ਤੀਬਰ ਅੰਦਰੂਨੀ ਮੁਕਾਬਲੇ ਵਾਲੇ ਰਾਜ ਵਿੱਚ ਸਭ ਨੂੰ ਇੱਕੋ ਰੱਸੇ ਬੰਨ੍ਹਣ ਵਾਲੀ ਪਹੁੰਚ ਹੈ। ਕਾਂਗਰਸ ਨੇ ਹਾਲੀਆ ਸਾਲਾਂ ਵਿੱਚ ਆਂਧਰਾ ਪ੍ਰਦੇਸ਼, ਕਰਨਾਟਕ, ਤੇਲੰਗਾਨਾ ਅਤੇ ਹਰਿਆਣਾ ਵਿੱਚ ਰਾਖਵੇਂ ਵਰਗ ਦੇ ਬਿਨੈਕਾਰਾਂ ਨੂੰ ਅਰਜ਼ੀ ਫੀਸ ਵਿੱਚ ਰਿਆਇਤਾਂ ਦਿੱਤੀਆਂ ਸਨ। ਇਹ ਇੱਕ ਚੰਗਾ ਕਦਮ ਮੰਨਿਆ ਜਾ ਸਕਦਾ ਹੈ।

ਕਾਂਗਰਸ ਕੋਲ ਯਕੀਨਨ ਭਾਰਤ ਵਿੱਚ ਸਭ ਤੋਂ ਵੱਧ ਅਸਾਸੇ ਨਹੀਂ ਹਨ। ਚੋਣ ਕਮਿਸ਼ਨ ਵੱਲੋਂ 2023-24 ਦੇ ਇਕੱਠੇ ਕੀਤੇ ਗਏ ਅੰਕੜਿਆਂ ਅਨੁਸਾਰ, ਇਸ ਕੋਲ ਕੁੱਲ ਫੰਡ 857 ਕਰੋੜ ਰੁਪਏ ਹੈ, ਜੋ ਕਿ ਭਾਜਪਾ ਦੇ 7,113 ਕਰੋੜ ਰੁਪਏ ਤੋਂ ਬਹੁਤ ਘੱਟ ਹੈ। ਜ਼ਿਕਰਯੋਗ ਹੈ ਕਿ ਭਾਜਪਾ ਨੇ ਫੰਡ ਜੁਟਾਉਣ ਲਈ ਚੋਣ ਬਾਂਡ ਸਕੀਮ ਸ਼ੁਰੂ ਕੀਤੀ ਸੀ, ਜਿਸ ਦਾ ਸੱਤਾਧਾਰੀ ਪਾਰਟੀ ਹੋਣ ਕਰਕੇ ਇਸ ਨੂੰ ਭਰਪੂਰ ਲਾਹਾ ਮਿਲਿਆ ਅਤੇ ਇਸ ਕੋਲ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਨਾਲੋਂ ਵੱਧ ਰਕਮ ਜਮ੍ਹਾਂ ਹੋਈ। ਵਿਵਾਦ ਉੱਠਣ ਮਗਰੋਂ ਇਹ ਸਕੀਮ ਖ਼ਤਮ ਕਰਨ ਤੋਂ ਬਾਅਦ ਵੀ ਭਾਜਪਾ ਨੂੰ ਹੀ ਸਭ ਤੋਂ ਵੱਧ ਫੰਡ ਅਤੇ ਦਾਨ ਮਿਲ ਰਹੇ ਹਨ। ਇਸ ਦੇ ਉਲਟ ਕਾਂਗਰਸ ਕੋਲ ਆਪਣੀਆਂ ਸੂਬਾਈ ਇਕਾਈਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਦੇਸ਼ ਭਰ ਵਿੱਚ ਚੋਣਾਂ ਲੜਨ ਲਈ ਵੀ ਲੋੜੀਂਦੇ ਫੰਡਾਂ ਦੀ ਘਾਟ ਹੈ।

ਫਿਰ ਵੀ ਫੰਡ ਇਕੱਠਾ ਕਰਨ ਦੀ ਪ੍ਰਕਿਰਿਆ ਨਾਲ ਪਾਰਟੀ ਵਰਕਰਾਂ ਵਿੱਚ ਨਾਰਾਜ਼ਗੀ ਪੈਦਾ ਨਹੀਂ ਕਰਨੀ ਚਾਹੀਦੀ ਕਿਉਂਕਿ ਜ਼ਿਆਦਾ ਅਰਜ਼ੀ ਫੀਸ ਸਥਾਨਕ ਵਰਕਰਾਂ ਨੂੰ ਨਾਰਾਜ਼ ਕਰ ਸਕਦੀ ਹੈ। ਇੱਥੇ ਇਹ ਬੜੀ ਅਜੀਬ ਗੱਲ ਹੈ ਕਿ ਭਾਜਪਾ ਵੱਲੋਂ ਕਾਂਗਰਸ ਤੋਂ ਤਾਂ ਇਨ੍ਹਾਂ ਦੋਸ਼ਾਂ ਦਾ ਸਪੱਸ਼ਟ ਜਵਾਬ ਮੰਗਿਆ ਜਾ ਰਿਹਾ ਹੈ ਕਿ ਕਾਂਗਰਸ ’ਚ ਟਿਕਟ ਅਰਜ਼ੀ ਪ੍ਰਕਿਰਿਆ ਪੈਸੇ ਨਾਲ ਚੱਲਦੀ ਹੈ, ਪਰ ਭਾਜਪਾ ਨੇ ਖ਼ੁਦ ਕਦੇ ਵੀ ਚੋਣ ਬਾਂਡ ਸਕੀਮ ਤਹਿਤ ਇਕੱਠੇ ਕੀਤੇ ਫੰਡਾਂ ਬਾਰੇ ਸਮੇਂ ਸਮੇਂ ਉੱਠਦੇ ਰਹੇ ਸਵਾਲਾਂ ਦਾ ਕੋਈ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ। ਉਂਜ, ਕਾਂਗਰਸ ਵੱਲੋਂ ਇੱਕ ਸਪੱਸ਼ਟ ਸਮਾਂ-ਸੀਮਾ ਦੌਰਾਨ ਸਾਰਿਆਂ ਨੂੰ ਰਿਫੰਡ ਦਾ ਵਾਅਦਾ ਕਰਨਾ ਮਦਦਗਾਰ ਹੋ ਸਕਦਾ ਹੈ। ਪਾਰਟੀ ਨੂੰ ਉਨ੍ਹਾਂ ਦੋਸ਼ਾਂ ਦਾ ਵੀ ਜ਼ੋਰਦਾਰ ਖੰਡਨ ਕਰਨਾ ਚਾਹੀਦਾ ਹੈ ਕਿ ਇਹ ਸਭ ਤੋਂ ਵੱਧ ਬੋਲੀ ਲਗਾਉਣ ਵਾਲਿਆਂ ਨੂੰ ਟਿਕਟਾਂ ਦਿੰਦੀ ਹੈ। ਇਸ ਦੇ ਨਾਲ ਹੀ ਸੱਤਾਧਾਰੀ ਪਾਰਟੀ ਨੂੰ ਵੀ ਆਪਣੇ ਚੋਣ ਫੰਡਾਂ ਬਾਰੇ ਜਵਾਬਦੇਹ ਹੋਣਾ ਬਣਦਾ ਹੈ।

# ਪਿੰਡਾਂ ਦੀ ਵਿਕਾਸ ਪੱਖੋਂ ਬਦਲੀ ਜਾ ਰਹੀ ਹੈ ਨੁਹਾਰ- ਵਿਧਾਇਕ ਸ਼ੈਰੀ ਕਲਸੀ



**ਬਟਾਲਾ,13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਇੰਦਰਜੀਤ ਬੋਲੀ ਵਿਖੇ ਗਲੀ ਬਣਾਉਣ ਦਾ ਨੀਂਹ ਪੱਥਰ ਰੱਖਿਆ ਅਤੇ ਕਿਹਾ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ ਸੰਕਲਪ ਹਨ।

ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਵਿਕਾਸ ਕੰਮ ਜਾਰੀ ਹਨ, ਜਿਸ ਲਈ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਚੱਲ ਰਹੇ ਹਨ।

ਉਨਾਂ ਅੱਗੇ ਕਿਹਾ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ, ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਉਣ, ਡੇਰਿਆਂ ਦੇ ਰਸਤੇ ਪੱਕੇ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ।

ਉਨਾਂ ਅੱਗੇ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ, ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨਾਂ ਅੱਗੇ ਕਿਹਾ ਕਿ ਪਿੰਡਾਂ ਵਿੱਚ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਪਿੰਡਾਂ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

# ਡੇਰਾ ਬਾਬਾ ਨਾਨਕ ਵਿੱਚ ਅਨੀਮੀਆ ਡੇ ਮਨਾਇਆ ਗਿਆ



**ਗੁਰਦਾਸਪੁਰ,13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਅੱਜ ਡੇਰਾ ਬਾਬਾ ਨਾਨਕ ਵਿਖੇ ਅਨੀਮੀਆ ਡੇ ਮਨਾਇਆ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ‘ਤੇ ਮੁੱਖ ਮਹਿਮਾਨ ਵਜੋਂ ਐਸ.ਡੀ.ਐਮ. ਡੇਰਾ ਬਾਬਾ ਨਾਨਕ ਸ੍ਰੀ ਅਦਿਤਿਆ ਸ਼ਰਮਾ, ਨੇ ਸ਼ਿਰਕਤ ਕੀਤੀ। ਇਹ ਪ੍ਰੋਗਰਾਮ ਬਾਲ ਵਿਕਾਸ ਵਿਭਾਗ ਦੀ ਸੀ.ਡੀ.ਪੀ.ਓ. ਸ੍ਰੀਮਤੀ ਹਰਜੀਤ ਕੌਰ ਵਾਲੀਆ ਦੀ ਅਗਵਾਈ ਹੇਠ ਕਰਵਾਇਆ ਗਿਆ।

ਸਮਾਗਮ ਦੌਰਾਨ ਮੁੱਖ ਮਹਿਮਾਨ ਸ੍ਰੀ ਅਦਿਤਿਆ ਸ਼ਰਮਾ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਸਿਹਤ ਵੱਲ ਵੱਧ ਤੋਂ ਵੱਧ ਧਿਆਨ ਦੇਣ। ਜੇਕਰ ਬੱਚਿਆਂ ਵਿੱਚ ਖ਼ੂਨ ਦੀ ਕਮੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਨੂੰ ਫਲ ਅਤੇ ਪੱਤੇਦਾਰ ਹਰੀਆਂ ਸਬਜ਼ੀਆਂ ਖਾਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜਿਸ ਨਾਲ ਖ਼ੂਨ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਬੋਲਦੇ ਹੋਏ ਸੀ.ਡੀ.ਪੀ.ਓ. ਸ੍ਰੀਮਤੀ ਹਰਜੀਤ ਕੌਰ ਵਾਲੀਆ ਨੇ ਕਿਹਾ ਕਿ ਅਨੀਮੀਆ ਦੀ ਸਮੱਸਿਆ ਖ਼ਾਸ ਕਰਕੇ ਔਰਤਾਂ ਅਤੇ ਛੋਟੇ ਬੱਚਿਆਂ ਵਿੱਚ ਵੱਧ ਪਾਈ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਬਿਮਾਰੀ ‘ਤੇ ਕਾਬੂ ਪਾਉਣ ਲਈ ਡਾਕਟਰਾਂ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਹੈ।

ਇਸ ਮੌਕੇ ਬੱਚਿਆਂ ਨੂੰ ਫਲਾਂ ਦੀਆਂ ਟੋਕਰੀਆਂ ਵੰਡੀਆਂ ਗਈਆਂ।

ਇਸ ਮੌਕੇ ਨਾਇਬ ਤਹਿਸੀਲਦਾਰ ਡੇਰਾ ਬਾਬਾ ਨਾਨਕ, ਸੁਪਰਵਾਈਜ਼ਰ ਮੰਨੀ, ਸੁਪਰਵਾਈਜ਼ਰ ਮਨਜੀਤ, ਸੁਪਰਵਾਈਜ਼ਰ ਦਵਿੰਦਰ ਅਤੇ ਆਂਗਣਵਾੜੀ ਵਰਕਰਾਂ ਗੀਤੂ, ਮਨਜਿੰਦਰ, ਨਰਿੰਦਰ, ਕੁਲਵਿੰਦਰ ਅਤੇ ਰਵਿੰਦਰ ਹਾਜ਼ਰ ਸਨ।

# ਬੇਟੀ ਬਚਾਓ-ਬੇਟੀ ਪੜ੍ਹਾਓ’ ਸਕੀਮ ਤਹਿਤ ਲਗਾਇਆ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ‘ਬੇਟੀ ਬਚਾਓ-ਬੇਟੀ ਪੜ੍ਹਾਓ’ ਸਕੀਮ ਅਧੀਨ ਔਰਤਾਂ ਲਈ ਸਿੱਖਿਆ, ਅਧਿਕਾਰਾਂ, ਸਿਹਤ, ਸਫ਼ਾਈ ਅਤੇ ਜਾਗਰੂਕਤਾ ਸਬੰਧੀ ਜ਼ਿਲ੍ਹਾ ਪੱਧਰੀ ਕੈਂਪ ਡਾ. ਬੀ.ਆਰ ਅੰਬੇਡਕਰ ਭਵਨ, ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ ਵਿਖੇ ਲਗਾਇਆ ਗਿਆ। ਇਸ ਸਮਾਗਮ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਮੁੱਖ ਮਹਿਮਾਨ ਸਨ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਸਿਹਤ ਵਿਭਾਗ ਵੱਲੋਂ ਲੱਗਭਗ 250 ਔਰਤਾਂ ਦਾ ਮੁਫ਼ਤ ਹੈਲਥ ਚੈਕਅੱਪ ਕੀਤਾ ਗਿਆ।

ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਹੁਸ਼ਿਆਰਪੁਰ ਵੱਲੋਂ ਔਰਤਾਂ ਅਤੇ ਲੜਕੀਆਂ ਨੂੰ ਰੋਜ਼ਗਾਰ ਪ੍ਰਦਾਨ ਕਰਨ ਲਈ ਵੱਖ- ਵੱਖ 15 ਕੰਪਨੀਆਂ ਵੱਲੋਂ ਰੋਜ਼ਗਾਰ ਕੈਂਪ ਲਗਾਇਆ ਗਿਆ। ਇਨ੍ਹਾਂ ਵੱਖ-ਵੱਖ 15 ਕੰਪਨੀਆਂ ਵੱਲੋਂ ਲਗਭਗ 250 ਔਰਤਾਂ ਅਤੇ ਲੜਕੀਆਂ ਨੂੰ ਰਜਿਸਟਰਡ ਕੀਤਾ ਗਿਆ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਰੋਜ਼ਗਾਰ ਕੈਂਪ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਉੱਨਤੀ ਸੈਲਫ ਹੈਲਪ ਗਰੁੱਪ ਤਲਵਾੜਾ, ਸੰਧਿਆ ਸੈਲਫ ਹੈਲਪ ਗਰੁੱਪ ਮੈਲੀ, ਚੜਦੀ ਕਲ੍ਹਾਂ ਸੈਲਫ ਹੈਲਪ ਗਰੁੱਪ ਅਜੜਾਮ, ਮਾਹੀ ਸਵੈ ਸਹਾਇਤਾ ਗਰੁੱਪ ਅਧਿਕਾਰੇ, ਸਖੀ ਵਨ ਸਟਾਪ ਸੈਂਟਰ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਅਤੇ ਹੈਲਥ ਡਾਈਟ ਪਲਾਨ ਆਦਿ ਦੇ ਸਟਾਲ ਲਗਾਏ ਗਏ ਸਨ।

# ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਮਹਾ ਸ਼ਿਵਰਾਤਰੀ ਮਨਾਉਣ ਲਈ ਮੀਟਿੰਗ ਆਯੋਜਿਤ



**ਪਟਿਆਲਾ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਪਟਿਆਲਾ ਦੁਆਰਾ 1852 ਈਸਵੀ ਵਿੱਚ ਸਥਾਪਿਤ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਵਿੱਚ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਭੋਲੇ ਬਾਬਾ ਜੀ ਦੇ ਚਰਨਾ ਵਿੱਚ ਉਹਨਾਂ ਦੇ ਆਸ਼ਿਰਵਾਦ ਦੇ ਨਾਲ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਮਹਾ ਸ਼ਿਵਰਾਤਰੀ ਮਨਾਉਣ ਲਈ ਭਾਰੀ ਇਕੱਠ ਹੋਇਆ। ਉਂਜ ਤਾਂ ਸੁਧਾਰ ਸਭਾ ਹਰ ਮਹੀਨੇ ਤਰੋਸਦੀ (ਮਾਸਿਕ ਸ਼ਿਵਰਾਤਰੀ) ਮਨਾਉਂਦੀ ਆ ਰਹੀ ਹੈ। ਹਰ ਮਹੀਨੇ ਸ਼ਾਮ ਨੂੰ ਮਹਿਲਾ ਕੀਰਤਨ ਉਪਰੰਤ ਭੰਡਾਰਾ ਭਗਤਾਂ ਦੇ ਸਹਿਯੋਗ ਨਾਲ ਹੁੰਦਾ ਹੈ। ਸਾਰੇ ਮੈਂਬਰਾਂ ਵਲੋਂ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਹੈ ਕਿ ਜਿਆਦਾ ਤੋਂ ਜਿਆਦਾ ਭਗਤਾਂ ਨੂੰ ਲੰਗਰ ਵਿੱਚ ਸੇਵਾ ਪਾਉਣ ਨੂੰ ਕਿਹਾ ਗਿਆ। ਲੰਗਰ ਵਿੱਚ ਕੜੀ ਚਾਵਲ, ਆਲੂ ਟਿੱਕੀ, ਵਰਤ ਵਾਲੀ ਖੀਰ, ਫਰੂਟ, ਠੰਡਿਆਈ, ਖੀਰ, ਜਲੇਬੀ, ਚੂਰਮਾ, ਦਾ ਪ੍ਰਸ਼ਾਦ ਅਤੁੱਟ ਵਰਤੇਗਾ। ਸਤਨਾਮ ਹਸੀਜਾ ਦਾ ਕਹਿਣਾ ਹੈ ਕਿ ਕਰਦੇ ਨੇ ਭੋਲੇ ਬਾਬਾ ਨਾਮ ਸੁਧਾਰ ਸਭਾ ਦਾ ਹੋ ਰਿਹਾ ਹੈ। ਸਾਬਕਾ ਪੁਜਾਰੀ ਮੰਦਿਰ ਸ੍ਰੀ ਕੇਦਾਰ ਨਾਥ ਜੀ ਸ੍ਰੀ ਅਸ਼ਵਨੀ ਪੰਡਿਤ ਜੀ ਨੇ ਦੱਸਿਆ ਵੈਸੇ ਤਾਂ ਹਰ ਵਾਰ ਤਿਉਹਾਰ ਮਨਾਏ ਜਾਂਦੇ ਹਨ ਪਰ ਜਦੋਂ ਦੀ ਵਿਸ਼ਾਲ ਮੂਰਤੀ ਸਥਾਪਿਤ ਹੋਈ ਹੈ ਉਦੋ ਤੋਂ ਮੰਦਿਰ ਵਿੱਚ ਭਗਤਾਂ ਦਾ ਆਉਣਾ ਜਾਣਾ ਕਾਫੀ ਵੱਧ ਗਿਆ ਹੈ। ਮੰਦਿਰ ਦੇ ਅੰਦਰ ਚਿੱਤਰਕਾਰੀ ਹੋ ਗਈ ਹੈ ਅਤੇ ਝੂਮਰ ਲਗ ਗਏ ਹਨ, ਪਹਿਲਾਂ ਵੀ ਮੂਰਤੀਆਂ ਸਨ ਹੁਣ ਵਿਸ਼ਨੂੰ ਲਛਮੀ ਜੀ ਦੀ ਮੂਰਤੀ ਜੀ ਦੀ ਸਥਾਪਨਾ ਹੋਈ ਹੈ।

ਪ੍ਰਾਚੀਨ ਮੰਦਿਰ ਵਿੱਚ ਬਾਹਰੋ ਚੂਨਾ ਹੁੰਦਾ ਸੀ ਹੁਣ ਪੇਂਟ ਹੋ ਗਿਆ ਅਤੇ ਗੁੰਮਤ ਲਗ ਗਏ ਹਨ ਰਾਤ ਨੂੰ ਲਾਇਟਾਂ ਨਾਲ ਜਗਮਗਾ ਹੋ ਜਾਂਦਾ ਹੈ। ਜਿਹੜਾ ਵੀ ਰੋਡ ਤੋਂ ਜਾਂਦਾ ਹੈ ਉਸ ਦੀ ਸ਼ਰਧਾ ਜਾਗਦੀ ਹੈ ਕਿ ਇੱਥੇ ਮੰਦਿਰ ਹੈ ਅਤੇ ਇਸ ਨਾਲ ਉਹ ਨਤਮਸਤਕ ਹੁੰਦੇ ਹਨ। ਭਗਤਾਂ ਦੀ ਸ਼ਰਧਾ ਵੱਧ ਗਈ ਹੈ ਅਤੇ ਮੰਦਿਰ ਦੇ ਵਿੱਚ ਪਹਿਲਾਂ ਨਾਲੋਂ ਗੋਲਕ ਵਿੱਚ ਝੜਾਵਾਂ ਵੀ ਬਹੁਤ ਵੱਧ ਗਿਆ ਹੈ। ਮੰਦਿਰ ਵਿੱਚ ਝੂਲੇ ਰੱਖਣ ਨਾਲ ਬੱਚਿਆਂ ਦੀ ਗਿਣਤੀ ਕਾਫੀ ਵੱਧ ਗਈ ਹੈ। ਬੱਚੇ ਝੂਲੇ ਲੈਣ ਆਉਂਦੇ ਹਨ ਅਤੇ ਮੰਦਿਰ ਵਿਖੇ ਮੱਥਾ ਟੇਕਦੇ ਹਨ ਅਤੇ ਉਨ੍ਹਾਂ ਨੂੰ ਟੋਫੀਆਂ ਆਦਿ ਦਾ ਪ੍ਰਸ਼ਾਦ ਵੀ ਦਿੱਤਾ ਜਾਂਦਾ ਹੈ। ਪੁਜਾਰੀ ਨਰਿੰਦਰ ਪੰਡਿਤ ਅਤੇ ਅਜੇ ਪੰਡਿਤ ਜੀ ਨੇ ਦੱਸਿਆ ਕਿ ਭਗਤਾਂ ਦੇ ਸਹਿਯੋਗ ਨਾਲ ਅਤੇ ਸਤਨਾਮ ਹਸੀਜਾ ਜੀ ਦੇ ਪਰਿਵਾਰ ਦੇ ਸਹਿਯੋਗ ਨਾਲ ਰੋਜ਼ ਕੋਈ ਨਾ ਕੋਈ ਖੀਰ ਦਾ ਪ੍ਰਸ਼ਾਦ, ਖਿਚੜੀ ਦਾ ਪ੍ਰਸ਼ਾਦ, ਛੋਲਿਆਂ ਦਾ ਪ੍ਰਸ਼ਾਦ, ਫਰੂਟ ਦਾ ਪ੍ਰਸ਼ਾਦ ਵਰਤਦਾ ਰਹਿੰਦਾ ਹੈ। ਜਿਹੜਾ ਕੰਮ ਵਿਕਾਸ ਦਾ, ਵਾਰ ਤਿਉਹਾਰ ਦਾ ਪਹਿਲਾਂ 300 ਮਹੀਨਿਆਂ ਵਿੱਚ ਨਹੀਂ ਹੋਇਆ ਉਹ ਹੁਣ 27 ਮਹੀਨਿਆਂ ਵਿੱਚ ਸੁਧਾਰ ਸਭਾ ਅਤੇ ਭਗਤਾਂ ਵਲੋਂ ਕੀਤਾ ਗਿਆ ਹੈ। ਖਾਸ ਕਰਕੇ ਦੁਸ਼ਹਿਰਾ, ਤੁਲਸੀ ਵਿਵਾਹ, ਗੁਰਪੂਰਬ, ਆਦਿ ਦਾ ਤਿਉਹਾਰ ਧੂਮ ਧਾਮ ਨਾਲ ਮਨਾਏ ਜਾਂਦੇ ਹਨ।

# ਹੈਲੀਕਾਪਟਰ ਮਾਮਲੇ ਵਿਚ ਪੱਤਰਕਾਰਾਂ ਤੇ ਕਾਰਵਾਈ ਤੇ ਲੱਗੀ ਰੋਕ

**ਚੰਡੀਗੜ੍ਹ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਮੁੱਖ ਮੰਤਰੀ ਦੇ ਹੈਲੀਕਪਟਰ ਦੀ ਦੁਰਵਰਤੋ ਦੇ ਉਝਲੇ ਮਾਮਲੇ ਵਿਚ ਪਹਿਲਾਂ ਤਾਂ ਪਰਚਾ ਦਰਜ ਹੋਇਆ ਸੀ। ਇਸ ਮਾਮਲੇ ਵਿਚ ਕਈ ਪੱਤਰਕਾਰਾਂ, ਯੁਟਿਊਬਰਾਂ ਤੇ ਹੋਰਾਂ ਵਿਰੁਧ ਕੇਸ ਦਰਜ ਕੀਤਾ ਗਿਆ ਸੀ। ਹੁਣ ਇਸ ਮਾਮਲੇ ਵਿਚ ਹਾਈ ਕੋਰਟ ਨੇ ਰੋਕ ਲਾਉਦਿਆਂ ਕਿਹਾ ਕਿ ਇਹ ਮਾਮਲੇ ਵਿਚ ਪ੍ਰੋਸੀਡਿੰਗ ਰੋਕ ਲਾਈ ਜਾ ਰਹੀ ਹੈ।

ਇਸ ਫੈਸਲੇ ਨਾਲ ਉਨ੍ਹਾਂ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੂੰ ਅੰਤਰਿਮ ਰਾਹਤ ਮਿਲੀ ਹੈ ਜਿਨ੍ਹਾਂ @ਤੇ ਇਸ ਵਿਵਾਦਿਤ ਮਾਮਲੇ ਵਿੱਚ ਕੇਸ ਦਰਜ ਕੀਤੇ ਗਏ ਸਨ।

# ਰੋਡ ਸੇਫਟੀ ਮਹੀਨੇ ਸਬੰਧੀ ਕਰਵਾਏ ਜਾਗਰੂਕਤਾ ਸਮਾਗਮ ਦੌਰਾਨ ਵਾਹਨਾਂ ਉਪਰ ਰਿਫਲੈਕਟਰ ਅਤੇ ਰਿਫਾਲਟੈਰਟੇਪ ਲਗਾਈ ਗਈ



**ਹੁਸ਼ਿਆਰਪੁਰ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਟ੍ਰੈਫਿਕ ਇੰਚਾਰਜ਼ ਸਤਨਾਮ ਸਿੰਘ ਵੱਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਆਰ.ਟੀ.ਏ ਨਵਜੋਤ ਸ਼ਰਮਾ ਦੇ ਦਿਸ਼ਾ ਨਿਰਦੇਸ਼ਾ ਹੇਠਏ ਆਰ ਟੀ ਏ, ਸੰਗਰਾਮ ਸਿੰਘ ਅਤੇ ਏ.ਐਸ.ਆਈ ਅਮਨਦੀਪ ਸਿੰਘ ਵਲੋਂ ਸੈਮੀਨਾਰ ਲਗਾਕੇ ਵੱਖ ਵੱਖ ਜਗਾਂ ਉਪਰ ਪਬਲਿਕ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਪਬਲਿਕ ਨੂੰ ਰੋ ?ਡ ਸੇਫਟੀ ਸਬੰਧੀ ਜਾਗਰੂਕ ਕੀਤਾ ਗਿਆ। ਵਾਹਨਾਂ ਉਪਰ ਰਿਫਲੈਕਟਰ, ਰਿਫਾਲਟੈਰ ? ਟੇਪ ? ਲਗਾਈ ਗਈ ਅਤੇ ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਦੱਸਿਆ ਗਿਆ।

ਇਸ ਮੌਕੇ ਲੋਕਾਂ ਨੂੰ ਹੈਲਪ ਲਾਈਨ ਨੰਬਰ 112,1033,1930 ਬਾਰੇ ਜਾਗਰੂਕ ਕੀਤਾ ਗਿਆ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

# ਧੂਰੀ ਵਿਖੇ ਮਨਾਈ ਧੀਆਂ ਦੀ ਲੋਹੜੀ




**ਧੂਰੀ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਵਿਖੇ ਪਰਿਵਰਤਨ ਸੰਸਥਾਂ ਵੱਲੋਂ ਅੱਜ ਧੀਆਂ ਦੀ ਲੋਹੜੀ ਮਨਾਈ ਗਈ। ਇਸ ਸਮਾਗਮ ਵਿੱਚ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ ਸੁਖਬੀਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸਮਾਜ ਨੂੰ ਧੀਆਂ ਪ੍ਰਤੀ ਸਕਾਰਾਤਮਕ ਸੋਚ ਅਪਣਾਉਣ ਦਾ ਸੱਦਾ ਦਿੱਤਾ।

ਓ.ਐਸ.ਡੀ ਸੁਖਬੀਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਧੀਆਂ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਅਤੇ ਸਮਰੱਥਾ ਨਾਲ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਧੀਆਂ ਦੀ ਸਿੱਖਿਆ, ਸਿਹਤ, ਸੁਰੱਖਿਆ ਅਤੇ ਸਵੈਰੋਜ਼ਗਾਰ ਲਈ ਕਈ ਲੋਕ-ਹਿਤੈਸ਼ੀ ਯੋਜਨਾਵਾਂ ਚਲਾ ਰਹੀ ਹੈ, ਤਾਂ ਜੋ ਹਰ ਧੀ ਨੂੰ ਬਰਾਬਰ ਦੇ ਮੌਕੇ ਮਿਲ ਸਕਣ।

ਇਸ ਮੌਕੇ ਪੰਜਾਬ ਦੀਆਂ 12 ਲੜਕੀਆਂ ਨੂੰ @ਧੀ ਪੰਜਾਬ ਦੀ@ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜਿਨਾਂ ਨੇ ਸਿੱਖਿਆ, ਖੇਡਾ, ਸੱਭਿਆਚਾਰ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਆਪਣਾ ਤੇ ਸੂਬੇ ਦਾ ਨਾਮ ਦੇਸ਼ ਵਿਦੇਸ਼ ਵਿੱਚ ਰੌਸ਼ਨ ਕੀਤਾ ਹੈ।

ਸਮਾਗਮ ਦੌਰਾਨ ਨਵਜੰਮੀਆਂ ਧੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ ਗਿਆ। ਓਐਸਡੀ ਸੁਖਬੀਰ ਸਿੰਘ ਨੇ ਕਿਹਾ ਕਿ ਧੀਆਂ ਦਾ ਜਨਮ ਖੁਸ਼ੀ ਅਤੇ ਮਾਣ ਦਾ ਵਿਸ਼ਾ ਹੋਣਾ ਚਾਹੀਦਾ ਹੈ ਅਤੇ ਅਜਿਹੇ ਸਮਾਗਮ ਸਮਾਜਿਕ ਸੋਚ ਵਿੱਚ ਬਦਲਾਅ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਹ ਸਮਾਗਮ ਮਾਲਵਾ ਫਰੈਂਡਜ ਵੈਲਫੇਅਰ ਸੋਸਾਇਟੀ ਧੂਰੀ ਵੱਲੋਂ ਧੂਰੀ ਪਿੰਡ ਦੇ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਹਿਰਵਾਸੀਆਂ, ਸਮਾਜਸੇਵੀਆਂ ਅਤੇ ਪਰਿਵਾਰਾਂ ਨੇ ਸ਼ਿਰਕਤ ਕੀਤੀ।

ਸੱਭਿਆਚਾਰਕ ਸਮਾਗਮ ਦੌਰਾਨ ਮੁਸਕਾਨ ਭੈਣਾਂ ਵੱਲੋਂ ਸੂਫੀ ਗਾਇਨ ਪੇਸ਼ ਕੀਤਾ ਗਿਆ ਤੇ ਭਾਈ ਮਰਦਾਨਾ ਜੀ ਸੰਗੀਤ ਅਕੈਡਮੀ ਧੂਰੀ ਵੱਲੋਂ ਸ਼ਬਦ ਗਾਇਨ ਕੀਤਾ ਗਿਆ।

ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਐਸ.ਡੀ.ਐਮ. ਧੂਰੀ ਰਿਸ਼ਭ ਬਾਂਸਲ, ਅਨਿਲ ਮਿੱਤਲ, ਨਰੇਸ਼ ਸਿੰਗਲਾ, ਈਸ਼ਾ ਵਸਿਸ਼ਟ, ਆਸਤਾ ਗਰਗ, ਜਤਿੰਦਰ ਸਿੰਘ ਮੰਡੇਰ, ਗੁਰਤੇਜ ਸਿੰਘ, ਗੱਜਣ ਜਵੰਧਾ, ਦੇਵੀ ਦਿਆਲ, ਮੌਜੂਦ ਸਨ।

# ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਸਭ ਦਾ ਸਹਿਯੋਗ ਜਰੂਰੀ : ਹਰਚੰਦ ਸਿੰਘ ਬਰਸਟ



**ਪਟਿਆਲਾ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਪ੍ਰਧਾਨ ਸ੍ਰੀ ਵਿਜੇ ਗੋਇਲ ਦੀ ਅਗਵਾਈ ਹੇਠ ਸਟੇਟ ਕਾਲਜ, ਪਟਿਆਲਾ ਵਿਖੇ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿੱਚ ਅਤੇ ਲੋਹੜੀ ਦੇ ਤਿਉਹਾਰ ਮੌਕੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਸੋਸਾਇਟੀ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਭਵਿੱਖ ਵਿੱਚ ਵੱਧ ਤੋਂ ਵੱਧ ਲੋਕ-ਭਲਾਈ ਦੇ ਕਾਰਜ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ ਗਿਆ। ਪ੍ਰਧਾਨ ਵਿਜੇ ਗੋਇਲ ਨੇ ਦੱਸਿਆ ਕਿ ਇਸ ਸਾਲ ਨੂੰ ਸੋਸਾਇਟੀ ਵੱਲੋਂ ਸਿਲਵਰ ਜੁਬਲੀ ਸਾਲ ਵੱਜੋਂ ਮਨਾਇਆ ਜਾ ਰਿਹਾ ਹੈ ਅਤੇ ਇਸਦੇ ਤਹਿਤ ਸੋਸਾਇਟੀ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਹੋਰ ਵੀ ਵਧੀਆ ਉਪਰਾਲੇ ਕੀਤੇ ਜਾਣਗੇ। ਸਮਾਗਮ ਦੌਰਾਨ ਥੀਏਟਰ ਕਲਾਕਾਰਾਂ ਵੱਲੋਂ ਨਸ਼ਿਆਂ ਦੇ ਖਿਲਾਫ਼ ਇਕ ਪ੍ਰਭਾਵਸ਼ਾਲੀ ਨਾਟਕ ਪੇਸ਼ ਕੀਤਾ ਗਿਆ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ਲਾਘਾ ਕੀਤੀ ਗਈ। ਇਸ ਨੂੰ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਮਿਲੀ।

ਇਸ ਮੌਕੇ ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ ਨੇ ਹੋਣਹਾਰ ਵਿਦਿਆਰਥੀਆਂ ਅਤੇ ਵੱਖ-ਵੱਖ ਖੇਤਰਾਂ ਵਿੱਚ ਚੰਗਾ ਕਾਰਜ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ। ਸ. ਬਰਸਟ ਨੇ ਸਾਰਿਆਂ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਕਿਹਾ ਕਿ ਅਜਿਹੇ ਸਮਾਜਿਕ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਵੱਲ ਮੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਤੇ ਤਰੱਕੀ ਲਈ ਲਗਾਤਾਰ ਕਾਰਜ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਸਫਲ ਬਣਾਉਣ ਲਈ ਹਰ ਵਰਗ ਦੇ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਸਾਰਿਆਂ ਨੂੰ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਸ. ਬਰਸਟ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ।

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ ਨੂੰ ਯਾਦਗਾਰੀ ਚਿਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਵਿਜੇ ਗੋਇਲ ਪ੍ਰਧਾਨ, ਡਾ. ਪੁਰਸ਼ੋਤਮ ਗੋਇਲ ਜਨਰਲ ਸਕੱਤਰ, ਅਮਰਜੀਤ ਸਿੰਘ, ਰੁਪਿੰਦਰ ਸਿੰਘ, ਐਸ.ਐਮ.ਓ. ਡਾ. ਵਿਕਾਸ ਗੋਇਲ, ਪਦਮ ਸ੍ਰੀ ਪ੍ਰਾਣ ਸਭੱਰਵਾਲ, ਤਰਸੇਮ ਬਾਂਸਲ, ਐਸ.ਕੇ ਖੋਸਲਾ, ਡਾ. ਮਲਕੀਰਤ ਮਾਨ, ਪ੍ਰੇਮ ਕੁਮਾਰ ਗੋਇਲ, ਗੁਰਬਖਸ਼ ਸਿੰਘ ਓਬਰਾਏ, ਰਜੇਸ਼ ਵਰਮਾ, ਸੁਰਿੰਦਰ ਕੁਮਾਰ ਗੁਪਤਾ, ਸਕਸ਼ਮ ਗੁਪਤਾ, ਸੰਜੇ ਧੀਰ ਅਤੇ ਕਲਾਕਾਰ ਬਜਿੰਦਰ ਠਾਕੁਰ, ਅਮ੍ਰਿਤਪਾਲ ਸਿੰਘ ਕੋਫੀ, ਕਰੀਵੀ ਗੋਇਲ ਸਮੇਤ ਹੋਰ ਸ਼ਖਸੀਅਤਾਂ ਵੀ ਮੌਜੂਦ ਰਹੀਆਂ।

# ਪਟਿਆਲਾ ਪੁਲਿਸ ਤੇ ਗੋਲਡੀ ਢਿੱਲੋਂ ਗੈਂਗ ਦੇ ਸ਼ੂਟਰਾਂ ਵਿਚਾਲੇ ਮੁਕਾਬਲਾ; 2 ਜ਼ਖ਼ਮੀ



**ਪਟਿਆਲਾ, 13 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ (ਬਰਾੜ) ਗੈਂਗ ਦੇ ਦੋ ਸ਼ੂਟਰਾਂ ਨੂੰ ਪੁਲਿਸ ਮੁਠਭੇੜ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਵਿੱਚ ਦੋਵੇਂ ਸ਼ੂਟਰ ਜ਼ਖਮੀ ਹੋ ਗਏ ਹਨ। ਐਸ.ਐਸ.ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਗੋਲਡੀ ਢਿੱਲੋਂ ਗੈਂਗ ਦੇ ਦੋ ਸ਼ੂਟਰ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਹਨ। ਜਦੋਂ ਪੁਲਿਸ ਪਾਰਟੀ ਨੇ ਮੋਟਰਸਾਈਕਲ ਸਵਾਰ ਸ਼ੱਕੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਪੁਲਿਸ ‘ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਦੋਵੇਂ ਦੋਸ਼ੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਰਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਗ੍ਰਿਫ਼ਤਾਰ ਕੀਤੇ ਗਏ ਸ਼ੂਟਰ ਦਵਿੰਦਰ ਸਿੰਘ ਵਾਸੀ ਚਮਕੌਰ ਸਾਹਿਬ, ਰੋਪੜ ਅਤੇ ਅਨੁਜ ਕੁਮਾਰ (ਉਮਰ 21 ਸਾਲ) ਵਾਸੀ ਪਿੰਡ ਮਾਜੇਮਾਜਰਾ, ਚਮਕੌਰ ਸਾਹਿਬ ਤੋਂ ਇੱਕ .30 ਬੋਰ ਦਾ ਪਿਸਤੌਲ, ਇੱਕ .32 ਬੋਰ ਦਾ ਪਿਸਤੌਲ, ਕੁੱਲ 07 ਖੋਲ ਅਤੇ 03 ਜ਼ਿੰਦਾ ਕਾਰਤੂਸ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹਨਾਂ ਸ਼ੂਟਰਾਂ ਨੇ ਹੀ 12 ਦਸੰਬਰ 2025 ਨੂੰ ਪਿੰਡ ਗੋਂਦੋਮਾਜਰਾ ਦੇ ਰਹਿਣ ਵਾਲੇ ਦਰਸ਼ਨ ਸਿੰਘ ‘ਤੇ ਜਾਨਲੇਵਾ ਹਮਲਾ ਕੀਤਾ ਸੀ। ਦਰਸ਼ਨ ਸਿੰਘ ਦਾ ਲੜਕਾ ਅਮਰੀਕਾ ਵਿੱਚ ਰਹਿੰਦਾ ਹੈ। ਗੋਲਡੀ ਢਿੱਲੋਂ ਉਸ ਪਾਸੋਂ ਫਿਰੌਤੀ ਦੀ ਮੰਗ ਕਰ ਰਿਹਾ ਸੀ। ਫਿਰੌਤੀ ਵਸੂਲਣ ਲਈ ਦਬਾਅ ਬਣਾਉਣ ਦੇ ਮਕਸਦ ਨਾਲ ਗੋਲਡੀ ਨੇ ਸਪੇਨ ਵਿੱਚ ਬੈਠੇ ਆਪਣੇ ਸਾਥੀ ਮਨਦੀਪ ਸਰਪੰਚ ਰਾਹੀਂ ਭਾਰਤ ਵਿੱਚ ਹਥਿਆਰ ਅਤੇ ਪੈਸੇ ਮੁਹੱਈਆ ਕਰਵਾ ਕੇ ਦਰਸ਼ਨ ਸਿੰਘ ‘ਤੇ ਗੋਲੀਆਂ ਚਲਵਾਈਆਂ ਸਨ। ਪੁਲਿਸ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਖਿਲਾਫ਼ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਇਸ ਤਾਜ਼ਾ ਮਾਮਲੇ ਸਬੰਧੀ ਥਾਣਾ ਸਦਰ ਪਟਿਆਲਾ ਵਿਖੇ ਇਰਾਦਾ-ਏ-ਕਤਲ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਸਰਦੀਆਂ 'ਚ ਸਾਗ ਖਾਣ ਦੇ ਫ਼ਾਇਦੇ

ਠੰਢ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਵਿਸ਼ੇਸ਼ ਮਹੱਤਵ ਹੈ। ਇਸੇ ਤਰ੍ਹਾਂ ਸਾਗ ਕਬਜ਼ਕੁਸ਼ਾ ਹੋਣ ਤੋਂ ਇਲਾਵਾ ਸਰੀਰ 'ਚ ਕਾਰਬੋਹਾਈਡ੍ਰੇਟਸ, ਪ੍ਰੋਟੀਨ, ਕਲੋਰੋਫਿਲ, ਵਿਟਾਮਿਨਜ਼ ਦੀ ਕਮੀ ਨੂੰ ਪੂਰਾ ਕਰਨ 'ਚ ਵੱਡੀ ਭੂਮਿਕਾ ਨਿਭਾਉਂਦਾ ਹੈ। ਸਿਰ ਦੇ ਵਾਲਾਂ ਤੋਂ ਲੈ ਕੇ ਪੈਰਾਂ ਦੇ ਨਹੁੰਆਂ ਤਕ ਨੂੰ ਮੌਸਮੀ ਸਾਗ ਨਵੀਂ ਜ਼ਿੰਦਗੀ ਪ੍ਰਦਾਨ ਕਰਦਾ ਹੈ।

### ਫ਼ਾਇਦੇ

- ਹਰਾ ਸਾਗ ਖਾਣ ਨਾਲ ਦਿਲ ਦੇ ਦੌਰੇ, ਖ਼ੂਨ ਦੇ ਸੰਚਾਰ ਸਬੰਧੀ ਰੋਗਾਂ ਤੇ ਜਾਨਲੇਵਾ ਬਿਮਾਰੀ ਕੈਂਸਰ ਤੋਂ ਵੀ ਬਚਿਆ ਜਾ ਸਕਦਾ ਹੈ।
- ਮੇਥੀ ਦੇ ਸਾਗ 'ਚ ਲੋਹਾ ਤੱਤ ਭਰਪੂਰ ਮਾਤਰਾ 'ਚ ਹੁੰਦਾ ਹੈ। ਇਹ ਖ਼ੂਨ ਦੀ ਕਮੀ ਨੂੰ ਪੂਰਾ ਕਰਦਾ ਹੈ। ਇਸ ਨੂੰ ਖਾਣ ਨਾਲ ਸ਼ੂਗਰ ਦੇ ਪੱਧਰ ਨੂੰ ਵੀ ਕਾਬੂ ਵਿਚ ਰੱਖਿਆ ਜਾ ਸਕਦਾ ਹੈ।
- ਬਾਥੂ ਦਾ ਸਾਗ ਪੇਟ ਦੀਆਂ ਬਿਮਾਰੀਆਂ ਲਈ ਗੁਣਕਾਰੀ ਹੈ। ਇਸ ਇਸ 'ਚ ਲੋਹ-ਤੱਤ, ਸੋਨਾ ਅਤੇ ਖਾਰ ਦੀ ਕਾਫ਼ੀ ਮਾਤਰਾ ਹੁੰਦੀ ਹੈ। ਇਸ 'ਚ ਫਾਸਫੋਰਸ, ਪੋਟਾਸ਼ੀਅਮ ਅਤੇ ਵਿਟਾਮਿਨ ਬੀ-12 ਕਾਫ਼ੀ ਮਾਤਰਾ 'ਚ ਹੁੰਦਾ ਹੈ।
- ਕੁਪੋਸ਼ਣ, ਖ਼ੂਨ ਦੀ ਕਮੀ, ਪੀਲੀਆ ਆਦਿ ਲਈ ਚੌਲਾਈ ਦਾ ਸਾਗ ਲਾਭਕਾਰੀ ਹੈ। ਇਸ



'ਚ ਕਾਰਬੋਹਾਈਡ੍ਰੇਟਸ, ਪ੍ਰੋਟੀਨ, ਚਰਬੀ, ਕੈਲਸ਼ੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਲੋਹਾ, ਸੋਡੀਅਮ ਸਮੇਤ ਵਿਟਾਮਿਨ-ਏ, ਵਿਟਾਮਿਨ-ਬੀ ਵੀ ਕਾਫ਼ੀ ਮਾਤਰਾ 'ਚ ਹੁੰਦੇ ਹਨ। ਇਸ ਦਾ ਰਸ ਗਠੀਆ, ਬਲੱਡ ਪ੍ਰੈਸ਼ਰ ਤੇ ਦਿਲ ਦੇ ਰੋਗਾਂ ਲਈ ਗੁਣਕਾਰੀ ਹੁੰਦਾ ਹੈ।
- ਮੂਲੀ ਦੇ ਪੱਤਿਆਂ ਦੇ ਰਸ 'ਚ ਗੁਰਦਿਆਂ ਦੀ ਪੱਥਰੀ ਨੂੰ ਤੋੜ ਕੇ ਪਿਸ਼ਾਬ ਜ਼ਰੀਏ ਬਾਹਰ ਕੱਢਣ ਦੀ ਸ਼ਕਤੀ ਹੁੰਦੀ ਹੈ। ਮੂਲੀ ਦਾ ਸਾਗ ਪਾਚਣ ਸ਼ਕਤੀ ਨੂੰ ਵਧਾਉਂਦਾ ਹੈ। ਇਸ ਦੇ ਇਕ ਚਮਚ ਰਸ 'ਚ ਸ਼ਹਿਦ ਮਿਲਾ ਕੇ ਪੀਂਦੇ ਰਹਿਣ ਨਾਲ ਜਿਸਮਾਨੀ ਤਾਕਤ ਵਧਦੀ ਹੈ।
- ਪਾਲਕ ਦਾ ਸਾਗ ਹਰ ਤਰ੍ਹਾਂ ਦੀਆਂ ਸਰੀਰਕ ਜ਼ਹਿਰਾਂ ਨੂੰ ਨਾਸ਼ ਕਰਨ ਵਾਲਾ ਹੁੰਦਾ ਹੈ। ਖ਼ੂਨ ਦੀ ਕਮੀ ਦੂਰ ਕਰਨ ਦਾ ਇਹ ਸਸਤਾ ਤੇ ਵਧੀਆ ਸਾਧਨ ਹੈ। ਇਸ ਦੇ ਸੇਵਨ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਪੀਲੀਆ, ਪਿੱਤ, ਬੁਖ਼ਾਰ 'ਚ ਪਾਲਕ ਦਾ ਰਸ ਰਾਮਬਾਣ ਹੈ। •

# ਦਰਦਾਂ 'ਚ ਗੁਣਕਾਰੀ ਹੈ ਗੁੜ ਤੇ ਜ਼ੀਰੇ ਦਾ ਸੇਵਨ

ਬਦਲਦੇ ਮੌਸਮ 'ਚ ਸਰੀਰ ਅੰਦਰ ਦਰਦ ਹੋਣਾ ਆਮ ਗੱਲ ਹੈ। ਮੌਸਮ ਬਦਲਦਿਆਂ ਹੀ ਸਰਦੀ-ਜ਼ੁਕਾਮ, ਬੁਖ਼ਾਰ ਤੇ ਸਰੀਰ ਦਰਦ ਦੀ ਸਮੱਸਿਆ ਹੋਣ ਲਗਦੀ ਹੈ। ਇਨ੍ਹਾਂ ਸਮੱਸਿਆਵਾਂ ਤੋਂ ਰਾਹਤ ਪਾਉਣ ਲਈ ਬੇਹੱਦ ਗੁਣਕਾਰੀ ਉਪਾਅ ਹੈ ਗੁੜ ਅਤੇ ਜ਼ੀਰੇ ਦੇ ਪਾਣੀ ਦਾ ਸੇਵਨ। ਤਬੀਅਤ ਖ਼ਰਾਬ ਹੋਣ 'ਤੇ ਅਕਸਰ ਅਸੀਂ ਦਵਾਈ ਲੈਣ ਡਾਕਟਰ ਕੋਲ ਜਾਂਦੇ ਹਾਂ ਅਤੇ ਗਰਮ ਦਵਾਈਆਂ ਲੈ ਆਉਂਦੇ ਹਾਂ, ਜੋ ਸਿਹਤ ਲਈ ਨੁਕਸਾਨਦੇਹ ਵੀ ਹੁੰਦੀਆਂ ਹਨ। ਬਦਲਦੇ ਮੌਸਮ 'ਚ ਸਿਹਤਮੰਦ ਰਹਿਣ ਲਈ ਅਸਰਦਾਇਕ ਉਪਾਅ ਹੈ ਗੁੜ ਤੇ ਜ਼ੀਰਾ। ਆਮ ਤੌਰ 'ਤੇ ਜ਼ੀਰੇ ਦਾ ਇਸਤੇਮਾਲ ਘਰ ਵਿਚ ਮਸਾਲੇ ਦੇ ਤੌਰ 'ਤੇ ਕੀਤਾ ਜਾਂਦਾ ਹੈ, ਉਥੇ ਹੀ ਗੁੜ ਖਾਣ ਨਾਲ ਸਰੀਰ 'ਚ ਖ਼ੂਨ ਵਧਦਾ ਹੈ ਅਤੇ ਇਹ ਦੋਵੇਂ ਮਿਲ ਕੇ ਦਰਦ ਤੋਂ ਰਾਹਤ ਦਿਵਾਉਂਦੇ ਹਨ। ਆਓ, ਜਾਣਦੇ ਹਾਂ ਦਰਦ 'ਚ ਕਿਸ ਤਰ੍ਹਾਂ ਕੰਮ ਕਰੇਗਾ ਗੁੜ ਤੇ ਜ਼ੀਰੇ ਦਾ ਸੇਵਨ :

### ਨੁਸਖ਼ੇ

**ਅਨੀਮੀਆ** - ਗੁੜ ਅਤੇ ਜ਼ੀਰੇ ਦੇ ਸੇਵਨ ਨਾਲ ਸਰੀਰ ਦਾ ਦਰਦ ਤਾਂ ਘੱਟ ਹੁੰਦਾ ਹੀ ਹੈ, ਇਸ ਦੇ ਨਾਲ ਹੀ ਖ਼ੂਨ ਦੀ ਕਮੀ (ਅਨੀਮੀਆ) ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲਦਾ ਹੈ।

**ਪੇਟ ਗੈਸ** - ਗੁੜ ਤੇ ਜ਼ੀਰੇ ਦਾ ਪਾਣੀ ਪੀਣ ਨਾਲ ਪੇਟ ਗੈਸ, ਪੇਟ ਦਰਦ ਤੇ ਬਦਹਜ਼ਮੀ ਜਿਹੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ।

### ਇਮਿਊਨ ਸਿਸਟਮ

ਜ਼ੀਰੇ ਅਤੇ ਗੁੜ ਦਾ ਪਾਣੀ ਪੀਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਗੁੜ ਸਰੀਰ ਵਿਚਲੀ ਗੰਦਗੀ ਨੂੰ ਸਾਫ਼ ਕਰ ਕੇ ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ।

**ਬੁਖ਼ਾਰ ਤੇ ਸਿਰਦਰਦ**
ਸਿਰਦਰਦ ਅਤੇ ਬੁਖ਼ਾਰ 'ਚ ਗੁੜ ਅਤੇ ਜ਼ੀਰੇ ਦਾ ਪਾਣੀ ਪੀਣ ਨਾਲ ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਮਾਹਵਾਰੀ** - ਮਾਹਵਾਰੀ ਦਾ ਸਮੇਂ ਸਿਰ ਨਾ ਆਉਣਾ ਔਰਤਾਂ ਲਈ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਗੁੜ ਅਤੇ ਜ਼ੀਰੇ ਦਾ ਸੇਵਨ ਮਾਹਵਾਰੀ ਦੌਰਾਨ ਫ਼ਾਇਦੇਮੰਦ ਹੁੰਦਾ ਹੈ।

### ਕਿਵੇਂ ਬਣਾਈਏ ਗੁੜ ਤੇ ਜ਼ੀਰੇ ਦਾ ਪਾਣੀ

ਇਕ ਬਰਤਨ 'ਚ ਦੋ ਗਲਾਸ ਪਾਣੀ ਪਾ ਕੇ ਗਰਮ ਕਰੋ। ਉਸ 'ਚ ਗੁੜ ਤੇ ਜ਼ੀਰਾ ਪਾ ਕੇ ਚੰਗੀ ਤਰ੍ਹਾਂ ਉਬਾਲ ਲਵੋ। ਉਬਾਲਣ ਤੋਂ ਬਾਅਦ ਬਰਤਨ ਨੂੰ ਅੱਗ ਤੋਂ ਉਤਾਰ ਕੇ ਘੋਲ ਨੂੰ ਠੰਢਾ ਕਰ ਲਵੋ। ਫਿਰ ਪਾਣੀ ਨੂੰ ਛਾਣ ਕੇ ਰੱਖ ਲਵੋ। ਸਵੇਰੇ ਖਾਲੀ ਪੇਟ ਇਸ ਪਾਣੀ ਦਾ ਸੇਵਨ ਕਰੋ। ਕੁਝ ਦਿਨ ਲਗਾਤਾਰ ਇਹ ਪਾਣੀ ਪੀਣ ਨਾਲ ਸਰੀਰ ਦਾ ਹਰ ਤਰ੍ਹਾਂ ਦਾ ਦਰਦ ਘੱਟ ਹੋ ਸਕਦਾ ਹੈ ਜਾਂ ਕਹਿ ਲਵੋ ਦਰਦਾਂ ਤੋਂ ਛੁਟਕਾਰਾ ਮਿਲ ਸਕਦਾ ਹੈ। •



# ਔਰਤਾਂ ਦੀ ਸਿਹਤ ਲਈ ਵਰਦਾਨ ਅਸ਼ੋਕ ਰੁੱਖ

**ਵੈਦ ਬੀਕੇ ਸਿੰਘ**

ਔਰਤ ਮਾਂ, ਪਤਨੀ, ਸੱਸ, ਦਾਦੀ, ਨਾਨੀ ਤੋਂ ਅੱਗੇ ਕਿੰਨੇ ਹੀ ਪਿਆਰੇ ਤੇ ਪਵਿੱਤਰ ਰਿਸ਼ਤਿਆਂ ਨੂੰ ਜਨਮ ਦਿੰਦੀ ਹੈ। ਸਮੇਂ ਦੀ ਤਬਦੀਲੀ ਨਾਲ ਔਰਤਾਂ ਅਨੇਕਾਂ ਬਿਮਾਰੀਆਂ ਦੀ ਜ਼ਦ 'ਚ ਆ ਜਾਂਦੀਆਂ ਹਨ। ਔਰਤਾਂ 'ਚ ਆਮ ਪਾਈਆਂ ਜਾਣ ਵਾਲੀਆਂ ਬਿਮਾਰੀਆਂ ਮਾਹਵਾਰੀ 'ਚ ਤਬਦੀਲੀਆਂ, ਲਿਊਕੋਰੀਆ, ਗਰਭਪਾਤ ਆਦਿ ਅੱਜ ਆਮ ਹੋ ਗਈਆਂ ਹਨ। ਔਰਤਾਂ ਦੀਆਂ ਕਈ ਸਮੱਸਿਆਵਾਂ ਛੋਟੀ ਉਮਰੇ ਹੀ ਸ਼ੁਰੂ ਹੋ ਜਾਂਦੀਆਂ ਹਨ ਅਤੇ ਅਣਗਹਿਲੀ ਕਾਰਨ ਅੱਗੇ ਚੱਲ ਕੇ ਕਿਸੇ ਵੱਡੀ ਬਿਮਾਰੀ ਦਾ ਕਾਰਨ ਬਣਦੀਆਂ ਹਨ, ਜਿਸ ਨੂੰ ਆਮ ਭਾਸ਼ਾ 'ਚ ਬੇਔਲਾਦ ਹੋਣਾ ਕਿਹਾ ਜਾਂਦਾ ਹੈ। ਜ਼ਿਆਦਾਤਰ ਔਰਤਾਂ ਬੇਲੋੜੀਆਂ ਐਲੋਪੈਥਿਕ ਦਵਾਈਆਂ ਖਾ ਕੇ ਇਸ ਸਮੱਸਿਆ ਨੂੰ ਹੋਰ ਵਿਗਾੜ ਲੈਂਦੀਆਂ ਹਨ, ਜਿਵੇਂ ਮਾਹਵਾਰੀ ਦੌਰਾਨ ਦਰਦ ਤੋਂ ਰਾਹਤ ਲਈ ਦਰਦ ਰੋਕੂ ਦਵਾਈਆਂ ਦੀ ਵਰਤੋਂ ਇਸ ਦਾ ਕੋਈ ਪੱਕਾ ਹੱਲ ਨਹੀਂ ਹੈ। ਹੱਲ ਤਾਂ ਰੋਗ ਦਾ ਅਸਲ ਕਾਰਨ ਪਤਾ ਕਰਨ 'ਤੇ ਹੀ ਲੱਗੇਗਾ। ਪੁਰਾਣੇ ਸਮਿਆਂ 'ਚ ਔਰਤਾਂ ਦੇਸੀ ਦਵਾਈਆਂ ਰਾਹੀਂ ਇਲਾਜ ਨੂੰ ਪਹਿਲ ਦਿੰਦੀਆਂ ਸਨ, ਇਸੇ ਲਈ ਉਹ ਵਡੇਰੀ ਉਮਰ ਤਕ ਤੰਦਰੁਸਤ ਰਹਿੰਦੀਆਂ ਸਨ। ਔਰਤਾਂ ਨੂੰ ਨਿਰੋਗ ਰੱਖਣ ਵਿਚ 'ਅਸ਼ੋਕ ਦਾ ਦਰੱਖ਼ਤ' ਇਕ ਵਿਲੱਖਣ ਤੋੜ ਹੈ।

### ਅਸ਼ੋਕ ਰੁੱਖ

ਇਹ ਦਰੱਖ਼ਤ 25-30 ਫੁੱਟ ਉੱਚਾ ਹੁੰਦਾ ਹੈ। ਇਸ ਦੇ ਪੱਤੇ ਅੰਬ ਦੇ ਪੱਤਿਆਂ ਵਾਂਗ ਲੰਬੇ ਅਤੇ 3-6 ਦੀ ਗਿਣਤੀ ਵਿਚ ਗੁੱਛਿਆਂ 'ਚ ਨਿਕਲਦੇ ਹਨ। ਪਹਿਲਾਂ-ਪਹਿਲਾਂ ਪੱਤਿਆਂ ਦਾ ਰੰਗ ਫਿੱਕਾ ਹਰਾ ਅਤੇ ਸਫ਼ੈਦ ਭਾਅ ਮਾਰਦਾ ਹੈ। ਹੌਲੀ-ਹੌਲੀ ਇਹ ਪੱਤੇ ਗੂੜ੍ਹੇ ਹਰੇ ਰੰਗ ਦੇ ਹੋ ਜਾਂਦੇ ਹਨ। ਇਸ ਦੇ ਫੁੱਲ ਸੁਨਹਿਰੀ ਰੰਗ ਦੇ ਲਾਲੀ ਵਾਲੇ ਹੁੰਦੇ ਹਨ। ਫਲੀ 4 ਤੋਂ 10 ਇੰਚ ਲੰਬੀ ਤੇ 1-2 ਇੰਚ ਚੌੜੀ ਹੁੰਦੀ ਹੈ, ਜਿਸ ਵਿੱਚੋਂ ਬੀਜ ਨਿਕਲਦੇ ਹਨ। ਮਾਹਵਾਰੀ ਬੰਦ ਹੋਣ ਸਮੇਂ ਪੈਦਾ ਹੋਣ ਵਾਲੇ ਰੋਗਾਂ ਦੀ ਇਹ ਸਫਲ ਦਵਾਈ ਹੈ। ਆਓ, ਜਾਣਦੇ ਹਾਂ ਇਸ ਰੁੱਖ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ :







- ਅਸ਼ੋਕ ਦੇ ਰੁੱਖ ਦੇ ਛਿਲਕੇ ਦਾ ਚੂਰਨ 3 ਗ੍ਰਾਮ, ਸ਼ੁੱਧ ਰਸੌਂਤ 1 ਗ੍ਰਾਮ ਮਿਲਾ ਕੇ ਚੌਲਾਂ ਦੀ ਪਿੱਛ ਨਾਲ ਲਵੋ। ਇਸ ਨਾਲ ਮਹਾਵਾਰੀ ਸਮੇਂ ਜ਼ਿਆਦਾ ਖ਼ੂਨ ਪੈਣ ਦੀ ਸਮੱਸਿਆ ਠੀਕ ਹੁੰਦੀ ਹੈ।
- ਅਸ਼ੋਕ ਦੇ ਛਿਲਕੇ ਦੀ 10 ਗ੍ਰਾਮ ਮਾਤਰਾ ਚੌਲਾਂ ਦੀ ਪਿੱਛ ਨਾਲ ਰੋਜ਼ ਲਵੋ। ਇਹ ਲਿਊਕੋਰੀਏ ਦੀ ਸਮੱਸਿਆ ਹੋਣ 'ਤੇ ਬੇਹੱਦ ਫ਼ਾਇਦੇਮੰਦ ਹੈ।

**ਪੁਰਾਣੇ ਸਮਿਆਂ 'ਚ ਔਰਤਾਂ ਦੇਸੀ ਦਵਾਈਆਂ ਰਾਹੀਂ ਇਲਾਜ ਨੂੰ ਪਹਿਲ ਦਿੰਦੀਆਂ ਸਨ ਤੇ ਵਡੇਰੀ ਉਮਰ ਤਕ ਤੰਦਰੁਸਤ ਰਹਿੰਦੀਆਂ ਸਨ। ਔਰਤਾਂ ਨੂੰ ਨਿਰੋਗ ਰੱਖਣ 'ਚ 'ਅਸ਼ੋਕ ਦਾ ਦਰੱਖ਼ਤ' ਇਕ ਵਿਲੱਖਣ ਤੋੜ ਹੈ...**

- ਅਸ਼ੋਕ ਦਾ ਛਿਲਕਾ 3 ਗ੍ਰਾਮ, ਤਾਲਮਖਾਣਾ 2 ਗ੍ਰਾਮ, ਮਿਸਰੀ 5 ਗ੍ਰਾਮ, ਗਾਂ ਦੇ ਦੁੱਧ ਨਾਲ ਸ਼ਵੇਰੇ-ਸ਼ਾਮ ਲਵੋ। ਇਸ ਨਾਲ ਹੀ ਸੁਪਾਰੀ ਪਾਕ 5-5 ਗ੍ਰਾਮ ਵੀ ਲਵੋ। ਲਿਊਕੋਰੀਆ ਦੀ ਸਮੱਸਿਆ ਨੂੰ ਦੂਰ ਕਰਨ 'ਚ ਕਾਰਗਰ ਹੈ।
- ਅਸ਼ੋਕ ਦੀ ਛਿੱਲ, ਲੋਧ, ਕੌਲ ਡੋਡੇ ਦੀ ਗਿਰੀ ਦੀ ਖ਼ੀਰ ਬਣਾ ਕੇ ਰੋਜ਼ ਖਾਓ।
- ਅਸ਼ੋਕ ਦੇ ਬੀਜ 5 ਗ੍ਰਾਮ ਪੀਸ ਕੇ ਪੀਣ ਨਾਲ ਪਿਸ਼ਾਬ ਸਬੰਧੀ ਸਮੱਸਿਆਵਾਂ ਦੂਰ ਹੁੰਦੀਆਂ ਹਨ।
- ਅਸ਼ੋਕ ਦੀ ਛਿੱਲ ਨੂੰ 1 ਕਿਲੋ ਮੋਟਾ-ਮੋਟਾ ਕੁੱਟ ਲਵੋ। 16 ਕਿੱਲੋ ਪਾਣੀ 'ਚ ਪਾ ਕੇ ਕਾੜ੍ਹਾ ਬਣਾ ਲਵੋ ਤੇ ਅੱਗ 'ਤੇ ਰੱਖ ਦਿਓ। ਜਦੋਂ ਪਾਣੀ ਉੱਬਲ-ਉੱਬਲ ਕੇ ਚੌਥਾ ਹਿੱਸਾ ਰਹਿ ਜਾਵੇ ਤਾਂ ਚਾਰ ਕਿੱਲੋ ਮਿਸਰੀ ਮਿਲਾ ਕੇ ਇਸ ਘੋਲ ਨੂੰ ਚੰਗੀ ਤਰ੍ਹਾਂ ਹਿਲਾਉਂਦੇ ਰਹੋ। ਸਰਬਤ ਵਾਂਗ ਗਾੜ੍ਹਾ ਹੋਣ 'ਤੇ ਇਸ ਨੂੰ ਅੱਗ ਤੋਂ ਉਤਾਰ ਲਓ। ਸਰਬਤ ਦੀ ਚਾਸਨੀ ਗਾੜ੍ਹੀ ਹੋਣੀ ਜ਼ਰੂਰੀ ਹੈ। 10 ਤੋਂ 20 ਗ੍ਰਾਮ ਪਾਣੀ 'ਚ ਮਿਲਾ ਕੇ ਦਿਨ 'ਚ ਤਿੰਨ ਵਾਰ ਲਵੋ। ਇਸ ਨਾਲ ਪ੍ਰਦਰ ਜਾਂ ਮਹਾਵਾਰੀ ਸਬੰਧੀ ਤਕਲੀਫ਼ਾਂ ਠੀਕ ਹੁੰਦੀਆਂ ਹਨ।
- ਅਸ਼ੋਕਾਰਿਸਟ, ਅਸ਼ੋਕ ਦੇ ਦਰੱਖ਼ਤ ਤੋਂ ਹੀ ਤਿਆਰ ਹੁੰਦਾ ਹੈ ਤੇ ਇਸ ਵਿਚ ਹੋਰ ਵੀ ਕਈ ਦਵਾਈਆਂ ਪੈਂਦੀਆਂ ਹਨ। ਇਸ ਵਿਚਲਾ ਜ਼ਰੂਰੀ ਘਟਕ ਅਸ਼ੋਕ ਹੀ ਹੈ। ਬਾਜ਼ਾਰ ਤੋਂ ਮਿਲਣ ਵਾਲੀ ਇਸ ਦਵਾਈ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।
- ਅਸ਼ੋਕ ਦਾ ਛਿਲਕਾ 100 ਗ੍ਰਾਮ, ਸੰਗਜਰਾਹਤ, ਸੋਨਾ-ਗੇਰੂ 20 ਗ੍ਰਾਮ ਤੇ ਮਿਸਰੀ 50 ਗ੍ਰਾਮ, ਸਾਰੀਆਂ ਚੀਜ਼ਾਂ ਨੂੰ ਕੁੱਟ ਕੇ ਕੱਪੜਛਾਣ ਕਰ ਲਵੋ ਤੇ ਇਸ ਚੂਰਨ ਨੂੰ ਸਵੇਰੇ-ਸ਼ਾਮ 3-3 ਗ੍ਰਾਮ ਪਾਣੀ ਨਾਲ ਲਵੋ, ਲਕੋਰੀਆ ਠੀਕ ਹੋਵੇਗਾ।

ਕੁਦਰਤ ਦੇ ਅਣਮੁੱਲੇ ਰੁੱਖਾਂ ਦੀ ਜਾਣਕਾਰੀ ਵੱਲ ਧਿਆਨ ਦਿਓ। ਇਹ ਬੁਹਤ ਰੋਗਾਂ 'ਚ ਫ਼ਾਇਦੇਮੰਦ ਹੁੰਦੇ ਹਨ। •

98726-10005



# ਹੱਡੀਆਂ ਨੂੰ ਬਣਾਏ ਖੋਖਲਾ ਆਸਟੀਓਪਰੋਸਿਸ

**ਡਾ. ਰਿਪੁਦਮਨ ਸਿੰਘ**
**ਡਾ. ਸੁਧੀਰ ਗੁਪਤਾ**

ਆਸਟੀਓਪਰੋਸਿਸ ਹੱਡੀਆਂ ਨੂੰ ਭੁਰਭੁਰਾ ਤੇ ਖੋਖਲਾ ਬਣਾਉਣ ਵਾਲਾ ਅਜਿਹਾ ਰੋਗ ਹੈ, ਜਿਸ ਕਾਰਨ ਹੱਡੀਆਂ ਸਰੀਰ ਦੇ ਅੰਦਰ ਹੀ ਆਸਾਨੀ ਨਾਲ ਟੁੱਟ ਜਾਂਦੀਆਂ ਹਨ। ਇਸ ਨੂੰ ਇਕ ਖ਼ਾਮੋਸ਼ ਰੋਗ ਵੀ ਕਿਹਾ ਜਾਂਦਾ ਹੈ, ਕਿਉਂਕਿ ਆਮ ਤੌਰ 'ਤੇ ਜਦੋਂ ਤਕ ਵਿਅਕਤੀ ਨੂੰ ਫਰੈਕਚਰ ਨਹੀਂ ਹੁੰਦਾ, ਉਦੋਂ ਤਕ ਇਸ ਦਾ ਪਤਾ ਨਹੀਂ ਲਗਦਾ। ਇਸ ਰੋਗ ਦੌਰਾਨ ਹੱਡੀਆਂ ਇਸ ਹੱਦ ਤਕ ਕਮਜ਼ੋਰ ਹੋ ਜਾਂਦੀਆਂ ਹਨ ਕਿ ਹਲਕਾ ਜਿਹਾ ਝਟਕਾ ਲੱਗਣ, ਡਿਗਣ ਅਤੇ ਇਥੋਂ ਤਕ ਕਿ ਛਿੱਕ ਮਾਰਨ ਤੇ ਖੰਘਣ ਨਾਲ ਵੀ ਰੀੜ੍ਹ ਦੀ ਹੱਡੀ ਫਰੈਕਚਰ ਹੋ ਸਕਦੀ ਹੈ। ਅਜਿਹੀ ਹਾਲਤ ਅਚਾਨਕ ਹੀ ਪੈਦਾ ਨਹੀਂ ਹੁੰਦੀ, ਸਗੋਂ ਉਮਰ ਵਧਣ ਨਾਲ ਵਿਕਸਿਤ ਹੁੰਦੀ ਹੈ ਅਤੇ ਤੇਜ਼ੀ ਨਾਲ ਵਧਦੀ ਹੈ। ਆਸਟੀਓਪਰੋਸਿਸ ਹੁਣ ਵਡੇਰੀ ਉਮਰ ਦੇ ਮੁਕਾਬਲੇ ਜਵਾਨ ਲੋਕਾਂ ਨੂੰ ਵੀ ਆਪਣੀ ਜ਼ਦ 'ਚ ਲੈ ਰਿਹਾ ਹੈ।

### ਵਿਟਾਮਿਨ-ਡੀ ਦੀ ਕਮੀ

ਮਾਹਿਰਾਂ ਅਨੁਸਾਰ ਭਾਰਤੀਆਂ ਵਿਚ ਜੀਵਨ ਆਸਰਾ ਵਧਣ ਦੇ ਨਾਲ-ਨਾਲ ਔਰਤਾਂ ਵਿਚ ਵਿਟਾਮਿਨ-ਡੀ ਦੀ ਕਮੀ ਦਾ ਕਹਿਰ ਵੀ ਵਧ ਰਿਹਾ ਹੈ। ਵਿਟਾਮਿਨ-ਡੀ ਦੀ ਕਮੀ ਦੀ ਵਿਆਪਕ ਸਮੱਸਿਆ ਦੇ ਨਾਲ-ਨਾਲ ਘੱਟ ਮਾਤਰਾ ਵਿਚ ਚ ਕੈਲਸ਼ੀਅਮ ਦਾ ਸੇਵਨ, ਆਸਟੀਓਪਰੋਸਿਸ ਬਾਰੇ ਘੱਟ ਜਾਣਕਾਰੀ ਤੇ ਭਾਰਤੀ ਔਰਤਾਂ 'ਚ ਆਸਟੀਓਪਰੋਸਿਸ ਨੂੰ ਪਛਾਨਣ 'ਚ ਮੁਸ਼ਕਲ ਕਾਰਨਾਂ ਕਰਕੇ ਭਾਰਤ 'ਚ ਖ਼ਾਸ ਕਰਕੇ ਪੰਜਾਬੀ ਔਰਤਾਂ 'ਚ ਆਸਟੀਓਪਰੋਸਿਸ ਮੁੱਖ ਸਿਹਤ ਸਮੱਸਿਆ ਬਣ ਗਈ ਹੈ। ਅੰਕੜਿਆਂ ਮੁਤਾਬਿਕ ਭਾਰਤ 'ਚ ਲਗਪਗ 80 ਫ਼ੀਸਦੀ ਮਹਿਲਾਵਾਂ, ਭਾਵ ਹਰ ਚਾਰ 'ਚੋਂ ਤਿੰਨ ਤੋਂ ਜ਼ਿਆਦਾ ਔਰਤਾਂ ਆਸਟੀਓਪਰੋਸਿਸ ਨਾਲ ਪੀੜਤ ਹੋ ਰਹੀਆਂ ਹਨ। ਕਾਰਟੀਲੇਜ਼ ਸੁਸਾਇਟੀ ਅਨੁਸਾਰ 100 ਬਜ਼ੁਰਗਾਂ ਵਿੱਚੋਂ 30 ਫ਼ੀਸਦੀ ਲੋਕ ਆਸਟੀਓਪਰੋਸਿਸ ਤੋਂ ਪੀੜਤ ਹੁੰਦੇ ਹਨ।

### ਟੈਸਟ

ਬਿਨਾਂ ਟੈਸਟਾਂ ਤੋਂ ਇਸ ਬਿਮਾਰੀ ਬਾਰੇ ਪਤਾ ਨਹੀਂ ਲਾਇਆ ਜਾ ਸਕਦਾ। ਮੈਡੀਕਲ ਕੈਂਪਾਂ 'ਚ ਕੀਤੇ ਜਾਂਦੇ ਬੀਐੱਮਡੀ ਦੇ ਟੈਸਟ ਬਹੁਤੇ ਕਾਰਗਾਰ ਨਹੀਂ ਹੁੰਦੇ। ਇਸ ਲਈ ਸੰਪੂਰਨ ਟੈਸਟ ਕਰਵਾਉਣੇ ਚਾਹੀਦੇ ਹਨ। ਡੈਕਸਾਸਥੇਨ ਬਹੁਤ ਜ਼ਰੂਰੀ ਹੁੰਦਾ ਹੈ। ਡਾਕਟਰੀ ਇਲਾਜ ਤਹਿਤ ਦਵਾਈਆਂ ਅਤੇ ਇੰਜੈਕਸ਼ਨ ਦੀ ਵੀ ਜ਼ਰੂਰਤ ਪੈ ਸਕਦੀ ਹੈ, ਜਿਸ ਬਾਰੇ ਡਾਕਟਰ ਹੀ ਬਿਹਤਰ ਦੱਸ ਸਕਦਾ ਹੈ।

### ਬਚਾਅ

ਆਸਟੀਓਪਰੋਸਿਸ ਦੇ ਖ਼ਤਰੇ ਤੋਂ ਬਚਣ ਲਈ ਕੈਲਸ਼ੀਅਮ, ਪ੍ਰੋਟੀਨ, ਮੈਗਨੀਸ਼ੀਅਮ ਤੇ ਵਿਟਾਮਿਨ-ਡੀ ਭਰਪੂਰ ਖਾਣਾ ਲਾਭਕਾਰੀ ਹੁੰਦਾ ਹੈ। ਤੰਬਾਕੂ ਤੇ ਸ਼ਰਾਬ ਦੇ ਸੇਵਨ ਨੂੰ ਜਿੰਨਾ ਸੰਭਵ ਹੋ ਸਕੇ ਘੱਟ ਕਰ ਦੇਣਾ ਚਾਹੀਦਾ ਹੈ। ਲਾਲ ਮਾਸ ਅਤੇ ਕੈਫੀਨ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਡਾਕਟਰ ਦੀ ਸਲਾਹ ਨਾਲ ਕੈਲਸ਼ੀਅਮ ਤੇ ਵਿਟਾਮਿਨ-ਡੀ ਸਪਲੀਮੈਂਟ ਵੀ ਲੈਣੇ ਚਾਹੀਦੇ ਹਨ। ਹਾਲਾਂਕਿ, ਕਸਰਤ ਨਾਲ ਹੱਡੀਆਂ ਦੀ ਘਣਤਾ 'ਚ ਵਾਧਾ ਨਹੀਂ ਹੁੰਦਾ, ਲੇਕਿਨ ਇਸ ਨਾਲ ਸਿਹਤ 'ਚ ਕਾਫ਼ੀ ਸੁਧਾਰ ਹੁੰਦਾ ਹੈ ਤੇ ਆਸਟੀਓਪਰੋਸਿਸ ਨੂੰ ਰੋਕਣ 'ਚ ਮਦਦ ਮਿਲਦੀ ਹੈ। ਸਰੀਰਕ ਸਰਗਰਮੀਆਂ ਵਧਾਓ ਤੇ ਰੋਜ਼ਾਨਾ ਕਸਰਤ ਕਰੋ, ਯੋਗ ਅਭਿਆਸ ਕਰੋ,

**ਆਸਟੀਓਪਰੋਸਿਸ ਦਾ ਖ਼ਤਰਾ**
*ਆਰਥਰਾਈਟਸ ਕੇਅਰ ਵੱਲੋਂ ਲਗਾਏ ਜਾਣ ਵਾਲੇ ਮੈਡੀਕਲ ਕੈਂਪਾਂ ਵਿਚ ਆਉਣ ਵਾਲੇ ਹੁਣ 35-40 ਸਾਲ ਉਮਰ ਦੇ ਜਵਾਨ ਲੋਕਾਂ ਵਿਚ ਵੀ ਬੋਨ ਮਿਨਰਲ ਡੈਨਸਿਟੀ ਘੱਟ ਪਾਈ ਜਾਂਦੀ ਹੈ, ਜਿਸ ਕਾਰਨ ਉਨ੍ਹਾਂ 'ਚ ਆਸਟੀਓਪਰੋਸਿਸ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।*
*ਇਸ ਰੋਗ ਬਾਰੇ ਵਿਅਕਤੀ ਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਕਦੇ ਉਸ ਦੀ ਕੋਈ ਹੱਡੀ ਫਰੈਕਚਰ ਹੁੰਦੀ ਹੈ।*

ਕਿਉਂਕਿ ਇਹ ਸਰੀਰ 'ਚ ਲਚਕੀਲਾਪਣ ਤੇ ਤਾਕਤ ਵਧਾਉਂਦੇ ਹਨ। ਦਿਨ 'ਚ ਇਕ ਵਾਰ ਪੌੜੀਆਂ ਜ਼ਰੂਰ ਚੜ੍ਹਨੀਆਂ-ਉਤਰਨੀਆਂ ਚਾਹੀਦੀਆਂ ਹਨ। ਤੰਦਰੁਸਤ ਰਹਿਣ ਲਈ ਹੱਡੀਆਂ ਤੇ ਮਨੁਖੀ ਪਿੰਜਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਸਮਰੱਥ ਸੰਤੁਲਿਤ ਭੋਜਨ ਖਾਓ, ਮਾਹਿਰ ਦੀ ਦੇਖ-ਰੇਖ ਹੇਠ ਕਸਰਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਤੁਲਿਤ ਖਾਣਾ ਤੇ ਸਰਗਰਮ ਜੀਵਨਸ਼ੈਲੀ ਦਾ ਪਾਲਣ ਕਰਕੇ ਆਸਟੀਓਪਰੋਸਿਸ ਤੋਂ ਬਚਿਆ ਤਾਂ ਨਹੀਂ ਜਾ ਸਕਦਾ ਪਰ ਘੱਟ ਤੋਂ ਘੱਟ ਇਸ ਦੀ ਸੰਭਾਵਨਾ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਜੇ ਸੰਸਾਰ 'ਚ ਰੋਗ ਹਨ ਤਾਂ ਉਨ੍ਹਾਂ ਦਾ ਇਲਾਜ ਵੀ ਹੈ। ਇਸ ਲਈ ਜ਼ਰੂਰਤ ਹੈ ਕਿ ਰੋਗ ਬਾਰੇ ਪਹਿਲਾਂ ਡਾਕਟਰ ਨਾਲ ਸੰਪਰਕ ਕਰੋ। ਡਾਕਟਰ ਦਾ ਫਰਜ਼ ਬਣਦਾ ਹੈ ਕਿ ਉਹ ਮਰੀਜ਼ ਨੂੰ ਮਾਹਿਰ ਹੱਡੀਆਂ ਦੇ ਡਾਕਟਰ ਕੋਲ ਭੇਜੇ ਨਾ ਕਿ ਆਪਣੇ ਪੱਧਰ 'ਤੇ ਦਵਾਈ ਦੇਵੇ। ਸੱਚ ਤਾਂ ਇਹੀ ਹੈ ਕਿ ਆਸਟੀਓਪਰੋਸਿਸ ਬਾਰੇ ਜਾਣਕਾਰੀ ਹੀ ਅਹਿਮ ਬਚਾਅ ਹੈ। •

98152-00134

# ਕਈ ਰੋਗਾਂ ਦੀ ਇਕ ਦਵਾਈ 'ਅਦਰਕ'

ਸਰਦੀਆਂ ਦਾ ਮੌਸਮ ਹੈ ਤਾਂ ਹਰ ਘਰ 'ਚ ਅਦਰਕ ਵਾਲੀ ਚਾਹ ਤਾਂ ਬਣਦੀ ਹੀ ਹੈ। ਗਰਮ ਚਾਹ ਦੀਆਂ ਚੁਸਕੀਆਂ ਸਰਦੀ ਦਾ ਮਜ਼ਾ ਹੋਰ ਵਧਾ ਦਿੰਦੀਆਂ ਹਨ। ਅਦਰਕ ਨੂੰ ਔਸ਼ਧੀ ਦੇ ਰੂਪ 'ਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਅਦਰਕ ਵਾਲੀ ਚਾਹ ਸੁਆਦੀ ਹੋਣ ਦੇ ਨਾਲ-ਨਾਲ ਸਿਹਤ ਲਈ ਵੀ ਫ਼ਾਇਦੇਮੰਦ ਹੈ। ਅਦਰਕ 'ਚ ਐਂਟੀ ਇਨਫਲਾਮੇਟਰੀ, ਐਂਟੀ-ਬੈਕਟੀਰੀਅਲ ਤੇ ਐਂਟੀਆਕਸੀਡੈਂਟਸ ਹੁੰਦੇ ਹਨ, ਜੋ ਸਿਰਦਰਦ, ਜ਼ੁਕਾਮ ਤੇ ਬਦਹਜ਼ਮੀ ਦੀ ਸਮੱਸਿਆ ਤੋਂ ਨਿਜਾਤ ਦਿਵਾਉਂਦੇ ਹਨ।

ਸਰਦੀਆਂ ਵਿਚ ਚਾਹ, ਕੌਫੀ ਅਤੇ ਸੂਪ ਪੀਣ ਨਾਲ ਸਰੀਰ ਨੂੰ ਆਰਾਮ ਮਿਲਦਾ ਹੈ। ਅਦਰਕ 'ਚ ਵਿਟਾਮਿਨ-ਏ, ਵਿਟਾਮਿਨ-ਈ, ਆਇਰਨ, ਵਿਟਾਮਿਨ-ਡੀ ਅਤੇ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦਾ ਹੈ। ਆਓ, ਜਾਣਦੇ ਹਾਂ ਅਦਰਕ ਦੇ ਫ਼ਾਇਦਿਆਂ ਬਾਰੇ :

- ਅਦਰਕ ਦਾ ਸੇਵਨ ਸਰੀਰ ਦੇ ਇਮਿਊਨਿਟੀ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ। ਅਦਰਕ 'ਚ ਐਂਟੀ ਬੈਕਟੀਰੀਅਲ ਅਤੇ ਐਂਟੀਆਕਸੀਡੈਂਟ ਗੁਣ ਹੁੰਦੇ ਹਨ, ਜੋ ਕਈ ਬਿਮਾਰੀਆਂ ਤੋਂ ਬਚਾਉਣ 'ਚ ਸਹਾਈ ਹੁੰਦੇ ਹਨ। ਅਦਰਕ 'ਚ ਵਿਟਾਮਿਨਜ਼ ਵੀ ਭਰਪੂਰ ਮਾਤਰਾ 'ਚ ਹੁੰਦੇ ਹਨ, ਜੋ ਸਰੀਰ ਨੂੰ ਊਰਜਾ ਦਿੰਦੇ ਹਨ।
- ਅਦਰਕ ਵਿਚਲੇ ਐਂਟੀ ਬੈਕਟੀਰੀਅਲ ਗੁਣ ਸਰੀਰ ਨੂੰ ਐਲਰਜੀ ਅਤੇ ਇਨਫੈਕਸ਼ਨ ਤੋਂ ਬਚਾਈ ਰੱਖਦੇ ਹਨ।
- ਅਦਰਕ ਦੇ ਸੇਵਨ ਨਾਲ ਪੇਟ ਦਰਦ ਤੇ ਗੈਸ ਦੀ ਸਮੱਸਿਆ ਤੋਂ ਨਿਜਾਤ ਮਿਲਦੀ ਹੈ। ਅਦਰਕ ਦੇ ਰਸ 'ਚ ਨਿੰਬੂ ਦਾ ਰਸ ਤੇ ਕਾਲਾ ਨਮਕ ਮਿਲਾ ਕੇ ਪੀਣ ਨਾਲ ਪਾਚਨ ਪ੍ਰਕਿਰਿਆ ਮਜ਼ਬੂਤ ਹੁੰਦੀ ਹੈ।
- ਮੋਟਾਪੇ ਦੇ ਸ਼ਿਕਾਰ ਲੋਕਾਂ ਲਈ ਅਦਰਕ ਦੀ ਚਾਹ ਦਾ ਸੇਵਨ ਫ਼ਾਇਦੇਮੰਦ ਹੈ। ਭਾਰ ਘਟਾਉਣ ਲਈ ਅਦਰਕ ਦੇ ਰਸ ਜਾਂ ਅਦਰਕ ਵਾਲੀ ਚਾਹ ਦਾ ਸੇਵਨ ਕਰੋ। ਅਦਰਕ 'ਚ ਕੌਰਟੀਸੋਲ ਭਰਪੂਰ ਮਾਤਰਾ 'ਚ ਹੋਣ ਕਾਰਨ ਪੇਟ ਦੀ ਚਰਬੀ ਤੇ ਸਰੀਰ ਦੇ ਦੂਸਰੇ ਅੰਗਾਂ 'ਚ ਜਮ੍ਹਾਂ ਹੋਈ ਚਰਬੀ ਘੱਟ ਹੁੰਦੀ ਹੈ। •



# ਡਾਇਬਟੀਜ਼ ਕਰੇ ਕੰਟਰੋਲ ਮੂਲੀ

ਮੂਲੀ ਨੂੰ ਸਲਾਦ ਜਾਂ ਸਬਜ਼ੀ ਵਿਚ ਪਾ ਕੇ ਤਾਂ ਸਾਰੇ ਖਾਂਦੇ ਹਨ ਪਰ ਇਸ ਦੇ ਫ਼ਾਇਦੇ ਬਹੁਤ ਘੱਟ ਲੋਕ ਜਾਣਦੇ ਹਨ। ਮੂਲੀ ਖਾਣ ਨਾਲ ਬਲੱਡ ਪ੍ਰੈਸ਼ਰ ਤੋਂ ਲੈ ਕੇ ਡਾਇਬਟੀਜ਼ ਤਕ ਦੇ ਲਾਭ ਹੁੰਦੇ ਹਨ।

### ਫ਼ਾਇਦੇ

- ਡਾਇਬਟੀਜ਼ ਦੇ ਰੋਗੀ ਰੋਜ਼ ਸਵੇਰੇ ਬਿਨਾਂ ਪੱਤੇ ਵਾਲੀ ਮੂਲੀ ਖਾਣ, ਜਿਸ ਨਾਲ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ। ਮੂਲੀ ਸਾਡੇ ਖ਼ੂਨ 'ਚ ਸ਼ੂਗਰ ਜਾਂ ਗਲੂਕੋਜ਼ ਦੇ ਪੱਧਰ ਨੂੰ ਕਾਬੂ ਰੱਖਣ 'ਚ ਰਾਮਬਾਣ ਦਵਾਈ ਹੈ।
- ਬਲੱਡ ਪ੍ਰੈਸ਼ਰ ਦੇ ਰੋਗੀਆਂ ਲਈ ਵੀ ਮੂਲੀ ਕਾਫ਼ੀ ਗੁਣਕਾਰੀ ਹੈ। ਮੂਲੀ ਵਿਚ ਐਂਟੀ ਹਾਈਪਰਟੈਂਸਿਵ ਤੱਤ ਪਾਇਆ ਜਾਂਦਾ ਹੈ। ਇਹ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦੀ ਹੈ।
- ਮੂਲੀ 'ਚ ਵਿਟਾਮਿਨ-ਏ, ਵਿਟਾਮਿਨ-ਬੀ ਤੇ ਵਿਟਾਮਿਨ-ਸੀ ਪਾਇਆ ਜਾਂਦਾ ਹੈ। ਇਹ ਅੱਖਾਂ ਦੀ ਰੌਸ਼ਨੀ ਵਧਾਉਂਦੀ ਹੈ। ਰੋਜ਼ਾਨਾ ਸਵੇਰੇ ਮੂਲੀ ਖਾਣ ਨਾਲ ਅੱਖਾਂ ਦੀ ਰੌਸ਼ਨੀ ਘੱਟ ਨਹੀਂ ਹੁੰਦੀ।
- ਇਸ 'ਚ ਐਂਟੀ-ਫੈਟ ਤੱਤ ਹੁੰਦੇ ਹਨ। ਸਲਾਦ 'ਚ ਮੂਲੀ ਖਾਣ ਨਾਲ ਮੋਟਾਪਾ ਘੱਟ ਹੁੰਦਾ ਹੈ। •



# ਸਿਹਤਮੰਦ ਰਹਿਣ ਲਈ ਨਹੀਂ ਜਾਣਾ ਪਵੇਗਾ ਜਿੰਮ

**ਆਪਣੇ ਆਪ ਨੂੰ ਸਿਹਤਮੰਦ ਰੱਖਣਾ ਬੇਸ਼ੱਕ ਵੱਡੀ ਚੁਣੌਤੀ ਹੈ। ਅੱਜ ਹਰ ਵਿਅਕਤੀ ਨੂੰ ਪਤਾ ਕਿ ਰੋਜ਼ਾਨਾ ਦੌੜ ਕੇ ਤੇ ਪਸੀਨਾ ਵਹਾ ਕੇ ਜ਼ਿੰਦਗੀ ਨੂੰ ਚੁਸਤ ਬਣਾਇਆ ਜਾ ਸਕਦਾ ਹੈ...**

ਰੁਝੇਵਿਆਂ ਭਰੀ ਅਜੋਕੀ ਜ਼ਿੰਦਗੀ 'ਚ ਆਪਣੇ ਆਪ ਨੂੰ ਫਿੱਟ ਜਾਂ ਸਿਹਤਮੰਦ ਰੱਖਣਾ ਬੇਸ਼ੱਕ ਵੱਡੀ ਚੁਣੌਤੀ ਹੈ। ਇਸ ਲਈ ਬਹੁਤੇ ਲੋਕ ਫਿੱਟ ਰਹਿਣ ਵਾਸਤੇ ਜਿੰਮ ਜਾਣ ਨੂੰ ਪਹਿਲ ਦਿੰਦੇ ਹਨ, ਖ਼ਾਸ ਕਰਕੇ ਸ਼ਹਿਰਾਂ ਦੇ ਲੋਕਾਂ ਅੰਦਰ ਜਿੰਮ ਜਾਣ ਲਈ ਜ਼ਿਆਦਾ ਉਤਸ਼ਾਹ ਹੁੰਦਾ ਹੈ ਪਰ ਹੁਣ ਇਕ ਖੋਜ ਵਿਚ ਅਹਿਮ ਖੁਲਾਸਾ ਕੀਤਾ ਗਿਆ ਹੈ, ਜਿਸ ਨੂੰ ਜਾਣਨ ਤੋਂ ਬਾਅਦ ਤੁਸੀਂ ਜਿੰਮ ਜਾਣਾ ਬੰਦ ਕਰ ਦੇਵੋਗੇ। ਇਸ ਖੋਜ 'ਚ ਖੁਲਾਸਾ ਹੋਇਆ ਹੈ ਕਿ ਜਿੰਮ ਜਾ ਕੇ ਕਸਰਤ ਕਰਨ ਦੀ ਤੁਲਨਾ 'ਚ ਪੈਦਲ ਚੱਲਣ ਤੇ ਦੌੜਨ ਵਾਲੇ ਲੋਕ ਜ਼ਿਆਦਾ ਫਿੱਟ ਰਹਿੰਦੇ ਹਨ। ਹਾਲ ਹੀ 'ਚ ਅਮਰੀਕੀ ਕੈਂਸਰ ਸੁਸਾਇਟੀ ਨੇ ਇਸ ਵਿਸ਼ੇ 'ਤੇ ਖੋਜ ਕੀਤੀ ਹੈ। ਇਸ ਦੌਰਾਨ ਇਹ ਸਾਹਮਣੇ ਆਇਆ ਕਿ ਜਿਹੜੇ ਲੋਕ ਹਫ਼ਤੇ 'ਚ ਘੱਟੋ-ਘੱਟ ਛੇ ਘੰਟੇ ਚੱਲਦੇ ਹਨ, ਉਨ੍ਹਾਂ ਦੀ ਉਮਰ ਵਧ ਜਾਂਦੀ ਹੈ ਪਰ ਜਿਹੜੇ ਲੋਕ 'ਬ੍ਰਿਸਕ ਵਾਕ' ਮਤਲਬ ਤੇਜ਼ ਚੱਲਦੇ ਹਨ, ਉਨ੍ਹਾਂ ਦੀ ਉਮਰ ਲੰਬੀ ਹੁੰਦੀ ਹੈ। ਰੋਜ਼ਾਨਾ ਚੱਲਣ ਨਾਲ ਸਰੀਰ ਵਿਚ ਵੱਖ-ਵੱਖ ਤਬਦੀਲੀਆਂ ਹੁੰਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਇਹ ਕਸਰਤ ਕਦੇ ਵੀ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਤੁਹਾਨੂੰ ਪੈਸੇ ਖਰਚਣ ਦੀ ਵੀ ਜ਼ਰੂਰਤ ਨਹੀਂ ਹੈ।

ਜੇਕਰ ਤੁਸੀਂ ਇਸ ਅਧਿਐਨ ਦਾ ਅਭਿਆਸ ਕਰਦੇ ਹੋ ਤਾਂ ਤੁਹਾਨੂੰ ਫਿੱਟ ਰਹਿਣ ਲਈ ਜਿੰਮ ਜਾਣ ਦੀ ਜ਼ਰੂਰਤ ਨਹੀਂ। ਚੱਲਣ ਜਾਂ ਦੌੜਨ ਨਾਲ ਤੁਸੀਂ ਆਪਣੀ ਫਿਟਨੈੱਸ ਦਾ ਖ਼ਿਆਲ ਰੱਖ ਸਕਦੇ ਹੋ ਅਤੇ ਨਾਲ ਹੀ ਪੈਸੇ ਦੀ ਵੀ ਬੱਚਤ ਹੋਵੇਗੀ। ਇਸ ਲਈ ਅੱਜ ਤੋਂ ਹੀ ਸੈਰ ਕਰਨੀ ਸ਼ੁਰੂ ਕਰ ਦੇਵੋ। ਜੇਕਰ ਆਪਣੀ ਫਿਟਨੈੱਸ ਦੀ ਜ਼ਿਆਦਾ ਪ੍ਰਵਾਹ ਕਰਦੇ ਹੋ ਤਾਂ ਅੱਜ ਹੀ ਪੈਦਲ ਚੱਲਣਾ ਸ਼ੁਰੂ ਕਰ ਦੇਵੋ।



**20 ਫ਼ੀਸਦੀ ਘਟਦਾ ਹੈ ਮੌਤ ਦਾ ਖ਼ਤਰਾ**
*ਅੱਜ ਕੱਲ੍ਹ ਹਰ ਵਿਅਕਤੀ ਨੂੰ ਪਤਾ ਹੈ ਕਿ ਰੋਜ਼ਾਨਾ ਦੌੜ ਕੇ ਅਤੇ ਪਸੀਨਾ ਵਹਾ ਕੇ ਜ਼ਿੰਦਗੀ ਨੂੰ ਚੁਸਤ ਬਣਾਇਆ ਜਾ ਸਕਦਾ ਹੈ। ਇਕ ਅਧਿਐਨ ਦੌਰਾਨ ਰੋਜ਼ਾਨਾ ਸਧਾਰਨ ਤਰੀਕੇ ਨਾਲ ਪੈਦਲ ਚੱਲਣ ਨਾਲ ਆਪਣੇ ਆਪ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜਿਹੜੇ ਲੋਕ ਹਰ ਰੋਜ਼ ਘੱਟੋ ਘੱਟ 30 ਮਿੰਟ ਰੋਜ਼ਾਨਾ ਸੈਰ ਕਰਦੇ ਹਨ, ਉਨ੍ਹਾਂ ਦੀ ਮੌਤ ਦੀ ਸੰਭਾਵਨਾ 20 ਫ਼ੀਸਦੀ ਤਕ ਘੱਟ ਹੋ ਜਾਂਦੀ ਹੈ।* •

# ਜ਼ੁਕਾਮ ਤੋਂ ਰਾਹਤ ਦਿਵਾਏ ਵੱਡੀ ਇਲਾਇਚੀ ਦਾ ਕਾੜ੍ਹਾ

ਭਾਰਤ ਵਿਚ ਆਮ ਤੌਰ 'ਤੇ ਵੱਡੀ ਇਲਾਇਚੀ ਦੀ ਵਰਤੋਂ ਮਸਾਲੇ ਦੇ ਤੌਰ 'ਤੇ ਕੀਤੀ ਜਾਂਦਾ ਹੈ। ਇਸ ਵਿਚ ਵਧੀਆ ਦਵਾਈ ਵਾਲੇ ਗੁਣ ਵੀ ਮੌਜੂਦ ਹਨ। ਇਨ੍ਹਾਂ ਗੁਣਾਂ ਕਾਰਨ ਹੀ ਇਸ ਨੂੰ ਮਸਾਲਿਆਂ ਦੀ 'ਰਾਣੀ' ਵੀ ਕਿਹਾ ਜਾਂਦਾ ਹੈ। ਆਯੁਰਵੈਦ ਅਤੇ ਯੂਨਾਨੀ ਗ੍ਰੰਥਾਂ ਵਿਚ ਇਸ ਦੇ ਬਹੁਤ ਸਾਰੇ ਗੁਣ ਦੱਸੇ ਗਏ ਹਨ। ਵੱਡੀ ਇਲਾਇਚੀ ਨੂੰ ਕਾਲੀ ਇਲਾਇਚੀ, ਭੂਰੀ ਇਲਾਇਚੀ, ਲਾਲ ਇਲਾਇਚੀ, ਨੇਪਾਲੀ ਇਲਾਇਚੀ ਜਾਂ ਬੰਗਾਲੀ ਇਲਾਇਚੀ ਵੀ ਕਹਿੰਦੇ ਹਨ। ਇਸ ਦੇ ਦਾਣਿਆਂ 'ਚੋਂ ਕਪੂਰ (ਕਾਫ਼ੂਰ) ਵਰਗੀ ਸੁਗੰਧ ਆਉਂਦੀ ਹੈ। ਵੱਡੀ ਇਲਾਇਚੀ ਦਾ ਸੇਵਨ ਸਰਦੀ ਦੇ ਮੌਸਮ ਵਿਚ ਕਰਨ ਨਾਲ ਕਈ ਬਿਮਾਰੀਆਂ ਦੀ ਸੰਭਾਵਨਾ ਘੱਟ ਕੀਤੀ ਜਾ ਸਕਦੀ ਹੈ। ਭਾਰਤੀ ਖਾਣੇ ਵਿਚ ਇਸ ਤਰ੍ਹਾਂ ਦੇ ਕਈ ਮਸਾਲੇ ਹਨ, ਜਿਨ੍ਹਾਂ ਦੀ ਠੰਢ ਦੇ ਮੌਸਮ ਵਿਚ ਵਰਤੋਂ ਕੀਤੀ ਜਾ ਸਕਦੀ ਹੈ। ਆਓ, ਜਾਣਦੇ ਹਾਂ ਵੱਡੀ ਇਲਾਇਚੀ ਦੇ ਫ਼ਾਇਦਿਆਂ ਬਾਰੇ :

- ਜ਼ੁਕਾਮ ਵਿਚ ਵੱਡੀ ਇਲਾਇਚੀ ਦੀ ਚਾਹ ਜਾਂ ਇਸ ਦਾ ਕਾੜ੍ਹਾ ਬਣਾ ਕੇ ਪੀਣ ਨਾਲ ਠੰਢ ਤੋਂ ਰਾਹਤ ਮਿਲਦੀ ਹੈ।
- ਥਕਾਵਟ, ਤਣਾਅ ਜਾਂ ਘਬਰਾਹਟ ਹੋਣ 'ਤੇ ਵੱਡੀ ਇਲਾਇਚੀ ਦਾ ਪਾਊਡਰ ਸ਼ਹਿਦ 'ਚ ਮਿਲਾ ਕੇ ਖਾਓ।
- ਇਹ ਸਿਰ ਦਰਦ ਵਿਚ ਵੀ ਕਾਫ਼ੀ ਲਾਭਦਾਇਕ ਹੁੰਦਾ ਹੈ।
- ਵੱਡੀ ਇਲਾਇਚੀ ਕੁਦਰਤੀ ਡਿਟਾਕਸੀਫਾਇਰ ਦਾ ਵੀ ਕੰਮ ਕਰਦੀ ਹੈ। ਇਹ ਸਰੀਰ ਵਿੱਚੋਂ ਕੈਫੀਨ ਅਤੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਦੀ ਹੈ। ਵੱਡੀ ਇਲਾਇਚੀ ਵਿਚ ਐਂਟੀਆਕਸੀਡੈਂਟ ਭਰਪੂਰ ਮਾਤਰਾ 'ਚ ਹੁੰਦੇ ਹਨ, ਜੋ ਕੈਂਸਰ ਦੇ ਮਰੀਜ਼ਾਂ ਲਈ ਮਦਦਗਾਰ ਹੁੰਦੇ ਹਨ।
- ਇਸ ਵਿਚ ਮੌਜੂਦ ਐਂਟੀਆਕਸੀਡੈਂਟ ਸਿਰ ਦੀ ਚਮੜੀ ਦਾ ਪੋਸ਼ਣ ਕਰਦੇ ਹਨ। ਇਸ ਨਾਲ ਵਾਲ ਮਜ਼ਬੂਤ ਅਤੇ ਸੰਘਣੇ ਹੁੰਦੇ ਹਨ। •



# ਦਿਲ ਦੇ ਦੌਰੇ ਲਈ ਗੁਣਕਾਰੀ ਪਿੱਤ ਪਾਪੜਾ

**ਇਸ਼ਟ ਪਾਲ ਵਿੱਕੀ**

ਨਕਲੀ ਦੁੱਧ ਤੇ ਜ਼ਹਿਰੀਲੀਆਂ ਸਬਜ਼ੀਆਂ ਦੇ ਸੇਵਨ ਨਾਲ ਸਾਡੀ ਸਿਹਤ ਵਿਗੜ ਰਹੀ ਹੈ। ਸੰਤੁਲਿਤ ਭੋਜਨ ਹੁਣ ਸੰਤੁਲਿਤ ਨਹੀਂ ਰਿਹਾ। ਹਸਪਤਾਲਾਂ 'ਚ ਲੱਗੀ ਰੋਗੀਆਂ ਦੀ ਭੀੜ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਸਾਰੇ ਸੰਸਾਰ ਦੇ ਲੋਕ ਹੀ ਬਿਮਾਰ ਹਨ। ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਸਾਨੂੰ ਆਪਣੀ ਗ੍ਰਿਫ਼ਤ 'ਚ ਲੈ ਰਹੀਆਂ ਹਨ। ਅੱਜ ਮਨੁੱਖ ਉਨ੍ਹਾਂ ਰੋਗਾਂ ਦੀ ਲਪੇਟ 'ਚ ਆ ਰਿਹਾ ਹੈ, ਜਿਨ੍ਹਾਂ ਦਾ ਕਦੇ ਅਸੀਂ ਨਾਂ ਵੀ ਨਹੀਂ ਸੀ ਸੁਣਿਆ ਗਿਆ। ਕਈ ਵਾਰ ਤੰਦਰੁਸਤ ਮਨੁੱਖ ਵੀ ਰਾਤ ਨੂੰ ਸੁੱਤਾ ਹੀ ਪਿਆ ਰਹਿ ਜਾਂਦਾ ਹੈ। ਦਿਲ ਦੇ ਦੌਰੇ ਕਾਰਨ ਮੌਤ ਦੇ ਗਲ ਲਗ ਜਾਂਦਾ ਹੈ। ਜੋ ਮਨੁੱਖ ਹਰ ਰੋਜ਼ ਕਸਰਤ ਕਰਦਾ ਹੈ, ਉਹ ਵੀ ਅੱਜ ਇਸ ਡਰ 'ਚ ਰਹਿਣ ਲੱਗਾ ਹੈ ਕਿ ਕਿਤੇ ਦਿਲ ਦਾ ਦੌਰਾ ਜਾਂ ਕੋਈ ਹੋਰ ਬਿਮਾਰੀ ਨਾ ਲੱਗ ਜਾਵੇ। ਛੋਟੀ-ਛੋਟੀ ਉਮਰ ਦੇ ਬੱਚੇ ਵੀ ਅੱਜ ਬਿਮਾਰੀਆਂ ਦੀ ਲਪੇਟ 'ਚ ਆ ਰਹੇ ਹਨ। ਦੁਨੀਆ ਵਿਚ ਅਜਿਹੇ ਬੱਚੇ ਵੀ ਦੇਖੇ ਜਾਂਦੇ ਹਨ, ਜੋ ਜਨਮ ਤੋਂ ਹੀ ਅੰਨ੍ਹੇ, ਗੂੰਗੇ ਜਾਂ ਬੋਲੇ ਹਨ। ਬਹੁਤ ਦੁੱਖ ਹੁੰਦਾ, ਜਦੋਂ ਇਸ ਤਰ੍ਹਾਂ ਹੁੰਦੇ ਦੇਖਦੇ ਹਾਂ ।

ਖਾਣਾ ਖਾਣ ਦੇ ਸ਼ੌਕੀਨ ਗਰਮ ਨਾਲ ਠੰਢਾ, ਠੰਢੇ ਨਾਲ ਗਰਮ ਜਾਂ ਫਿਰ ਕਈ ਅਜਿਹੇ ਖਾਣੇ ਖਾਂਦੇ ਹਨ, ਜੋ ਸਿਹਤ ਨੂੰ ਖ਼ਰਾਬ ਕਰਨ ਵਾਲੇ ਹੁੰਦੇ ਹਨ। ਇਹ ਕੈਮੀਕਲ ਤੇ ਜ਼ਹਿਰ ਯੁਕਤ ਖਾਣੇ ਹੌਲੀ-ਹੌਲੀ ਸਰੀਰ ਦੇ ਅੰਗਾਂ ਨੂੰ ਖ਼ਰਾਬ ਕਰਦੇ ਜਾਂਦੇ ਹਨ। ਜਦੋਂ ਹਰ ਰੋਜ਼ ਇਨ੍ਹਾਂ ਚੀਜ਼ਾਂ ਦਾ ਸੇਵਨ ਕੀਤਾ ਜਾਂਦਾ ਹੈ ਤਾਂ ਕੁਝ ਜ਼ਹਿਰੀਲੇ ਪਦਾਰਥ ਸਾਡੇ ਸਰੀਰ ਅੰਦਰ ਪਏ ਰਹਿੰਦੇ ਹਨ ਤੇ ਹੌਲੀ-ਹੌਲੀ ਸਰੀਰ ਅੰਦਰਲੇ ਅੰਗਾਂ ਨੂੰ ਖ਼ਰਾਬ ਕਰਨ ਲਗਦੇ ਹਨ।

ਰਸੋਈ ਦੀ ਲੂਣਦਾਨੀ 'ਚ ਪਹਿਲਾਂ 12 ਖ਼ਾਨੇ ਹੁੰਦੇ ਸਨ, ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਭਾਰਤੀ ਮਸਾਲੇ ਹੁੰਦੇ ਸਨ। ਇਹ ਮਸਾਲੇ ਵੱਖ-ਵੱਖ ਸਬਜ਼ੀਆਂ ਵਿਚ ਲੋੜ ਅਨੁਸਾਰ ਪਾਏ ਜਾਂਦੇ ਸਨ। ਇਹ ਮਸਾਲੇ ਸਰੀਰ ਅੰਦਰ ਪੈਦਾ ਹੋਣ ਵਾਲੀ ਜ਼ਹਿਰ ਨੂੰ ਬਾਹਰ ਕੱਢਣ 'ਚ ਮਦਦ ਕਰਦੇ ਸਨ ਪਰ ਅਜੋਕੀ ਭੱਜ-ਦੌੜ ਵਾਲੀ ਜ਼ਿੰਦਗੀ ਕਾਰਨ ਇਹ ਖ਼ਾਨੇ ਸਿਰਫ਼ 3 ਜਾਂ 4 ਹੀ ਰਹਿ ਗਏ ਹਨ। ਜਿਸ ਵਿਚ ਸਿਰਫ਼ ਲੂਣ, ਹਲਦੀ, ਗਰਮ ਮਸਾਲਾ ਤੇ ਮਿਰਚ ਹੀ ਹੁੰਦੀ ਹੈ।

ਭਾਰਤ ਵਿਚ ਕਈ ਅਜਿਹੀਆਂ ਜੜ੍ਹੀ ਬੂਟੀਆਂ ਪਾਈਆਂ ਜਾਂਦੀਆਂ ਸਨ, ਜਿਨ੍ਹਾਂ ਦਾ ਲੋਕ ਪਹਿਲਾਂ ਸੇਵਨ ਕਰਦੇ ਸਨ ਪਰ ਅੱਜ ਸਿਰਫ਼ ਅੰਗਰੇਜ਼ੀ ਕੈਮੀਕਲ ਯੁਕਤ ਦਵਾਈਆਂ ਨੂੰ ਜ਼ਿਆਦਾ ਮਹੱਤਤਾ ਦਿੰਦੇ ਹਨ। ਇਹੀ ਵੱਡਾ ਕਾਰਨ ਹੈ ਕਿ ਸਾਡਾ ਸਰੀਰ ਲਗਾਤਾਰ ਰੋਗੀ ਹੁੰਦਾ ਜਾ ਰਿਹਾ ਹੈ।



**ਪਿੱਤ ਪਾਪੜਾ ਇਕ ਅਜਿਹੀ ਬੂਟੀ ਹੈ, ਜੋ ਸਰੀਰ ਅੰਦਰ ਪੈਦਾ ਹੋਣ ਵਾਲੇ ਜ਼ਹਿਰੀਲੇ ਮਾਦੇ ਨੂੰ ਕੁਝ ਹੀ ਦਿਨਾਂ 'ਚ ਬਾਹਰ ਕੱਢ ਕੇ ਸਾਨੂੰ ਤੰਦਰੁਸਤ ਬਣਾਉਂਦੀ ਹੈ...**



### ਪਿੱਤ ਪਾਪੜਾ

ਇਹ ਭਾਰਤ ਦੀ ਅਜਿਹੀ ਬੂਟੀ ਹੈ, ਜੋ ਸਰੀਰ ਅੰਦਰ ਪੈਦਾ ਹੋਣ ਵਾਲੇ ਜ਼ਹਿਰੀਲੇ ਮਾਦੇ ਨੂੰ ਕੁਝ ਹੀ ਦਿਨਾਂ 'ਚ ਬਾਹਰ ਕੱਢ ਕੇ ਸਾਨੂੰ ਤੰਦਰੁਸਤ ਬਣਾਉਂਦੀ ਹੈ। ਧਨੀਏ ਵਾਂਗ ਵਿਖਾਈ ਦੇਣ ਵਾਲਾ ਇਹ ਬੂਟਾ ਭਾਰਤ 'ਚ ਆਮ ਪਾਇਆ ਜਾਂਦਾ ਹੈ। ਪਿੰਡਾਂ-ਸ਼ਹਿਰਾਂ ਵਿਚ ਪੰਸਾਰੀ ਦੀ ਦੁਕਾਨ ਤੋਂ ਸੁੱਕਾ ਪਿੱਤ ਪਾਪੜਾ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਨੂੰ ਮਿਕਸੀ ਵਿਚ ਪੀਸ ਕੇ ਪਾਊਡਰ ਬਣਾ ਲਵੋ। ਰਾਤ ਨੂੰ ਸੌਣ ਤੋਂ ਪਹਿਲਾਂ ਇਕ ਚਮਚ ਇਕ ਗਲਾਸ ਪਾਣੀ (200 ਮਿਲੀਲੀਟਰ) 'ਚ ਪਾ ਕੇ ਰੱਖ ਦਿਓ। ਸਵੇਰੇ ਪਾਣੀ ਨੂੰ ਉਬਾਲੋ ਅਤੇ ਜਦੋਂ ਚੌਥਾ ਹਿੱਸਾ ਪਾਣੀ ਰਹਿ ਜਾਵੇ ਤਾਂ ਪੁਣ ਕੇ ਕੋਸਾ-ਕੋਸਾ ਖਾਲੀ ਪੇਟ ਪੀ ਲਵੋ। ਇਹ ਬਹੁਤ ਗੁਣਕਾਰੀ ਹੈ ਪਰ ਸੁਆਦ 'ਚ ਇਹ ਕੁਝ ਕੌੜਾ ਹੁੰਦਾ ਹੈ। ਸਵੇਰ ਸਮੇਂ ਪਿੱਤ ਪਾਪੜੇ ਦਾ ਰਸ ਪੀਣ ਤੋਂ ਬਾਅਦ 1 ਘੰਟੇ ਤਕ ਕਿਸੇ ਵੀ ਚੀਜ਼ ਦਾ ਸੇਵਨ ਨਾ ਕਰੋ। ਇਸ ਬੂਟੀ ਨਾਲ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ।

### ਲਾਭ

- ਸਰੀਰ ਅੰਦਰਲਾ ਜ਼ਹਿਰੀਲਾ ਮਾਦਾ ਬਾਹਰ ਨਿਕਲਦਾ ਹੈ।
- ਸਾਲਾਂ ਤੋਂ ਖਾਧੀਆਂ ਦਵਾਈਆਂ ਦੇ ਸਰੀਰ ਉੱਪਰ ਪਏ ਮਾੜੇ ਪ੍ਰਭਾਵ ਨੂੰ ਠੀਕ ਕਰਦਾ ਹੈ।
- ਪਾਚਨ ਸ਼ਕਤੀ ਠੀਕ ਹੁੰਦੀ ਹੈ।
- ਤੇਜ਼ਾਬ ਤੇ ਗੈਸ ਦੀ ਸਮੱਸਿਆ 'ਚ ਲਾਭਕਾਰੀ ਹੈ।
- ਕਬਜ਼ ਠੀਕ ਕਰਦਾ ਹੈ।
- ਬੁਖ਼ਾਰ 'ਚ ਲਾਭਕਾਰੀ ਹੈ।
- ਖ਼ੂਨ ਸਾਫ਼ ਕਰਦਾ ਹੈ।
- ਫੋੜੇ-ਫਿਨਸੀਆਂ ਦੂਰ ਕਰਦਾ ਹੈ।
- ਚਮੜੀ ਦੇ ਰੋਗ ਠੀਕ ਹੁੰਦੇ ਹਨ।
- ਫੇਫੜਿਆਂ ਲਈ ਲਾਭਕਾਰੀ ਹੈ।
- ਜਿਗਰ ਦੇ ਰੋਗ ਠੀਕ ਹੁੰਦੇ ਹਨ।
- ਕਿਡਨੀ ਜਾਂ ਗੁਰਦਿਆਂ ਦੇ ਰੋਗਾਂ ਲਈ ਲਾਭਕਾਰੀ ਹੈ।
- ਛੋਟੀਆਂ ਅਤੇ ਵੱਡੀਆਂ ਅੰਤੜੀਆਂ ਲਈ ਲਾਭਕਾਰੀ ਹੈ।
- ਪੇਟ ਦੇ ਕੀੜਿਆਂ ਨੂੰ ਦੂਰ ਕਰਦਾ ਹੈ।
- ਕੋਲੈਸਟਰੋਲ ਦੇ ਪੱਧਰ ਨੂੰ ਠੀਕ ਕਰਦਾ ਹੈ।
- ਉਲਟੀਆਂ 'ਚ ਲਾਭਕਾਰੀ ਹੈ। •

98725-65003

## ਮਾਮਲਾ: ਪਿੰਡ ਨਲਾਸ ਦੀ ਪੰਚਾਇਤ ਦੇ ਕਰੋੜਾਂ ਰੁਪਏ ਖੁਰਦ ਬੁਰਦ ਹੋਣ ਦਾ

# 'ਫੰਡ ਬਚਾਓ, ਪਿੰਡ ਬਚਾਓ' ਡਵੀਜਨਲ ਡਾਇਰੈਕਟਰ ਨੂੰ ਦਿੱਤਾ ਮੰਗ ਪੱਤਰ

**ਪਟਿਆਲਾ, 15 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਸਰਕਾਰ ਸਮੇਂ ਤੋਂ ਪੰਚਾਇਤੀ ਫੰਡਾਂ ਵਿਚ ਚੱਲੇ ਆ ਰਹੇ ਘਪਲਿਆਂ ਦੀ ਜਾਂਚ 'ਤੇ ਜਾਂਚ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਵੀ ਜਾਰੀ ਹੈ। ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਕੋਈ ਵੀ ਘਪਲਿਆਂ ਦੀ ਜਾਂਚ ਨੂੰ ਮੁਕੰਮਲ ਨਹੀਂ ਹੋਣ ਦੇਣਾ ਚਾਹੁੰਦਾ ਤਾਂ ਹੀ ਮਾਮਲਾ ਜਿਉਂ ਦਾ ਤਿਉਂ ਹੀ ਲਟਕਿਆ ਨਜ਼ਰ ਆ ਰਿਹਾ ਹੈ। ਹਲਕਾ ਰਾਜਪੁਰਾ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਰਾਜਪੁਰਾ ਅਧੀਨ ਪੈਂਦੇ ਪਿੰਡ ਨਲਾਸ ਖੁਰਦ ਦੀ 900 ਏਕੜ ਸ਼ਾਮਲਾਟ ਜਮੀਨ ਸੀ ਜੋ ਕਿ ਇੱਕ ਪ੍ਰਾਈਵੇਟ ਕੰਪਨੀ ਨੂੰ 55 ਕਰੋੜ 13 ਲੱਖ 20 ਹਜ਼ਾਰ 500 ਰੁਪਏ ਵਿਚ ਵੇਚ ਦਿੱਤੀ ਸੀ। ਜਿਸ ਦੇ ਪੈਸੇ ਬੈਂਕਾਂ ਵਿਚ ਜਮ੍ਹਾਂ ਸਨ ਪਰ ਸਮੇਂ ਸਮੇਂ ਦੀਆਂ ਪੰਚਾਇਤਾਂ ਵੱਲੋਂ ਇਨ੍ਹਾਂ ਫੰਡਾਂ ਦੀ ਦੁਰਵਰਤੋਂ ਕੀਤੀ ਗਈ। ਜਿਕਰਯੋਗ ਹੈ ਕਿ ਗ੍ਰਾਮ ਪੰਚਾਇਤ ਦੇ ਬੈਂਕ ਖਾਤੇ ਵਿਚ 2022 ਤੱਕ 33 ਕਰੋੜ ਰੁਪਏ ਤੋਂ ਘਟ ਕੇ 18 ਕਰੋੜ ਰਹਿ ਗਏ ਸਨ। ਜਿਸ ਨੂੰ ਲੈ ਕੇ ਵਿਜੀਲੈਂਸ ਵਿਭਾਗ ਬਾਰੀਕੀ ਨਾਲ ਜਾਂਚ ਕੀਤੀ ਗਈ ਅਤੇ 10 ਵਿਅਕਤੀਆਂ ਖਿਲਾਫ ਮਾਮਲਾ ਵੀ ਦਰਜ ਕੀਤਾ ਗਿਆ ਸੀ। ਜਿਸ ਉਪਰੰਤ ਫੰਡ ਬਚਾਓ-ਪਿੰਡ ਬਚਾਓ ਐਕਸ਼ਨ ਕਮੇਟੀ ਦਾ ਪਿੰਡ ਵਾਸੀਆਂ ਵੱਲੋਂ ਗਠਨ ਕਰ ਦਿੱਤਾ ਗਿਆ ਸੀ। ਜਿਸ ਨੂੰ ਲੈ ਕੇ ਵਾਰ-ਵਾਰ ਇਨ੍ਹਾਂ ਪੈਸਿਆਂ ਦੀ ਜਾਂਚ ਦੀ ਮੰਗ ਕੀਤੀ ਜਾ ਰਹੀ ਸੀ। ਉਥੇ ਹੀ 2019 ਵਿਚ ਹਾਈਕੋਰਟ ਨੇ ਐਫ. ਡੀ. ਦੇ ਵਿਆਜ ਨਾਲ ਪਿੰਡ ਦੇ ਵਿਕਾਸ ਕਾਰਜ ਚਲਾਉਣ ਦੇ ਹੁਕਮ ਦਿੱਤੇ ਸਨ ਪਰ ਫਿਰ ਵੀ ਸਮੇਂ ਦੀ ਪੰਚਾਇਤ ਨੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਿਚ ਪ੍ਰਵਾਹ ਨਹੀਂ ਕੀਤੀ ਅਤੇ ਹੁਣ ਐਕਸ਼ਨ ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਧੀਕ ਡਾਇਰੈਕਟਰ ਅਮਰਦੀਪ ਸਿੰਘ ਗੁਜ਼ਰਾਲ ਨੂੰ ਮੰਗ ਪੱਤਰ ਦਿੱਤਾ ਗਿਆ, ਜਿਹਨਾਂ ਦੇ ਹੁਕਮਾਂ 'ਤੇ ਐਕਸ਼ਨ ਕਮੇਟੀ ਦੇ ਆਗੂਆਂ ਨੇ ਪਟਿਆਲਾ ਵਿਖੇ ਡਵੀਜਨਲ ਡਾਇਰੈਕਟਰ ਵਿਨੋਦ ਗਾਗਟ ਨੂੰ ਇਨਕੁਆਰੀ ਸੰਬੰਧੀ ਮੰਗ ਪੱਤਰ ਸੌਂਪਿਆ। ਜਿਥੇ ਉਨ੍ਹਾਂ ਨੇ ਮੰਗ ਪੱਤਰ ਲੈਣ ਉਪਰੰਤ ਸਮੁੱਚੀ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਸਮੁੱਚੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ ਅਤੇ ਜੋ ਵੀ ਇਸ ਮਾਮਲੇ ਵਿਚ ਸ਼ਾਮਲ ਹੋਵੇਗਾ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਫੰਡ ਬਚਾਓ-ਪਿੰਡ ਬਚਾਓ ਐਕਸ਼ਨ ਕਮੇਟੀ ਨਲਾਸ ਖੁਰਦ ਦੇ ਆਗੂ ਹਰਚੰਦ ਸਿੰਘ, ਮਲਕੀਤ ਸਿੰਘ, ਰਣਜੀਤ ਸਿੰਘ, ਹਰਿੰਦਰ ਸਿੰਘ ਤੇ ਦਲਜੀਤ ਸਿੰਘ ਨੇ ਕਿਹਾ ਕਿ ਪਿੰਡ ਦਾ ਕਰੋੜਾਂ ਰੁਪਈਆ ਖੁਰਦ ਬੁਰਦ ਕਰਨ ਦੇ ਬਾਵਜੂਦ ਵੀ ਪਿੰਡ ਵਿਕਾਸ ਪੱਖੋਂ ਤਰਸਯੋਗ ਹਾਲਤ ਵਿਚ ਹੈ। ਜਦੋਂਕਿ ਫੰਡਾਂ ਦੀ ਵਰਤੋਂ ਕਰਨ ਵਾਲੇ ਸ਼ਰੇਆਮ ਘੁੰਮ ਰਹੇ ਹਨ, ਪਰ ਸਮੁੱਚਾ ਪਿੰਡ ਇਸ ਮਾਮਲੇ ਦੀ ਇਨਕੁਆਰੀ ਕਰਵਾਉਣ ਲਈ ਤਿਆਰ ਬਰ ਤਿਆਰ ਬੈਠਾ ਹੈ। ਉਨ੍ਹਾਂ ਕਿਹਾ ਕਿ ਐਨਾ ਪੈਸਾ ਗ੍ਰਾਮ ਪੰਚਾਇਤ ਕੋਲ ਹੋਣ ਦੇ ਬਾਵਜੂਦ ਵੀ ਪਿੰਡ ਦਾ ਵਿਕਾਸ ਨਹੀਂ ਹੋ ਸਕਿਆ ਅਤੇ ਪੈਸਾ ਵੀ ਖਤਮ ਹੋ ਗਿਆ।

ਆਮ ਆਦਮੀ ਪਾਰਟੀ ਦੀ ਈਮਾਨਦਾਰ ਸਰਕਾਰ ਵਿਚ ਘਪਲੇ ਬੇਨਕਾਬ, ਘਪਲੇਬਾਜ਼ ਬਾਗੋ-ਬਾਗ

f ਇੱਕ ਪਾਸੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੂਰਾ ਈਮਾਨਦਾਰ ਐਲਾਨਣ ਵਾਲੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਰਾਜਪੁਰਾ ਬਲਾਕ ਅਧੀਨ ਪੈਂਦੇ ਪਿੰਡ ਨਲਾਸ ਖੁਰਦ ਵਿਖੇ ਹੋਏ ਕਰੋੜਾਂ ਰੁਪਏ ਦੇ ਘਪਲੇ ਨਾਲ ਪਿੰਡ ਵਾਸੀਆਂ ਦੀ ਨੀਂਦ ਹਾਰਾਮ ਹੋਈ ਪਈ ਹੈ, ਉਥੇ ਹੀ ਹਲਕਾ ਵਿਧਾਇਕ ਅਤੇ ਵਿਰੋਧੀ ਧਿਰਾਂ ਦੇ ਆਗੂਆਂ ਦੇ ਕੰਨ੍ਹਾਂ 'ਤੇ ਜੂੰ ਨਹੀਂ ਸਰਕ ਰਹੀ। ਇੰਨਾ ਹੀ ਨਹੀਂ ਇਸ ਸੰਬੰਧੀ ਸਾਲ 2019 ਵਿਚ ਪਤਾ ਲੱਗ ਗਿਆ ਸੀ, ਪਰ ਚਾਰ ਸਾਲ ਦਾ ਅਰਸਾ ਬੀਤਣ ਦੇ ਬਾਵਜੂਦ ਵੀ ਘਪਲੇਬਾਜ਼ ਸਰਕਾਰ ਦੀ ਗ੍ਰਿਫਤ ਤੋਂ ਬਾਹਰ ਬਾਗੋ-ਬਾਗ ਹਨ। ਜਦੋਂਕਿ ਹੁਣ ਵਾਲੇ ਵਿਧਾਇਕ ਸਾਬਕਾ ਵਿਧਾਇਕਾਂ ਦੀ ਕਾਰਜਕਾਰੀ 'ਤੇ ਸਵਾਲ ਉਠਾਉਂਦੇ ਸਨ, ਪਰ ਇਸ ਮਾਮਲੇ 'ਚ ਮੌਜੂਦਾ ਵਿਧਾਇਕ ਦੀ ਕਾਰਗੁਜ਼ਾਰੀ ਵੀ ਕੋਈ ਬਹੁਤੀ ਵਧੀਆ ਨਹੀਂ ਰਹੀ। ਇਹ ਵਿਧਾਇਕ ਆਪਣੀਆਂ ਰਾਜਨੀਤਿਕ ਰੋਟੀਆਂ ਸੇਕ ਕੇ ਦਿਨਾਂ ਵਿਚ ਹੀ ਕਰੋੜਪਤੀ ਬਣ ਜਾਂਦੇ ਹਨ, ਜਿਨ੍ਹਾਂ ਕਾਰਨ ਸਰਕਾਰੀ ਅਧਿਕਾਰੀ ਅਤੇ ਕਰਮਚਾਰੀਆਂ ਨੂੰ ਜੇਲ੍ਹ ਦੀ ਹਵਾ ਖਾਣ ਦੇ ਨਾਲ-ਨਾਲ ਵਿਭਾਗ ਵਿਚੋਂ ਵੀ ਸਸਪੈਂਡ ਹੋਣ ਦਾ ਖਮਿਆਜ਼ਾ ਭੁਗਤਣਾ ਪਿਆ ਹੈ।

## ਚਾਈਨਾ ਡੋਰ ਵੇਚਣ ਵਾਲਿਆਂ ਦੀ ਹੁਣ ਖੈਰ ਨਹੀਂ

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਦੁਕਾਨਾਂ ਤੇ ਕੀਤੀ ਛਾਪੇਮਾਰੀ



**ਪਟਿਆਲਾ, 15 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਬਸੰਤ ਪੰਚਮੀ ਦੇ ਤਿਉਹਾਰ ਮੌਕੇ ਵੱਡੇ ਪੱਧਰ ਤੇ ਬੱਚਿਆਂ ਵੱਲੋਂ ਪਤੰਗ ਉਡਾਏ ਜਾਂਦੇ ਹਨ ਜਿਨਾਂ ਦੇ ਨਾਲ ਇਹ ਬੱਚੇ ਚਾਇਨਾ ਡੋਰ ਦੀ ਖੁੱਲ ਕੇ ਵਰਤੋਂ ਕਰਦੇ ਹਨ ਜਿਸ ਨਾਲ ਸੜਕਾਂ ਤੇ ਆਉਣ ਜਾਣ ਵਾਲੇ ਦੋ ਪਹੀਆ ਵਾਹਨ ਚਾਲਕਾਂ ਨੂੰ ਤੇ ਹਵਾ ਵਿੱਚ ਉਡਣ ਵਾਲੇ ਜਾਨਵਰਾਂ ਦਾ ਭਾਰੀ ਨੁਕਸਾਨ ਹੁੰਦਾ ਹੈ ਜਿਸ ਨੂੰ ਦੇਖਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਦੁਕਾਨਾਂ ਤੇ ਛਾਪੇਮਾਰੀ ਕਰਕੇ ਚਾਈਨਾ ਡੋਰ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੈ ਤਾਂ ਜੋ ਕੋਈ ਵੀ ਦੁਕਾਨਦਾਰ ਪਤੰਗਾਂ ਦੇ ਨਾਲ ਚਾਈਨਾ ਡੋਰ ਨਾ ਵੇਚ ਸਕੇ ਕਿਉਂਕਿ ਚਾਈਨਾ ਡੋਰ ਨਾਲ ਕਾਫੀ ਥਾਵਾਂ ਤੇ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ ਅਤੇ ਉਸ ਦੇ ਨਾਲ ਹੀ ਜਾਨਵਰਾਂ ਦਾ ਵੀ ਕਾਫੀ ਨੁਕਸਾਨ ਹੋਇਆ ਹੈ ਜਿਸ ਨੂੰ ਦੇਖਦੇ ਹੋਏ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਨਗਰ ਨਿਗਮ ਪਟਿਆਲਾ ਦੇ ਅਧਿਕਾਰੀਆਂ ਨੇ ਸਾਂਝੇ ਅਭਿਆਨ ਤਹਿਤ ਪੰਜਾਬ ਵਿੱਚ ਪਾਬੰਦੀ ਸ਼ੁਦਾ ਚਾਈਨਾ ਡੋਰ ਦੀ ਰੋਕਥਾਮ ਲਈ ਬਾਜ਼ਾਰਾਂ ਦੀਆਂ ਦੁਕਾਨਾਂ ਤੇ ਛਾਪੇਮਾਰੀ ਕੀਤੀ। ਪੀ ਪੀ ਸੀ ਬੀ ਦੇ ਅਧਿਕਾਰੀ ਦੀਪਕ ਸਲਾਰੀਆ ਜੇ ਈ ਅਤੇ ਨਗਰ ਨਿਗਮ ਪਟਿਆਲਾ ਦੇ ਸੈਨਿਟਰੀ ਇੰਸਪੈਕਟਰ ਮੋਹਿਤ ਕੁਮਾਰ ਨੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਜਿਵੇਂ ਬੁੱਕਸ ਮਾਰਕੀਟ, ਸਾਈਕਲ ਮਾਰਕੀਟ, ਅਚਾਰ ਬਾਜ਼ਾਰ ਆਦਿ ਦੀਆਂ ਦੁਕਾਨਾਂ ਤੇ ਚਾਈਨਾ ਡੋਰ ਦੀ ਵਿਕਰੀ ਸਬੰਧੀ ਅਚਾਨਕ ਚੈਕਿੰਗ ਕੀਤੀ ਗਈ।

ਹਾਲਾਂਕਿ ਇਹਨਾਂ ਬਾਜ਼ਾਰਾਂ ਦੀਆਂ ਦੁਕਾਨਾਂ ਤੇ ਚਾਈਨਾ ਡੋਰ ਦੀ ਵਿਕਰੀ ਹੁੰਦੀ ਨਹੀਂ ਪਾਈ ਗਈ। ਦੁਕਾਨਦਾਰਾਂ ਨੂੰ ਅਤੇ ਆਮ ਜਨਤਾ ਨੂੰ ਚਾਈਨਾ ਡੋਰ ਦੀ ਪਾਬੰਦੀ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਇਸ ਦੀ ਵਰਤੋਂ ਜਾਂ ਵੇਚਣ ਨੂੰ ਗੈਰ ਕਾਨੂੰਨੀ ਕੰਮ ਕਰਾਰ ਦਿੱਤਾ ਗਿਆ। ਚਾਈਨਾ ਡੋਰ ਵੇਚਣ ਖਰੀਦਣ ਜਾਂ ਵਰਤਣ ਵਾਲੇ ਤੇ ਜੁਰਮਾਨੇ ਤੇ ਹੋਰ ਸਜ਼ਾ ਸਬੰਧੀ ਜਾਗਰੂਕ ਕੀਤਾ ਗਿਆ। ਦੁਕਾਨਦਾਰਾਂ ਸਮੇਤ ਆਮ ਜਨਤਾ ਨੂੰ ਵੀ ਅਪੀਲ ਕੀਤੀ ਗਈ ਕਿ ਚਾਈਨਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ। ਕਿਉਂਕਿ ਇਸ ਨਾਲ ਨੁਕਸਾਨ ਹੁੰਦਾ ਹੈ ਉਹਨਾਂ ਕਿਹਾ ਕਿ ਜਿਹੜਾ ਵਿਅਕਤੀ ਜਾਂ ਦੁਕਾਨਦਾਰ ਚਾਈਨਾ ਡੋਰ ਵੇਚੇਗਾ ਉਸ ਖਿਲਾਫ ਵਾਤਾਵਰਨ ਦੀ ਸੁੱਰਖਿਆ ਐਕਟ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ।

# ਖੰਨਾ ਦੇ ਨਵੇਂ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਸੰਭਾਲਿਆ ਅਹੁਦਾ

**ਖੰਨਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਖੰਨਾ ਦੇ ਨਵੇਂ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਡਾ. ਦਰਪਣ ਆਹਲੂਵਾਲੀਆ ਨੇ ਸੋਮਵਾਰ ਨੂੰ ਆਪਣਾ ਅਹੁਦਾ ਸੰਭਾਲ ਲਿਆ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਕਿਹਾ ਕਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਅਪਰਾਧ ਨੂੰ ਰੋਕਣਾ, ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕਰਨਾ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਰਹੇਗੀ।

ਡਾ. ਆਹਲੂਵਾਲੀਆ ਨੇ ਕਿਹਾ ਕਿ ਨਸ਼ਿਆਂ ਖਿਲਾਫ਼ ਜੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ, ਅਪਰਾਧੀਆਂ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ ਅਤੇ ਟ੍ਰੈਫਿਕ ਪ੍ਰਬੰਧਾਂ ਨੂੰ ਸੁਧਾਰਨ ਲਈ ਢੁੱਕਵੀਂ ਰਣਨੀਤੀ ਅਪਣਾਈ ਜਾਵੇਗੀ। ਉਨ੍ਹਾਂ ਨੇ ਪੀ.ਸੀ.ਆਰ ਨੂੰ ਹੋਰ ਚੁਸਤ-ਦਰੁਸਤ ਕਰਨ ਅਤੇ ਥਾਣਿਆਂ ਵਿੱਚ ਪਬਲਿਕ ਡੀਲਿੰਗ ਨੂੰ ਬਿਹਤਰ ਬਣਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੋਹਰਾਇਆ ਕਿ ਲੋਕਾਂ ਨੂੰ ਵਧੀਆ, ਜਵਾਬਦੇਹ ਅਤੇ ਪਾਰਦਰਸ਼ੀ ਪੁਲਿਸ ਪ੍ਰਣਾਲੀ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਅਹਿਦ ਹੈ ਅਤੇ ਇਸ ਲਈ ਲੋਕਾਂ ਤੋਂ ਸੁਝਾਅ ਵੀ ਲਏ ਜਾਣਗੇ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਦਫ਼ਤਰ ਪੁੱਜਣ 'ਤੇ ਗਾਰਡ ਆਫ਼ ਆਨਰ ਦਿੱਤਾ ਗਿਆ।

# ਪਤੰਗਾਂ ਦੀ ਖਾਤਰ ਮੌਤਾਂ ਕਿਉਂ ? ਚਾਈਨੀਜ਼/ਨਾਇਲਾਨ ਡੋਰ 'ਤੇ ਸਖ਼ਤ ਕਾਰਵਾਈ ਦੀ ਮੰਗ : ਇੰਜੀ. ਪਰਮਜੀਤ ਸਿੰਘ ਭਾਰਜ

**ਲੁਧਿਆਣਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਪਤੰਗਬਾਜ਼ੀ, ਖ਼ਾਸ ਕਰਕੇ ਨਾਇਲਾਨ/ਚਾਈਨੀਜ਼ ਡੋਰ ਦੀ ਵਰਤੋਂ, ਹੁਣ ਸਿਰਫ਼ ਮਨੋਰੰਜਨ ਨਹੀਂ ਰਹੀ ਬਲਕਿ ਇਹ ਜਨ ਸੁਰੱਖਿਆ, ਮਨੁੱਖੀ ਜੀਵਨ ਅਤੇ ਸੰਵਿਧਾਨਕ ਅਧਿਕਾਰਾਂ ਲਈ ਗੰਭੀਰ ਖ਼ਤਰਾ ਬਣ ਚੁੱਕੀ ਹੈ।

ਹਰ ਸਾਲ ਦੋ ਪਹੀਆ ਵਾਹਨ ਚਲਾਉਣ ਵਾਲੇ, ਪੈਦਲ ਯਾਤਰੀ, ਬੱਚੇ ਅਤੇ ਨੌਜਵਾਨ ਇਸ ਘਾਤਕ ਡੋਰ ਦੀ ਲਪੇਟ ਵਿੱਚ ਆ ਕੇ ਗੰਭੀਰ ਜ਼ਖਮੀ ਜਾਂ ਮੌਤ ਦਾ ਸ਼ਿਕਾਰ ਹੋ ਰਹੇ ਹਨ।

ਆਮ ਤੌਰ 'ਤੇ ਚਾਈਨੀਜ਼ ਡੋਰ ਕਹੀ ਜਾਣ ਵਾਲੀ ਇਹ ਡੋਰ ਅਸਲ ਵਿੱਚ ਨਾਇਲਾਨ ਤੋਂ ਬਣੀ ਹੁੰਦੀ ਹੈ, ਜੋ ਮੱਛੀ ਫੜਨ ਦੇ ਜਾਲ ਤਿਆਰ ਕਰਨ ਲਈ ਵਰਤੀ ਜਾਂਦੀ ਹੈ। ਇਹ ਡੋਰ ਬੇਹੱਦ ਮਜ਼ਬੂਤ, ਅਦ੍ਰਿਸ਼ ਅਤੇ ਤਿੱਖੀ ਹੁੰਦੀ ਹੈ, ਜੋ ਮਨੁੱਖੀ ਗਲ਼, ਹੱਥਾਂ ਅਤੇ ਅੱਖਾਂ ਲਈ ਘਾਤਕ ਸਾਬਤ ਹੋ ਰਹੀ ਹੈ। ਇਹ ਹਾਲਾਤ ਭਾਰਤੀ ਸੰਵਿਧਾਨ ਦੇ ਆਰਟੀਕਲ 21 ਅਧੀਨ ਮਿਲਦੇ ਜੀਵਨ ਦੇ ਅਧਿਕਾਰ ਦੀ ਸਿੱਧੀ ਉਲੰਘਣਾ ਵੱਲ ਇਸ਼ਾਰਾ ਕਰਦੇ ਹਨ।

ਪਤੰਗਬਾਜ਼ੀ ਕਾਰਨ ਸਿਰਫ਼ ਮਨੁੱਖੀ ਜਾਨਾਂ ਹੀ ਨਹੀਂ ਜਾ ਰਹੀਆਂ, ਸਗੋਂ ਬਿਜਲੀ ਦੀਆਂ ਤਾਰਾਂ, ਜਨਤਕ ਸੰਪਤੀ, ਪੰਛੀਆਂ ਅਤੇ ਵਾਤਾਵਰਣ ਨੂੰ ਵੀ ਭਾਰੀ ਨੁਕਸਾਨ ਪਹੁੰਚ ਰਿਹਾ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਅਕਸਰ ਅਸਲੀ ਦੋਸ਼ੀ ਪਛਾਣ ਤੋਂ ਬਾਹਰ ਰਹਿ ਜਾਂਦੇ ਹਨ, ਜਿਸ ਨਾਲ ਪੀੜਤ ਪਰਿਵਾਰਾਂ ਲਈ ਨਿਆਂ ਪ੍ਰਣਾਲੀ ਰਾਹੀਂ ਇਨਸਾਫ਼ ਪ੍ਰਾਪਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਮੌਜੂਦਾ ਕਾਨੂੰਨੀ ਪ੍ਰਬੰਧਾਂ ਦੇ ਬਾਵਜੂਦ ਜੇਕਰ ਲਾਗੂਕਰਨ ਵਿੱਚ ਢਿੱਲ ਬਣੀ ਰਹੀ, ਤਾਂ ਇਹ ਸਮੱਸਿਆ ਹੋਰ ਵੀ ਭਿਆਨਕ ਰੂਪ ਧਾਰ ਸਕਦੀ ਹੈ। ਜਨਹਿਤ, ਜਨ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਤੁਰੰਤ, ਸਪਸ਼ਟ ਅਤੇ ਸਖ਼ਤ ਕਦਮ ਚੁੱਕਣ ਦੀ ਲੋੜ ਹੈ।

ਇਸ ਸੰਦਰਭ ਵਿੱਚ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਕਿਹਾ ਕਿ ਸਮੇਂ ਸਿਰ ਸਖ਼ਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਕੇ ਅਨੇਕਾਂ ਬੇਗੁਨਾਹ ਜਾਨਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ ਅਤੇ ਪੰਜਾਬ ਨੂੰ ਇੱਕ ਸੁਰੱਖਿਅਤ ਤੇ ਜ਼ਿੰਮੇਵਾਰ ਸਮਾਜ ਬਣਾਇਆ ਜਾ ਸਕਦਾ ਹੈ।

# ਪੰਜਾਬੀ ਯੂਨੀਵਰਸਿਟੀ ਦੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਨੇ ਕਰਵਾਇਆ ਵੈਬੀਨਾਰ

**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਯੂਨੀਵਰਸਿਟੀ ਦੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਵੱਲੋਂ 'ਓ.ਆਰ.ਸੀ.ਆਈ.ਡੀ.ਦੀ ਵਰਤੋਂ ਅਤੇ ਖੋਜ ਦਿੱਖ ਨੂੰ ਵਧਾਉਣ' ਸਬੰਧੀ ਵਿਸ਼ੇ ਉੱਤੇ ਵੈਬੀਨਾਰ ਕਰਵਾਇਆ ਗਿਆ ਜਿਸ ਵਿੱਚ 50 ਤੋਂ ਵੱਧ ਲਾਇਬ੍ਰੇਰੀ ਪੇਸ਼ੇਵਰਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਹ ਵੈਬੀਨਾਰ ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼, ਧਰਮਸ਼ਾਲਾ ਦੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ਼ ਕਰਵਾਇਆ ਗਿਆ।

ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼ ਦੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਦੇ ਮੁਖੀ ਅਤੇ ਓ.ਆਰ.ਸੀ.ਆਈ.ਡੀ. ਦੇ ਪ੍ਰੋਜੈਕਟ ਡਾਇਰੈਕਟਰ ਪ੍ਰੋ. ਸ਼ਿਵਰਾਮਾ ਰਾਓ ਕੇ. ਵੱਲੋਂ ਵੈਬੀਨਾਰ ਦਾ ਮੁੱਖ ਵਿਸ਼ਾ ਪੇਸ਼ ਕੀਤਾ ਗਿਆ।

ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਤੋਂ ਸ. ਰੁਪਿੰਦਰ ਸਿੰਘ ਨੇ ਮੁੱਖ ਬੁਲਾਰੇ ਦੇ ਤੌਰ ਉੱਤੇ ਆਪਣੇ ਵਿਚਾਰ ਪੇਸ਼ ਕਰਦਿਆਂ ਓ.ਆਰ.ਸੀ.ਆਈ.ਡੀ. ਪ੍ਰੋਫਾਈਲ ਬਣਾਉਣ ਅਤੇ ਖੋਜ ਵਿਚ ਇਸ ਦੀ ਵਰਤੋਂ ਵਧਾਉਣ ਬਾਰੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨਾਲ਼ ਵੱਖ-ਵੱਖ ਨੁਕਤੇ ਸਾਂਝੇ ਕੀਤੇ।

ਪੰਜਾਬੀ ਯੂਨੀਵਰਸਿਟੀ ਦੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਦੇ ਮੁਖੀ ਡਾ.ਨਵਕਿਰਨ ਕੌਰ ਨੇ ਸਵਾਗਤੀ ਭਾਸ਼ਣ ਦੌਰਾਨ ਖੋਜ ਵਿੱਚ ਓ.ਆਰ.ਸੀ.ਆਈ.ਡੀ. ਦੇ ਮਹੱਤਵ ਬਾਰੇ ਗੱਲ ਕੀਤੀ।

ਉਨ੍ਹਾਂ ਦੱਸਿਆ ਕਿ ਵੈਬਿਨਾਰ ਦਾ ਉਦੇਸ਼ ਖੋਜ ਵਿੱਚ ਓ.ਆਰ.ਸੀ.ਆਈ.ਡੀ. ਦੇ ਮਹੱਤਵ ਅਤੇ ਖੋਜ ਦਿੱਖ ਨੂੰ ਵਧਾਉਣ ਵਿੱਚ ਇਸ ਦੀ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।

ਵੈਬੀਨਾਰ ਕੋ. ਕੋਆਰਡੀਨੇਟਰ ਡਾ. ਬਲਜਿੰਦਰ ਕੌਰ ਨੇ ਸ਼ਾਮਿਲ ਹੋਏ ਮਾਹਿਰਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਵਾਲ-ਜਵਾਬ ਸੈਸ਼ਨ ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼ ਦੀ ਖੋਜਾਰਥਣ ਪ੍ਰਿਆ ਵੱਲੋਂ ਚਲਾਇਆ ਗਿਆ।

ਇਹ ਸਮਾਗਮ ਨੂੰ ਨੇਪਰੇ ਚਾੜ੍ਹਨ ਵਿੱਚ ਅਧਿਆਪਕ ਪ੍ਰੋ. ਹਰਿੰਦਰ ਪਾਲ ਸਿੰਘ ਕਾਲੜਾ ਅਤੇ ਡਾ. ਕਿਰਨ ਕਥੂਰੀਆ ਦੀ ਵੀ ਵਿਸ਼ੇਸ਼ ਭੂਮਿਕਾ ਰਹੀ।

# ਆਪ ਦੇ ਪਟਿਆਲਾ ਮੇਅਰ ਨੇ ਪਟਿਆਲਵੀਆ ਮੂਹਰੇ ਪੇਸ਼ ਕੀਤਾ ਆਪਣਾ ਰਿਪੋਰਟ ਕਾਰਡ

**➢ ਪੂਰੇ ਸਾਲ ਬਿਨਾਂ ਛੁੱਟੀ ਤੇ ਬਿਨਾਂ ਗੰਨਮੈਨਾਂ ਤੋਂ ਸਾਰਾ ਦਿਨ ਸ਼ਿਕਾਇਤਾ ਦਾ ਹੱਲ ਕਰਨ ਵਾਲੇ ਮੇਅਰ ਗੋਗੀਆ ਨੇ ਨਗਰ ਨਿਗਮ ਦੇ ਇਤਿਹਾਸਕ ਕਦਮਾਂ ਬਾਰੇ ਕੀਤੀ ਵਿਸ਼ੇਸ਼ ਗੱਲਬਾਤ ➢ ਨਿਗਮ ਦੇ ਖਰਚੇ ਘਟਾ ਅਤੇ ਆਮਦਨ ਵਧਾ ਕੇ ਮੁਲਾਜ਼ਮਾਂ ਨੂੰ ਪਹਿਲੀ ਤਰੀਕ ਨੂੰ ਮਿਲਣ ਲੱਗੀ ਤਨਖਾਹ ਨਾਲ ਰਚਿਆ ਇਤਿਹਾਸ : ਮੇਅਰ**

**ਪਟਿਆਲਾ, 15 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਦੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦਾ ਹਰ ਫੈਸਲਾ ਸ਼ਹਿਰ ਵਾਸੀਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ। ਜਿੱਥੇ ਫਜ਼ੂਲ ਖਰਚਿਆਂ @ਤੇ ਰੋਕ ਲਗਾਈ ਗਈ ਹੈ, ਉੱਥੇ ਹੀ ਆਮਦਨ ਦੇ ਸਾਧਨ ਵਧਾ ਕੇ ਵਿਕਾਸ ਕਾਰਜਾਂ ਨੂੰ ਨਵੀਂ ਦਿਸ਼ਾ ਦਿੱਤੀ ਗਈ ਹੈ। ਉਨ੍ਹਾਂ ਕਿਹਾ, ਸਾਡਾ ਟੀਚਾ ਸਿਰਫ਼ ਵਿਕਾਸ ਕਰਨਾ ਨਹੀਂ, ਬਲਕਿ ਇਮਾਨਦਾਰ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਦੇਣਾ ਹੈ। ਫ਼ਾਲਤੂ ਖ਼ਰਚਾਂ 'ਤੇ ਰੋਕ ਲਗਾ ਕੇ ਅਸੀਂ ਇਹ ਸਾਬਤ ਕੀਤਾ ਹੈ ਕਿ ਲੋਕਾਂ ਦੇ ਟੈਕਸ ਦਾ ਹਰ ਰੁਪਇਆ ਸਹੀ ਥਾਂ ਵਰਤਿਆ ਜਾਵੇਗਾ। ਕਰਮਚਾਰੀਆਂ ਨੂੰ ਸਮੇਂ ਸਿਰ ਤਨਖ਼ਾਹ ਮਿਲਣ ਨਾਲ ਉਹ ਦਿਲੋਂ ਕੰਮ ਕਰ ਰਹੇ ਹਨ, ਜਿਸ ਦਾ ਸਿੱਧਾ ਲਾਭ ਸ਼ਹਿਰ ਨੂੰ ਮਿਲ ਰਿਹਾ ਹੈ। ਚਾਹੇ ਸਫਾਈ ਹੋਵੇ, ਸੜਕਾਂ, ਪਾਣੀ ਦੀ ਸਪਲਾਈ ਜਾਂ ਬੇਜ਼ੁਬਾਨ ਜਾਨਵਰਾਂ ਦੀ ਸੰਭਾਲ ਆਦਿ ਹਰ ਖੇਤਰ ਵਿੱਚ ਨਗਰ ਨਿਗਮ ਪਟਿਆਲਾ ਨੂੰ ਇੱਕ ਮਿਸਾਲੀ ਸ਼ਹਿਰ ਬਣਾਉਣ ਲਈ ਵਚਨਬੱਧ ਹੈ। ਆਉਣ ਵਾਲੇ ਸਮੇਂ ਵਿੱਚ ਇਲੈਕਟ੍ਰਿਕ ਬੱਸਾਂ, ਮਲਟੀ ਸਟੋਰੀ ਪਾਰਕਿੰਗ ਅਤੇ ਕੂੜਾ ਮੁਕਤ ਪਟਿਆਲਾ ਸਾਡੇ ਪ੍ਰਮੁੱਖ ਟੀਚੇ ਹਨ। ਇਹ ਪ੍ਰਗਟਾਵਾ ਮੇਅਰ ਕੁੰਦਨ ਗੋਗੀਆ ਨੇ ਆਪਣੇ ਇੱਕ ਸਾਲ ਪੂਰਾ ਹੋਣ ਤੇ ਜਨਤਾ ਮੂਹਰੇ ਆਪਣਾ ਰਿਪੋਰਟ ਕਾਰਡ ਰੱਖਣ ਲਈ ਪ੍ਰੈਸ ਕਾਨਫਰੰਸ ਮੌਕੇ ਕੀਤਾ।

ਦਸ ਦੇਈਏ ਕਿ ਕੁੰਦਨ ਗੋਗੀਆ ਨੂੰ ਮੇਅਰ ਬਣੇ ਨੂੰ ਕਰੀਬ ਇਕ ਸਾਲ ਹੋ ਚੁੱਕਾ ਹੈ, ਜਿਸ ਮਗਰੋਂ ਉਨ੍ਹਾਂ ਨਿਗਮ ਵਿੱਚ ਮੁਲਾਜਮਾਂ ਦੇ ਹਿੱਤ ਅਤੇ ਲੋਕ ਹਿਤ ਲਈ ਕਈ ਅਹਿਮ ਫੈਂਸਲੇ ਲਏ. ਇਸ ਤੋਂ ਇਲਾਵਾ ਉਨ੍ਹਾਂ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਪੂਰੇ ਸਾਲ ਕੋਈ ਵੀ ਛੁੱਟੀ ਨਹੀਂ ਕੀਤੀ ਅਤੇ ਕਦੇ ਵੀ ਆਪਣੇ ਲਈ ਸਰਕਾਰ ਤੋਂ ਗੰਨਮੈਨਾਂ ਦੀ ਮੰਗ ਨਹੀਂ ਕੀਤੀ। ਉਨ੍ਹਾਂ ਨੇ ਵੱਧ ਤੋਂ ਵੱਧ ਲੋਕ ਪੱਖੀ ਸ਼ਿਕਾਇਤਾ ਦਾ ਹੱਲ ਕਰਨ ਲਈ ਟੋਕਨ ਸਿਸਟਮ ਖਤਮ ਕਰਕੇ ਖੁੱਲੇ ਦਰਬਾਰ ਵਜੋਂ ਲੋਕਾਂ ਨੂੰ ਕੰਮ ਕਰਵਾਉਣ ਲਈ ਬਿਨਾ ਕਿਸੇ ਝਿਜਕ ਅਤੇ ਸਿਫਾਰਸ਼ ਤੋਂ ਆਉਣ ਸੱਦਾ ਦਿੱਤਾ। ਅੱਜ ਕਰੀਬ ਇਕ ਸਾਲ ਪੂਰਾ ਹੋਣ ਤੇ ਉਨ੍ਹਾਂ ਆਪਣਾ ਰਿਪੋਰਟ ਕਾਰਡ ਜਨਤਾ ਅੱਗੇ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲੋਕ ਪੱਖੀ ਕੰਮ ਨੂੰ ਪਹਿਲ ਦੇਣਾ ਮੁੱਢਲੀ ਜਿੰਮੇਵਾਰੀ ਹੈ।

ਪ੍ਰਾਪਰਟੀ ਟੈਕਸ ਅਤੇ ਹੋਰ ਵਸੀਲਿਆਂ ਤੋਂ ਵਧੀ ਆਮਦਨ ਮੇਅਰ ਨੇ ਕਿਹਾ ਕਿ ਨਿਗਮ ਦੀ ਕਮਾਈ ਦਾ ਮੁੱਖ ਸਾਧਨ ਪ੍ਰਾਪਰਟੀ ਟੈਕਸ ਰਿਹਾ ਹੈ। ਪਿਛਲੇ ਸਾਲ (2023-24) ਇਸੇ ਸਮੇਂ ਦੌਰਾਨ ਪ੍ਰਾਪਰਟੀ ਟੈਕਸ ਤੋਂ 16.76 ਕਰੋੜ ਰੁਪਏ ਇਕੱਠੇ ਹੋਏ ਸਨ, ਜੋ ਕਿ ਇਸ ਸਾਲ ਸਖਤੀ ਕਾਰਨ ਵੱਧ ਕੇ 28.52 ਕਰੋੜ ਰੁਪਏ ਹੋ ਗਏ ਹਨ। ਇਸ ਮੱਦ ਵਿੱਚ ਸਿੱਧਾ 70% ਦਾ ਵਾਧਾ ਦਰਜ ਕੀਤਾ ਗਿਆ ਹੈ। ਨਜਾਇਜ਼ ਕੁਨੈਕਸ਼ਨਾਂ @ਤੇ ਕੀਤੀ ਗਈ ਕਾਰਵਾਈ ਕਾਰਨ ਇਹ ਆਮਦਨ 0.38 ਕਰੋੜ ਤੋਂ ਵੱਧ ਕੇ 1.42 ਕਰੋੜ ਹੋ ਗਈ ਹੈ, ਜੋ ਕਿ ਰਿਕਾਰਡ 274% ਦਾ ਵਾਧਾ ਹੈ। ਇਸੇ ਤਰ੍ਹਾਂ ਰੈਂਟ ਅਤੇ ਲੀਜ਼ ਰਾਹੀਂ ਹੋਣ ਵਾਲੀ ਆਮਦਨ ਵੀ 129% ਵਾਧੇ ਨਾਲ 0.17 ਕਰੋੜ ਤੋਂ ਵੱਧ ਕੇ 0.39 ਕਰੋੜ ਹੋ ਗਈ ਹੈ। ਇਸ ਦੇ ਨਾਲ ਹੀ ਇਸ਼ਤਿਹਾਰ ਅਤੇ ਕਾਉ ਸੈੱਸ ਤੋਂ ਹੋਣ ਵਾਲੀ ਕਮਾਈ ਵਿੱਚ ਵੀ 70% ਦਾ ਵਾਧਾ ਹੋਇਆ ਹੈ। ਇਸ਼ਤਿਹਾਰ ਦੇ ਨਵੇਂ ਟੈਂਡਰ ਸਿਰੇ ਚੜ੍ਹਨ ਨਾਲ ਇਹ ਆਮਦਨ 1.94 ਕਰੋੜ ਤੋਂ ਵੱਧ ਕੇ 3.29 ਕਰੋੜ ਹੋ ਗਈ ਹੈ। ਇਸ ਤੋਂ ਇਲਾਵਾ ਗਊ ਸੈੱਸ ਦੀ ਵਸੂਲੀ ਵਿੱਚ ਵੀ 21% ਦਾ ਵਾਧਾ ਹੋਇਆ ਹੈ, ਜੋ 0.86 ਕਰੋੜ ਤੋਂ ਵੱਧ ਕੇ 1.04 ਕਰੋੜ ਹੋ ਗਿਆ ਹੈ। ਇਸ ਤੋਂ ਇਲਾਵਾ ਨਿਗਮ ਨੇ ਅਚਨਚੇਤ ਅਤੇ ਫਾਲਤੂ ਖਰਚਿਆਂ @ਤੇ ਵੀ ਰੋਕ ਲਗਾਈ ਹੈ। ਪਹਿਲਾਂ ਹੋਣ ਵਾਲੇ 3 ਕਰੋੜ 15 ਲੱਖ ਦੇ ਫਾਲਤੂ ਖਰਚੇ ਘਟਾ ਕੇ ਹੁਣ ਸਿਰਫ਼ 1 ਕਰੋੜ 62 ਲੱਖ ਰਹਿ ਗਏ ਹਨ। ਗਊਸ਼ਾਲਾ ਦੀ ਪੇਮੈਂਟ ਵੀ 1.07 ਕਰੋੜ ਤੋਂ ਵਧਾ ਕੇ 1.55 ਕਰੋੜ ਕੀਤੀ ਗਈ ਹੈ, ਜਿਸ ਵਿੱਚ 50 ਲੱਖ ਰੁਪਏ ਐਮ.ਸੀ ਫੰਡ ਵਿੱਚੋਂ ਦਿੱਤੇ ਗਏ ਹਨ।

ਪਹਿਲੀ ਤਰੀਕ ਨੂੰ ਮਿਲਣ ਵਾਲੀ ਤਨਖਾਹ ਨਾਲ ਨਿਗਮ ਨੇ ਰਚਿਆ ਇਤਿਹਾਸ ਮੇਅਰ ਨੇ ਕਿਹਾ ਕਿ ਨਿਗਮ ਨੇ ਮੁਲਾਜ਼ਮਾਂ ਲਈ ਸਭ ਤੋਂ ਵੱਡੀ ਰਾਹਤ ਦਾ ਐਲਾਨ ਕੀਤਾ ਹੈ। ਪਿਛਲੇ ਕਈ ਸਾਲਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਸਮੂਹ ਮੁਲਾਜ਼ਮਾਂ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਤਨਖਾਹ ਮਿਲਣੀ ਸ਼ੁਰੂ ਹੋ ਗਈ ਹੈ। ਸਾਲ 2024-25 ਦੌਰਾਨ ਤਨਖਾਹ ਬਜਟ 95 ਕਰੋੜ ਸੀ ਜੋ ਹੁਣ ਮੁਲਾਜ਼ਮਾਂ ਦੀ ਗਿਣਤੀ 2000 ਹੋਣ ਕਾਰਨ ਵੱਧ ਕੇ 108 ਕਰੋੜ ਹੋ ਗਿਆ ਹੈ। ਇਸ ਭਾਰੀ ਬਜਟ ਦੇ ਬਾਵਜੂਦ, ਸਹੀ ਪ੍ਰਬੰਧਨ ਸਦਕਾ ਤਨਖਾਹਾਂ ਸਮੇਂ ਸਿਰ ਮਿਲ ਰਹੀਆਂ ਹਨ, ਜਿਸ ਨਾਲ ਮੁਲਾਜ਼ਮਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਉਹ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਬਕਾਏ ਕੀਤੇ ਜਾਰੀ ਮੇਅਰ ਨੇ ਕਿਹਾ ਕਿ ਰਿਟਾਇਰਡ ਅਤੇ ਮੌਜੂਦਾ ਮੁਲਾਜ਼ਮਾਂ ਨੂੰ ਮਿਲੀ ਰਾਹਤ ਤਨਖਾਹਾਂ ਤੋਂ ਇਲਾਵਾ, ਨਿਗਮ ਨੇ ਲੰਬੇ ਸਮੇਂ ਤੋਂ ਰੁਕੇ ਹੋਏ ਬਕਾਏ ਵੀ ਕਲੀਅਰ ਕੀਤੇ ਹਨ। ਰਿਟਾਇਰਡ ਕਰਮਚਾਰੀਆਂ ਨੂੰ ਲਗਭਗ 7 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ, ਜਿਸ ਵਿੱਚ ਇੱਕ ਕਰੋੜ 5 ਲੱਖ ਰੁਪਏ ਉਹ ਸਨ ਜੋ ਕਾਫੀ ਸਮੇਂ ਤੋਂ ਰੁਕੇ ਹੋਏ ਸਨ। ਇਸੇ ਤਰ੍ਹਾਂ ਰੈਗੂਲਰ ਮੁਲਾਜ਼ਮਾਂ ਦਾ 2 ਕਰੋੜ ਰੁਪਏ ਦਾ ਪੀ.ਐਫ ਅਤੇ ਸੀ.ਪੀ.ਐਫ ਜਮ੍ਹਾਂ ਕਰਵਾਇਆ ਗਿਆ ਹੈ ਅਤੇ ਲਟਕਦੇ ਮੈਡੀਕਲ ਬਿੱਲਾਂ ਦਾ ਨਿਪਟਾਰਾ ਕੀਤਾ ਗਿਆ ਹੈ।

# ਸਿਵਲ ਸਰਜਨ ਦਫਤਰ ਪਟਿਆਲਾ ਵਿਖੇ ਕਰਵਾਈ ਹਿਊਮਨ ਪੈਪੀਲੋਮਾ ਵਾਇਰਸ ਵੈਕਸੀਨ ਕਪੈਸਿਟੀ ਬਿਲਡਿੰਗ ਵਰਕਸ਼ਾਪ



**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰਾ ਅਤੇ ਪੰਜਾਬ ਸਿਹਤ ਮੰਤਰੀ ਡਾ.ਬਲਬੀਰ ਸਿੰਘ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਪਟਿਆਲਾ ਦੇ ਸਿਵਲ ਸਰਜਨ ਡਾ.ਜਸਵਿੰਦਰ ਸਿੰਘ ਦੀ ਪ੍ਰਧਾਨਗੀ ਅਤੇ ਜਿਲ੍ਹਾ ਟੀਕਾਕਰਨ ਅਫਸਰ ਕੰਮ ਨੋਡਲ ਅਫਸਰ ਡਾ.ਕੁਸ਼ਲਦੀਪ ਗਿੱਲ ਦੀ ਅਗਵਾਹੀ ਹੇਠ ਅੱਜ ਸਿਵਲ ਸਰਜਨ ਦਫਤਰ ਪਟਿਆਲਾ ਵਿਖੇ ਜਿਲ੍ਹਾ ਪੱਧਰੀ ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ) ਵੈਕਸੀਨ ਕਪੈਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਜਿਲ੍ਹੇ ਦੇ ਵੱਖ ਵੱਖ ਬਲਾਕਾਂ ਤੋਂ ਮੈਡੀਕਲ ਅਫਸਰਾਂ,ਬਲਾਕ ਐਕਸਟੈਂਸ਼ਨ ਐਜੂਕੇਟਰ ਅਤੇ ਮਲਟੀ ਪਰਪਸ ਹੈਲਥ ਵਰਕਰ ਸੁਪਰਵਾਈਜ਼ਰ ਫੀਮੇਲ ਵੱਲੋਂ ਸਮੂਲੀਅਤ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾ.ਜਸਵਿੰਦਰ ਸਿੰਘ ਨੇ ਦੱਸਿਆ ਕਿ ਐਚ.ਪੀ.ਵੀ ਵੈਕਸੀਨ ਵਿਸ਼ੇਸ਼ ਤੌਰ ਤੇ 14 ਸਾਲ ਦੀ ਉਮਰ ਪੂਰੀ ਕਰ ਚੁੱਕੀਆਂ ਲੜਕੀਆਂ ਨੂੰ ਜਿਲ੍ਹੇ ਭਰ ਵਿੱਚ ਸਿਹਤ ਕਰਮੀਆਂ ਵੱਲੋਂ ਬਿਲਕੁਲ ਮੁਫਤ ਲਗਾਈ ਜਾਵੇਗੀ। ਉਹਨਾਂ ਦੱਸਿਆ ਕਿ ਇਸ ਵੈਕਸੀਨ ਨੂੰ ਲਗਾਉਣ ਦਾ ਮੁੱਖ ਮੰਤਵ ਬੱਚਿਆਂ ਨੂੰ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਤੋਂ ਬਚਾਉਣ ਦੇ ਨਾਲ ਨਾਲ ਗੁਪਤ ਅੰਗਾਂ ਦੇ ਰੋਗਾਂ ਤੋਂ ਬਚਾਉਣਾ ਹੈ। ਉਹਨਾਂ ਦੱਸਿਆ ਕਿ ਔਰਤਾਂ ਵਿੱਚ ਹੋਣ ਵਾਲੇ ਸਰਵਿਸ ਕੈਂਸਰ ਦੀ ਰੋਕਥਾਮ ਲਈ ਐਚ ਪੀ ਵੀ ਵੈਕਸੀਨ ਭਾਰਤ ਸਮੇਤ ਕਈ ਮੁਲਕਾਂ ਦੇ ਵਿੱਚ ਪਹਿਲਾਂ ਤੋਂ ਹੀ ਲਗਾਈ ਜਾ ਰਹੀ ਹੈ।

ਜਿਲ੍ਹਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਦੱਸਿਆ ਕਿ ਵਰਕਸ਼ਾਪ ਦੌਰਾਨ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਐਚ ਪੀ ਵੀ ਵੈਕਸੀਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ। ਉਹਨਾਂ ਕਿਹਾ ਕਿ ਵਰਕਸ਼ਾਪ ਦੌਰਾਨ ਦੱਸਿਆ ਗਿਆ ਕਿ ਐਚ ਪੀ ਵੀ ਵੈਕਸੀਨ ਦੀ ਖੁਰਾਕ 14 ਸਾਲ ਦੇ ਲੜਕੀਆਂ ਨੂੰ ਲਗਾਈ ਜਾਵੇ ਜੇਕਰ ਐਚ ਪੀ ਵੀ ਵੈਕਸੀਨ ਬੱਚੇ ਨੂੰ ਸਮੇਂ ਸਿਰ ਲਗਾਈ ਜਾਵੇ ਤਾਂ ਸਰਵਿਸ ਕੈਂਸਰ ਵਰਗੀ ਬਿਮਾਰੀ ਹੋਣ ਦੇ ਖਦਸੇ ਨੂੰ ਰੋਕਿਆ ਜਾ ਸਕਦਾ ਹੈ। ਇਸ ਮੌਕੇ ਸਮੂਹ ਮੀਡੀਆ ਵਿੰਗ ਦੀ ਟੀਮ ਮੌਜੂਦ ਸੀ।

# ਲਾਇਨਜ਼ ਕਲੱਬ ਪਟਿਆਲਾ ਫੋਰਟ ਨੇ ਗੂੰਗੇ ਅਤੇ ਬੋਲ਼ੇ ਬੱਚਿਆਂ ਲਈ ਸਕੂਲ ਵਿੱਚ ਕੀਤਾ ਰਾਤ ਦੇ ਭੋਜਨ ਦਾ ਆਯੋਜਨ

**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਲਾਇਨਜ਼ ਇੰਟਰਨੈਸ਼ਨਲ ਦੇ ਲਾਇਨਜ਼ ਕਲੱਬ ਪਟਿਆਲਾ ਫੋਰਟ ਨੇ ਸੈਫਦੀਪੁਰ, ਪਟਿਆਲਾ ਵਿਖੇ ਪ੍ਰਧਾਨ ਯਾਦਵਿੰਦਰ ਸਿੰਗਲਾ ਦੀ ਨਿਗਰਾਨੀ ਹੇਠ ਬੋਲ਼ੇ, ਗੂੰਗੇ ਅਤੇ ਅੰਨ੍ਹੇ ਬੱਚਿਆਂ ਲਈ ਰਾਤ ਦੇ ਭੋਜਨ ਦਾ ਆਯੋਜਨ ਕੀਤਾ। ਇਸ ਮੌਕੇ 'ਤੇ, ਲਾਈਨ ਕੇ ਵੀ ਪੁਰੀ ਨੇ ਕਿਹਾ ਕਿ ਉਨ੍ਹਾਂ ਦੇ ਪੋਤੇ ਅਤੇ ਲਾਈਨ ਵਾਈ ਪੀ ਸੂਦ ਦੇ ਪੋਤੇ ਆਰਵ ਸੂਦ ਦੇ ਜਨਮਦਿਨ ਦਾ ਜਸ਼ਨ ਮਨਾਉਣ ਲਈ ਉੱਥੇ ਰਹਿਣ ਵਾਲੇ ਲਗਭਗ 450 ਬੱਚਿਆਂ ਨੂੰ ਰਾਤ ਦਾ ਭੋਜਨ ਪਰੋਸਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸਾਰੇ ਮੈਂਬਰਾਂ ਨੂੰ ਇਨ੍ਹਾਂ ਗੂੰਗੇ, ਬੋਲ਼ੇ ਅਤੇ ਅੰਨ੍ਹੇ ਬੱਚਿਆਂ ਨਾਲ ਜਨਮਦਿਨ, ਵਿਆਹ ਦੀ ਵਰ੍ਹੇਗੰਢ, ਨੌਕਰੀ ਵਿੱਚ ਤਰੱਕੀ ਵਰਗੇ ਖੁਸ਼ੀਆਂ ਭਰੇ ਮੌਕੇ ਮਨਾਉਣੇ ਚਾਹੀਦੇ ਹਨ। ਲਾਇਨਜ਼ ਕਲੱਬ ਪਟਿਆਲਾ ਫੋਰਟ ਵੱਲੋਂ ਮੋਨਿਕਾ ਠਾਕੁਰ, ਸੋਹਿੰਦਰ ਕਾਂਸਲ, ਆਰਪੀ ਸੂਦ ਨੇ ਆਰਵ ਦੇ ਦਾਦਾ ਵਾਈਪੀ ਸੂਦ, ਦਾਦਾ ਕੇਵੀ ਪੁਰੀ, ਚਾਚਾ ਗੌਤਮ ਪੁਰੀ, ਮਾਂ ਰੀਸ਼ਾ ਸੂਦ, ਪਿਤਾ ਸੌਰਵ ਸੂਦ, ਦਾਦੀ ਰੰਜਨਾ ਪੁਰੀ ਨੂੰ ਵਧਾਈ ਦਿੱਤੀ ਅਤੇ ਸਾਰਿਆਂ ਦਾ ਧੰਨਵਾਦ ਕੀਤਾ।

# 22 ਜਨਵਰੀ ਤੋਂ ਹੋਵੇਗੀ ਪੰਜਾਬ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਰਸਮੀ ਸ਼ੁਰੂਆਤ : ਸਿਹਤ ਮੰਤਰੀ ਡਾ. ਬਲਬੀਰ ਸਿੰਘ



**ਮੁਹਾਲੀ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਐਲਾਨ ਕੀਤਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਪੰਜਾਬ ਭਰ ਵਿੱਚ 22 ਜਨਵਰੀ ਤੋਂ ਰਸਮੀ ਸ਼ੁਰੂਆਤ ਕੀਤੀ ਜਾਵੇਗੀ। ਇਸ ਯੋਜਨਾ ਤਹਿਤ ਪੰਜਾਬ ਦੇ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ।

ਮੋਹਾਲੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ ਸਬੰਧੀ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਿਹਤ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਮੋਹਾਲੀ ਵਿੱਚ ਕੱਲ੍ਹ ਤੋਂ ਅੱਠ ਥਾਵਾਂ ਤੇ ਪਾਇਲਟ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਆਧਾਰ ਕਾਰਡ ਅਤੇ ਵੋਟਰ ਕਾਰਡ ਰੱਖਣ ਵਾਲੇ ਨਿਵਾਸੀ ਇਸ ਯੋਜਨਾ ਦੇ ਲਾਭਪਾਤਰੀ ਹੋਣਗੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ 650 ਦੇ ਕਰੀਬ ਨਿੱਜੀ ਹਸਪਤਾਲਾਂ ਅਤੇ ਸਾਰੇ ਮੈਡੀਕਲ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਯੋਜਨਾ ਤਹਿਤ ਸੂਚੀਬੱਧ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦੇ ਲਾਭਪਾਤਰੀਆਂ ਨੂੰ ਵੀ ਸਕੀਮ ਤਹਿਤ ਵਾਧੂ 5 ਲੱਖ ਰੁਪਏ ਦਾ ਸਿਹਤ ਕਵਰ ਦਿੱਤਾ ਜਾਵੇਗਾ।

ਮੋਹਾਲੀ ਵਿੱਚ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 274 ਰਜਿਸਟ੍ਰੇਸ਼ਨ ਸਥਾਨ ਨਿਰਧਾਰਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਕਾਮਨ ਸਰਵਿਸ ਸੈਂਟਰ, ਕਮਿਊਨਿਟੀ ਹੈਲਥ ਸੈਂਟਰ, ਸਬ-ਡਿਵੀਜ਼ਨਲ ਹਸਪਤਾਲ ਅਤੇ ਜ਼ਿਲ੍ਹਾ ਹਸਪਤਾਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਘੜੂਆਂ ਅਤੇ ਡੇਰਾਬੱਸੀ ਸਿਹਤ ਬਲਾਕਾਂ ਵਿੱਚ ਕੱਲ੍ਹ ਤੋਂ 8 ਥਾਵਾਂ 'ਤੇ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾਵੇਗੀ, ਜਿਸ ਤੋਂ ਬਾਅਦ ਇਹ ਪ੍ਰਕਿਰਿਆ ਹੋਰ ਸਥਾਨਾਂ ਤੱਕ ਲਿਜਾਈ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਨਿਗਰਾਨੀ ਕਰਨਗੇ। ਪ੍ਰਸ਼ਾਸਨਿਕ ਪੱਖੋਂ ਅਡੀਸ਼ਨਲ ਡਿਪਟੀ ਕਮਿਸ਼ਨਰ (ਡਿਵੈਲਪਮੈਂਟ) ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜਦਕਿ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਦਫ਼ਤਰਾਂ ਵਿੱਚ ਤਾਇਨਾਤ ਸਾਰੇ ਡਿਪਟੀ ਮੈਡੀਕਲ ਕਮਿਸ਼ਨਰ ਨੋਡਲ ਅਫ਼ਸਰ ਹੋਣਗੇ।

ਉਨ੍ਹਾਂ ਨੇ ਹਦਾਇਤ ਦਿੱਤੀ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਸੁਚਾਰੂ ਹੋਵੇ ਅਤੇ ਲਾਭਪਾਤਰੀਆਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ, ਤਾਂ ਜੋ ਵੱਧ ਤੋਂ ਵੱਧ ਪਰਿਵਾਰ ਇਸ ਇਤਿਹਾਸਕ ਯੋਜਨਾ ਦਾ ਲਾਭ ਲੈ ਸਕਣ।

ਇਸ ਮੌਕੇ ਏ ਡੀ ਸੀ (ਪੇਂਡੂ ਵਿਕਾਸ) ਸ੍ਰੀਮਤੀ ਸੋਨਮ ਚੌਧਰੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਅਮਨਦੀਪ ਵੜਿੰਗ ਅਤੇ ਅਸਿਸਟੈਂਟ ਸਿਵਲ ਸਰਜਨ ਡਾ. ਮਨਜਿੰਦਰ ਕੌਰ ਵੀ ਹਾਜ਼ਰ ਸਨ।

# ਪੰਜਾਬ ਵਿੱਚ ਪਹਿਲੀ ਵਾਰ, ਪਟਿਆਲਾ ਨਗਰ ਨਿਗਮ ਨੇ ਰਚਿਆ ਇਤਿਹਾਸ, ਕੌਂਸਲਰਾਂ ਨੂੰ ਦਿੱਤੇ ਗਏ ਟੈਬਲੇਟ

**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਨਗਰ ਨਿਗਮ ਨੇ ਡਿਜੀਟਲ ਪ੍ਰਸ਼ਾਸਨ ਵੱਲ ਵੱਡਾ ਕਦਮ ਚੁੱਕਦੇ ਹੋਏ ਇੱਕ ਨਵਾਂ ਇਤਿਹਾਸ ਰਚ ਦਿੱਤਾ ਹੈ। ਲੋਹੜੀ ਦੇ ਸ਼ੁਭ ਤਿਉਹਾਰ ਮੌਕੇ ਨਗਰ ਨਿਗਮ ਦੇ ਸਾਰੇ ਕੌਂਸਲਰਾਂ ਨੂੰ ਟੈਬਲੇਟ ਵੰਡੇ ਗਏ, ਤਾਂ ਜੋ ਸ਼ਹਿਰੀ ਪ੍ਰਸ਼ਾਸਨ ਨੂੰ ਆਧੁਨਿਕ, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ। ਇਸ ਦੀ ਜਾਣਕਾਰੀ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ ਵੱਲੋਂ ਮੀਟਿੰਗ ਦੌਰਾਨ ਦਿੱਤੀ ਗਈ। ਇਸ ਮੌਕੇ ਹਰਿੰਦਰ ਕੋਹਲੀ ਸੀਨੀਅਰ ਡਿਪਟੀ ਮੇਅਰ, ਜਗਦੀਪ ਸਿੰਘ ਜੱਗਾ ਡਿਪਟੀ ਮੇਅਰ ਅਤੇ ਹੋਰ ਕੌਂਸਲਰ ਸਾਹਿਬਾਨ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਇਸ ਮੌਕੇ ਨਿਗਮ ਵੱਲੋਂ ਈ-ਨਿਗਮ ਪੋਰਟਲ ਦੀ ਸ਼ੁਰੂਆਤ ਵੀ ਕੀਤੀ ਗਈ, ਜਿਸ ਦੇ ਤਹਿਤ ਹੁਣ ਜਨਰਲ ਹਾਊਸ ਦੀਆਂ ਸਾਰੀਆਂ ਮੀਟਿੰਗਾਂ ਆਨਲਾਈਨ ਕੀਤੀਆਂ ਜਾਣਗੀਆਂ ਅਤੇ ਸਾਰੇ ਏਜੰਡੇ ਡਿਜੀਟਲ ਤਰੀਕੇ ਨਾਲ ਜਾਰੀ ਹੋਣਗੇ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੰਜਾਬ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਨਗਰ ਨਿਗਮ ਵੱਲੋਂ ਸਾਰੇ ਕੌਂਸਲਰਾਂ ਨੂੰ ਟੈਬਲੇਟ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਡਿਜੀਟਲ ਪਲੇਟਫਾਰਮ ਰਾਹੀਂ ਹੁਣ ਨਗਰ ਨਿਗਮ ਦਾ ਕੰਮਕਾਜ ਹੋਰ ਤੇਜ਼, ਪਾਰਦਰਸ਼ੀ ਅਤੇ ਜਵਾਬਦੇਹ ਬਣੇਗਾ। ਈ-ਨਿਗਮ ਪੋਰਟਲ ਦੇ ਜ਼ਰੀਏ ਜਨਰਲ ਹਾਊਸ ਦੀਆਂ ਮੀਟਿੰਗਾਂ, ਏਜੰਡਾ, ਫ਼ੈਸਲੇ ਅਤੇ ਕਾਰਵਾਈ ਰਿਕਾਰਡ ਹੁਣ ਆਨਲਾਈਨ ਉਪਲਬਧ ਹੋਣਗੇ। ਇਸ ਨਾਲ ਨਾ ਸਿਰਫ਼ ਕਾਗਜ਼ੀ ਕਾਰਵਾਈ ਘਟੇਗੀ, ਬਲਕਿ ਫ਼ੈਸਲਿਆਂ ਦੀ ਟ੍ਰੈਕਿੰਗ ਅਤੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣਾ ਵੀ ਆਸਾਨ ਹੋਵੇਗਾ।

ਨਿਗਮ ਕਮਿਸ਼ਨਰ ਨੇ ਦਸਿਆ ਕਿ ਪਟਿਆਲਾ ਨਗਰ ਨਿਗਮ ਸਦਾ ਹੀ ਲੋਕ-ਪੱਖੀ ਅਤੇ ਤਕਨੀਕੀ ਤੌਰ 'ਤੇ ਅੱਗੇ ਵਧਣ ਵਾਲੇ ਫ਼ੈਸਲੇ ਲੈ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਸ਼ਹਿਰ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਪਾਰਦਰਸ਼ੀ ਹੋਵੇ ਅਤੇ ਹਰ ਕੌਂਸਲਰ ਤਕਨੀਕ ਨਾਲ ਜੁੜ ਕੇ ਸ਼ਹਿਰ ਦੀ ਭਲਾਈ ਲਈ ਕੰਮ ਕਰੇ। ਟੈਬਲੇਟ ਵੰਡਣ ਅਤੇ ਈ-ਨਿਗਮ ਪੋਰਟਲ ਦੀ ਸ਼ੁਰੂਆਤ ਨਾਲ ਹੁਣ ਨਗਰ ਨਿਗਮ ਦਾ ਕੰਮ ਹੋਰ ਸੁਚਾਰੂ ਬਣੇਗਾ। ਇਹ ਕਦਮ ਸਮੇਂ ਦੀ ਮੰਗ ਹੈ ਅਤੇ ਪਟਿਆਲਾ ਇਸ ਮਾਮਲੇ ਵਿੱਚ ਪੰਜਾਬ ਲਈ ਮਿਸਾਲ ਬਣੇਗਾ।

ਮੇਅਰ ਅਤੇ ਕਮਿਸ਼ਨਰ ਨੇ ਸਾਂਝੇ ਤੌਰ ਤੇ ਦਸਿਆ ਕਿ ਹੁਣ ਤੋਂ ਜਨਰਲ ਹਾਊਸ ਦੀਆਂ ਸਾਰੀਆਂ ਮੀਟਿੰਗਾਂ ਆਨਲਾਈਨ ਹੋਣਗੀਆਂ ਅਤੇ ਕੌਂਸਲਰਾਂ ਨੂੰ ਏਜੰਡਾ ਡਿਜੀਟਲ ਰੂਪ ਵਿੱਚ ਮਿਲੇਗਾ, ਜਿਸ ਨਾਲ ਤਿਆਰੀ ਹੋਰ ਬਿਹਤਰ ਹੋਵੇਗੀ ਅਤੇ ਮੀਟਿੰਗਾਂ ਵਿੱਚ ਚਰਚਾ ਹੋਰ ਮੱਤਵਪੂਰਨ ਬਣੇਗੀ।

# ਆਮ ਆਦਮੀ ਪਾਰਟੀ ਵੱਲੋਂ ਟਰੇਡ ਵਿੰਗ ਰਾਹੀਂ ਸੰਗਠਨ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ

## ਹਲਕਾ ਇੰਚਾਰਜ ਅਤੇ ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਨਵੇਂ ਟਰੇਡ ਵਿੰਗ ਅਹੁਦੇਦਾਰਾਂ ਦਾ ਸਨਮਾਨ



**ਸਨੌਰ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀ.ਆਰ.ਟੀ.ਸੀ. ਵੱਲੋਂ ਆਪਣੇ ਗ੍ਰਹਿ ਵਿਖੇ ਆਮ ਆਦਮੀ ਪਾਰਟੀ ਦੇ ਨਵੇਂ ਬਣੇ ਟਰੇਡ ਵਿੰਗ ਦੇ ਨਵ ਨਿਯੁਕਤ ਚੇਅਰਪਰਸਨ, ਹਲਕਾ ਕੋਆਰਡੀਨੇਟਰ ਅਤੇ ਨਵ ਨਿਯੁਕਤ ਮੈਂਬਰਾਂ ਨੂੰ ਸਨਮਾਨਿਤ ਕੀਤਾ ।

ਇਸ ਮੌਕੇ ਰਣਜੋਧ ਸਿੰਘ ਹਡਾਣਾ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਟਰੇਡ ਵਿੰਗ ਆਮ ਆਦਮੀ ਪਾਰਟੀ ਦੀ ਇੱਕ ਮਹੱਤਵਪੂਰਨ ਕੜੀ ਹੈ, ਜੋ ਵਪਾਰੀ ਵਰਗ ਨੂੰ ਸੰਗਠਨ ਨਾਲ ਜੋੜਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਉਨ੍ਹਾਂ ਨੇ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਪਾਰਟੀ ਦੀ ਪਹਿਲ ਹੈ ਅਤੇ ਟਰੇਡ ਵਿੰਗ ਇਸ ਦਿਸ਼ਾ ਵਿੱਚ ਇੱਕ ਮਜ਼ਬੂਤ ਮੰਚ ਸਾਬਤ ਹੋਵੇਗਾ।

ਹਡਾਣਾ ਨੇ ਅਹੁਦੇਦਾਰਾਂ ਨੂੰ ਕਿਹਾ ਕਿ ਉਹ ਹਲਕੇ ਦੀਆਂ ਮਾਰਕੀਟਾਂ, ਉਦਯੋਗਿਕ ਖੇਤਰਾਂ ਅਤੇ ਛੋਟੇ ਵਪਾਰੀਆਂ ਨਾਲ ਸਿੱਧਾ ਸੰਪਰਕ ਬਣਾਉਣ, ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਪਾਰਟੀ ਤੱਕ ਪਹੁੰਚਾਉਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਮਾਨਦਾਰ ਪ੍ਰਸ਼ਾਸਨ, ਪਾਰਦਰਸ਼ਤਾ ਅਤੇ ਲੋਕਹਿਤ ਦੀ ਨੀਤੀ 'ਤੇ ਚੱਲਦੀ ਹੈ ਅਤੇ ਇਸੇ ਭਾਵਨਾ ਨਾਲ ਟਰੇਡ ਵਿੰਗ ਨੂੰ ਕੰਮ ਕਰਨਾ ਚਾਹੀਦਾ ਹੈ।

ਨਵੇਂ ਨਿਯੁਕਤ ਚੇਅਰਪਰਸਨ, ਹਲਕਾ ਕੋਆਰਡੀਨੇਟਰ ਅਤੇ ਮੈਂਬਰਾਂ ਨੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਦੀ ਨੀਤੀ ਅਨੁਸਾਰ ਲੋਕਾਂ ਦੀ ਸੇਵਾ ਕਰਨਗੇ ਅਤੇ ਵਪਾਰੀ ਵਰਗ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਵਾਉਣ ਲਈ ਲਗਾਤਾਰ ਯਤਨ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਟਰੇਡ ਵਿੰਗ ਦਾ ਮੁੱਖ ਉਦੇਸ਼ ਵਪਾਰੀਆਂ ਨੂੰ ਇਕੱਠਾ ਕਰਨਾ, ਉਨ੍ਹਾਂ ਦੀ ਆਵਾਜ਼ ਮਜ਼ਬੂਤੀ ਨਾਲ ਉਚੇਰੇ ਪੱਧਰ ਤੱਕ ਪਹੁੰਚਾਉਣਾ ਅਤੇ ਸਨੌਰ ਹਲਕੇ ਵਿੱਚ ਵਪਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੌਕੇ ਨਵ ਨਿਯੁਕਤ ਚੇਅਰਪਰਸਨ ਵੇਦ ਪ੍ਰਕਾਸ਼, ਮੈਂਬਰ ਪ੍ਰਿਥੀਪਾਲ ਸਿੰਘ , ਗੁਰਿੰਦਰ ਸਿੰਘ, ਸੁਨੀਲ ਕੁਮਾਰ, ਰਣਜੀਤ ਕਪੂਰ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਹੇਸ਼ ਕੁਮਾਰ, ਜਸਵੀਰ ਸਿੰਘ , ਪ੍ਰਿੰਸ ਧਵਨ ਅਤੇ ਅਕਸ਼ੇ ਗਰਗ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ।

# ਉਘੇ ਸਮਾਜ ਸੇਵਕ ਪਾਲ ਖਰੌੜ ਦਾ ਕੀਤਾ ਸਨਮਾਨ, ਪਿੰਡ ਲਚਕਾਣੀ ਵਿਖੇ ਗੁਰਮਤਿ ਸਮਾਗਮ 15 ਨੂੰ



**ਪਟਿਆਲਾ, 15 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਝਾਂ ਦਾ ਵਪਾਰ ਅਤੇ ਦੁੱਧ ਦਾ ਕਾਰੋਬਾਰ ਕਰਨ ਵਾਲੇ ਗੁੱਜਰਾਂ ਕੋਲ ਬਿਨ੍ਹਾਂ ਤਨਖਾਹ ਤੋਂ ਕੰਮ ਕਰਨ ਵਾਲੇ ਮਜਦੂਰਾਂ ਨੂੰ ਛੁਡਵਾ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਉਣ ਵਾਲੇ ਅਤੇ ਲੋੜਵੰਦਾਂ ਨੂੰ ਆਪਣੀ ਜਮੀਨ ਵਿਚ ਹੀ ਆਸ਼ਰਮ ਬਣਾ ਕੇ ਰੱਖਣ ਵਾਲੇ 'ਆਪਣਾ ਫਰਜ਼ ਸੇਵਾ ਸੁਸਾਇਟੀ' ਦੇ ਪ੍ਰਧਾਨ ਉਘੇ ਸਮਾਜ ਸੇਵਕ ਵੀਰ ਪਾਲ ਖਰੌੜ ਨੂੰ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਲੋਈ ਅਤੇ ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਤਸਵੀਰ ਵਾਲਾ ਸਨਮਾਨ ਚਿੰਨ੍ਹ ਦੇ ਕੇ ਗਰੁੱਪ ਦੇ ਦਫਤਰ ਵਿਖੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਜਥੇਦਾਰ ਕਰਨ ਸਿੰਘ ਜੌਲੀ, ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਹਰਮਿੰਦਰ ਸਿੰਘ ਢੀਂਡਸਾ, ਸਾਬਕਾ ਥਾਣੇਦਾਰ ਸੁਰਿੰਦਰ ਸਿੰਘ, ਅਮਿਤ ਸ਼ਰਮਾ, ਪਰਮਿੰਦਰ ਸਿੰਘ ਚੱਪੜ ਤੇ ਸਾਥੀਆਂ ਨੇ ਸਾਂਝੇ ਤੌਰ 'ਤੇ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ 6 ਸਾਲਾਂ ਤੋਂ ਵੀਰ ਪਾਲ ਖਰੌੜ ਵੱਲੋਂ ਮੱਝਾਂ ਦੇ ਵਪਾਰੀ ਅਤੇ ਦੁੱਧ ਦਾ ਕਾਰੋਬਾਰ ਕਰਨ ਵਾਲੇ ਗੁੱਜਰਾਂ ਕੋਲੋਂ ਪੀੜ੍ਹਿਤ ਵਿਅਕਤੀਆਂ ਨੂੰ ਛੁਡਵਾਉਣ ਦੀ ਸੇਵਾ ਕਰਨ ਦਾ ਬੀੜ੍ਹਾ ਚੁੱਕਿਆ ਸੀ, ਜੋ ਲਗਾਤਾਰ ਜਾਰੀ ਹੈ। ਚੁੰਗਲ ਵਿਚੋਂ ਛੁਡਵਾਏ ਗਏ ਵਿਅਕਤੀਆਂ ਵਿਚੋਂ ਕਾਫੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਅਤੇ ਇਨ੍ਹਾਂ ਵਿਚੋਂ ਜੋ ਦਿਮਾਗੀ ਤੌਰ 'ਤੇ ਆਪਣੀ ਯਾਦਾਸ਼ਤ ਗੁਆ ਚੁੱਕੇ ਸਨ, ਉਨ੍ਹਾਂ ਨੂੰ ਪਟਿਆਲਾ ਤੋਂ ਭਾਦਸੋਂ ਰੋਡ 'ਤੇ ਸਥਿਤ ਪਿੰਡ ਲਚਕਾਣੀ ਵਿਖੇ ਬਣਾਏ ਆਸ਼ਰਮ ਵਿਚ ਰੱਖਿਆ ਜਾਂਦਾ ਹੈ। ਇੰਨਾ ਹੀ ਨਹੀਂ ਪਾਲ ਖਰੌੜ ਤੇ ਸਾਥੀਆਂ ਨੇ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਇਲਾਕਿਆਂ ਵਿਚੋਂ ਕਈ ਅਜਿਹੇ ਨੌਜਵਾਨ ਛੁਡਵਾਏ ਹਨ ਜਿਨ੍ਹਾਂ ਪਾਸੋਂ ਮਨੁੱਖਤਾਵਾਦੀ ਸਿਧਾਂਤਾਂ ਦੇ ਬਿਲਕੁੱਲ ਉਲਟ ਕਈ-ਕਈ ਸਾਲਾਂ ਤੋਂ ਬਿਨ੍ਹਾਂ ਤਨਖਾਹ ਦੇ ਕੰਮ ਕਰਵਾਇਆ ਜਾ ਰਿਹਾ ਸੀ। ਪਾਲ ਖਰੌੜ ਨੇ ਦੱਸਿਆ ਕਿ ਸੁਸਾਇਟੀ ਦੇ 6 ਸਾਲ ਪੂਰੇ ਹੋਣ ਤੇ 15 ਜਨਵਰੀ ਦਿਨ ਵੀਰਵਾਰ ਨੂੰ ਆਸ਼ਰਮ ਵਿਖੇ ਹੀ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਗਰੁੱਪ ਵੱਲੋਂ ਖੂਨਦਾਨ ਕੈਂਪ ਵੀ ਲਗਾਇਆ ਜਾ ਰਿਹਾ ਹੈ। ਉਨ੍ਹਾਂ ਮਿਸ਼ਨਰੀ ਕਾਰਕੁੰਨਾਂ ਨੂੰ ਸਮਾਗਮ ਵਿਚ ਪਹੁੰਚਣ ਦਾ ਸੱਦਾ ਪੱਤਰ ਵੀ ਦਿੱਤਾ।

# ਕਲਾਕਾਰਾਂ ਦੀ ਨਰਸਰੀ ਹੈ ਪੰਜਾਬੀ ਯੂਨੀਵਰਸਿਟੀ: ਡਾ. ਜਗਦੀਪ ਸਿੰਘ

## ਪੰਜਾਬੀ ਯੂਨੀਵਰਸਿਟੀ ਨੇ 39ਵੇਂ ਏ. ਆਈ. ਯੂ. ਨੌਰਥ ਜ਼ੋਨ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ




**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਨੇ 39ਵੇਂ ਏ. ਆਈ. ਯੂ. ਨੌਰਥ ਜ਼ੋਨ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੰਗੀਤ ਦੀ ਓਵਰ-ਆਲ ਟਰਾਫ਼ੀ ਹਾਸਿਲ ਕਰ ਲਈ ਹੈ। ਚਿਤਕਾਰਾ ਯੂਨੀਵਰਸਿਟੀ ਰਾਜਪੁਰਾ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ ਓਵਰਆਲ ਮੇਲੇ ਵਿੱਚੋਂ ਪੰਜਾਬੀ ਯੂਨੀਵਰਸਿਟੀ ਨੇ ਤੀਜਾ ਸਥਾਨ ਹਾਸਿਲ ਕੀਤਾ ਹੈ। ਫ਼ਾਈਨ ਆਰਟਸ ਦੇ ਖੇਤਰ ਦੀਆਂ ਕਲਾਤਮਿਕ ਵੰਨਗੀਆਂ ਵਿੱਚ ਵੀ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਯੁਵਕ ਭਲਾਈ ਵਿਭਾਗ ਨੂੰ ਇਸ ਪ੍ਰਾਪਤੀ ਉੱਤੇ ਵਧਾਈ ਦਿੰਦਿਆਂ ਕਿਹਾ ਕਿ ਕਲਾ ਦੇ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਦਾ ਵਿਸ਼ੇਸ਼ ਥਾਂ ਹੈ। ਵੱਖ-ਵੱਖ ਕਲਾਤਮਿਕ ਵੰਨਗੀਆਂ ਦੇ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਅਣਗਿਣਤ ਫ਼ਨਕਾਰ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕਲਾਕਾਰਾਂ ਦੀ ਨਰਸਰੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਰਾਸ਼ਟਰੀ ਯੁਵਕ ਮੇਲੇ ਵਿੱਚ ਵੀ ਪੰਜਾਬੀ ਯੂਨੀਵਰਸਿਟੀ ਚੰਗੀਆਂ ਪ੍ਰਾਪਤੀਆਂ ਕਰੇਗੀ।

ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਪ੍ਰੋ. ਭੀਮਇੰਦਰ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਨੇ ਕੁੱਲ 19 ਕਲਾਤਮਿਕ ਵੰਨਗੀਆਂ ਵਿੱਚ ਜਿੱਤ ਹਾਸਿਲ ਕੀਤੀ। ਇਨ੍ਹਾਂ ਵਿੱਚੋਂ ਨੌ ਵੰਨਗੀਆਂ ਲਈ ਪੰਜਾਬੀ ਯੂਨੀਵਰਸਿਟੀ ਦੀਆਂ ਟੀਮਾਂ ਹੁਣ ਤਾਮਿਲਨਾਡੂ ਦੇ ਚੇਨੱਈ ਵਿਖੇ ਹੋਣ ਵਾਲੇ 'ਏ.ਆਈ. ਯੂ. ਰਾਸ਼ਟਰੀ ਅੰਤਰ-ਯੂਨੀਵਰਸਿਟੀ ਯੁਵਕ ਮੇਲੇ' ਵੱਚ ਭਾਗ ਲੈਣ ਲਈ ਜਾਣਗੀਆਂ।

ਪੰਜਾਬੀ ਯੂਨੀਵਰਸਿਟੀ ਨੇ ਇੰਡੀਅਨ ਗਰੁੱਪ ਸੌਂਗ, ਕੋਲਾਜ ਸਿਰਜਣਾ, ਕਲਾਸੀਕਲ ਵੋਕਲ ਅਤੇ ਮਿਮਿੱਕਰੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

## ਜਲਦ ਹੋਵੇਗਾ ਗਾਂਧੀ ਚੌਂਕ ਪਾਰਕਿੰਗ ਦੀ ਸਮੱਸਿਆ ਦਾ ਹੱਲ

# ਗੇਟਾਂ ਤੋਂ ਗੁਰਦੁਆਰਾ ਸਾਹਿਬ ਤੱਕ ਸਜਾਇਆ ਜਾਵੇਗਾ ਸੁੰਦਰ ਲਾਈਟਾਂ ਨਾਲ ਸ਼ਹਿਰ: ਪ੍ਰਧਾਨ ਕੁੰਦਰਾ

**ਮਾਛੀਵਾੜਾ ਸਾਹਿਬ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਮਾਛੀਵਾੜਾ ਸਾਹਿਬ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਜਿਸ ਵਿੱਚ ਲਗਭਗ ਸਾਰੇ ਕੌਂਸਲਰਾਂ ਨੇ ਆਪਣੀ ਹਾਜ਼ਰੀ ਯਕੀਨੀ ਬਣਾਈ। ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਸਭ ਤੋਂ ਪਹਿਲਾਂ ਇਲਾਕਾ ਨਿਵਾਸੀਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ ਤੇ ਉਹਨਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਹ ਲੋਹੜੀ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਉਹਨਾਂ ਨੇ ਦੱਸਿਆ ਕਿ ਸ਼ਹਿਰ ਨੂੰ ਸੁੰਦਰ ਅਤੇ ਸਾਫ ਸੁਥਰਾ ਬਣਾਉਣ ਮੀਟਿੰਗ ਵਿੱਚ ਅਹਿਮ ਅਤੇ ਪਾਏ ਗਏ ਜਿਸ ਦੌਰਾਨ ਸਾਰੇ ਕੌਂਸਲਰਾਂ ਵੱਲੋਂ ਹਾਂ ਵਿੱਚ ਹਾਂ ਮਿਲਾਈ ਗਈ। ਉਹਨਾਂ ਨੇ ਕਿਹਾ ਕਿ ਖਾਲਸਾ ਚੌਂਕ ਤੋਂ ਲੈ ਕੇ ਗਾਂਧੀ ਚੌਂਕ ਤੱਕ ਬਾਜ਼ਾਰ ਵਿੱਚ ਆ ਰਹੀ ਟਰੈਫਿਕ ਸਮੱਸਿਆ ਨੂੰ ਲੈ ਕੇ ਪਾਰਕਿੰਗ ਲਈ 10 ਲੱਖ ਦਾ ਟੈਂਡਰ ਲਗਾਇਆ ਗਿਆ ਹੈ। ਇਹ ਪਾਰਕਿੰਗ ਵੈਟਰਨਰੀ ਹਸਪਤਾਲ ਰਾਹੋਂ ਰੋਡ ਤੇ ਬਣਾਈ ਜਾਵੇਗੀ ਜੋ ਕਿ ਬਿਲਕੁਲ ਹੀ ਫਰੀ ਹੋਵੇਗੀ। ਇਸ ਪਾਰਕਿੰਗ ਦੇ ਬਣਨ ਨਾਲ ਬਾਜ਼ਾਰ ਵਿੱਚ ਟਰੈਫਿਕ ਦੀ ਆ ਰਹੀ ਸਮੱਸਿਆ ਵੱਡੇ ਪੱਧਰ ਤੇ ਹੱਲ ਹੋ ਜਾਵੇਗੀ।

ਇਸ ਤੋਂ ਇਲਾਵਾ ਉਹਨਾਂ ਨੇ ਦੱਸਿਆ ਕਿ ਜਿਵੇਂ ਖਾਲਸਾ ਚੌਂਕ ਸਿੱਖ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ ਇਸੇ ਦੀ ਤਰਜ ਤੇ ਕੁਹਾੜਾ ਰੋਡ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਚੌਂਕ ਦਾ ਵੀ ਸੁੰਦਰੀਕਰਨ ਕੀਤਾ ਜਾਵੇਗਾ। ਉਹਨਾਂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਨੀ ਖਾਂ ਨਬੀ ਖਾਂ ਗੇਟ ਤੋਂ ਲੈ ਕੇ ਚਰਨ ਕੰਵਲ ਚੌਂਕ ਤੱਕ ਅਤੇ ਚਰਨ ਕੰਵਲ ਚੌਂਕ ਤੋਂ ਸ਼ਿਵਾਲਾ ਮੰਦਰ ਤੱਕ ਹੈਰੀਟੇਜ ਲਾਈਟਾਂ ਲਗਾ ਕੇ ਸ਼ਹਿਰ ਨੂੰ ਸੁੰਦਰ ਬਣਾਇਆ ਜਾਵੇਗਾ। ਇਹ ਲਾਈਟਾਂ ਦੋ ਪੜਾਅ ਵਿੱਚ ਲਗਾਈਆਂ ਜਾਣਗੀਆਂ। ਸ਼ਹਿਰ ਅੰਦਰ ਕੁਝ ਵਾਰਡਾਂ ਵਿੱਚ ਛੋਟੀਆਂ ਮੋਟੀਆਂ ਪਾਰਕਾਂ ਬਣੀਆਂ ਹਨ ਉਹਨਾਂ ਨੂੰ ਵੀ ਸੰਵਾਰਿਆ ਜਾਵੇਗਾ।

# ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ੀਲਾ ਅਲੀਪੁਰੀਆ ਸੁਸਾਇਟੀ ਦੇ ਸਹਿਯੋਗ ਨਾਲ ਵੰਡੇ 60 ਸਾਈਕਲ



**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪ੍ਰਸ਼ਾਸਨ ਅਤੇ ਸ਼ੀਲਾ ਅਲੀਪੁਰੀਆ ਚੈਰੀਟੇਬਲ ਸੋਸਾਇਟੀ ਦੇ ਸਹਿਯੋਗ ਨਾਲ ਜ਼ਰੂਰਤਮੰਦ ਬੱਚਿਆਂ ਲਈ ਇੱਕ ਸਰਾਹਣਾ ਯੋਗ ਪਹਿਲ ਕਰਦਿਆਂ ਜਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ 60 ਸਾਈਕਲਾਂ ਵੰਡੀਆਂ ਗਈਆਂ। ਇਹ ਸਾਈਕਲ ਖਾਸ ਤੌਰ 'ਤੇ ਓਹਨਾ ਬੱਚਿਆਂ ਨੂੰ ਵੰਡੇ ਗਏ ਜਿਹਨਾਂ ਕੋਲ ਸਕੂਲ ਜਾਣ ਲਈ ਕੋਈ ਸਾਧਨ ਨਹੀਂ ਸੀ। ਸੋਸਾਇਟੀ ਦੇ ਮੈਂਬਰ ਸੀ ਏ ਸ਼੍ਰੀ ਅਜੇ ਅਲੀਪੁਰੀਆ ਨੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਅਜਿਹੀਆਂ ਭਲਾਈ ਯੋਜਨਾਵਾਂ ਵਿੱਚ ਅੱਗੇ ਆ ਕੇ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਜ਼ਰੂਰਤ ਮੰਦ ਅਤੇ ਹੋਣਹਾਰ ਬੱਚਿਆਂ ਦਾ ਭਵਿਖ ਸੰਵਾਰਿਆ ਜਾ ਸਕੇ।

ਸਮਾਗਮ ਦੌਰਾਨ ਸ਼ੀਲਾ ਅਲੀਪੁਰੀਆ ਚੈਰੀਟੇਬਲ ਸੋਸਾਇਟੀ ਦੇ ਮੈਂਬਰ ਸ਼੍ਰੀ ਅਜੇ ਅਲੀਪੁਰੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਹੜਾ ਵੀ ਬੱਚਾ ਪੜ੍ਹਾਈ ਕਰਨਾ ਜਾਂ ਸੀ.ਏ. ਵਰਗੀ ਉੱਚ ਸਿੱਖਿਆ ਹਾਸਲ ਕਰਨਾ ਚਾਹੁੰਦਾ ਹੈ ਪਰ ਆਰਥਿਕ ਤੰਗੀ ਕਾਰਨ ਅੱਗੇ ਨਹੀਂ ਵੱਧ ਸਕਦਾ, ਸੋਸਾਇਟੀ ਉਸ ਬੱਚੇ ਨੂੰ ਗੋਦ ਲੈ ਕੇ ਉਸ ਦੀ ਪੂਰੀ ਪੜ੍ਹਾਈ ਦਾ ਖਰਚਾ ਚੁੱਕੇਗੀ। ਸ਼੍ਰੀ ਅਜੇ ਅਲੀਪੁਰੀਆ ਨੇ ਕਿਹਾ ਕਿ ਹਰ ਇਕ ਇਨਸਾਨ ਨੂੰ ਘੱਟੋ-ਘੱਟ ਇੱਕ ਬੱਚੇ ਨੂੰ ਸੰਪੂਰਨ ਵਿਦਿਆ ਦਾ ਦਾਨ ਜ਼ਰੂਰ ਕਰਨਾ ਚਾਹੀਦਾ ਹੈ। ਓਹਨਾ ਕਿਹਾ ਕਿ ਹੋਰ ਕਈ ਕਿਸਮ ਦੇ ਦਾਨ ਹੁੰਦੇ ਹਨ ਜਿਨ੍ਹਾਂ ਦੀ ਇੱਕ ਸੀਮਾ ਹੁੰਦੀ ਹੈ, ਪਰ ਵਿਦਿਆ ਦਾ ਦਾਨ ਇਕ ਅਜਿਹਾ ਦਾਨ ਹੈ ਜਿਸ ਦੀ ਕੋਈ ਸੀਮਾ ਨਹੀਂ ਹੁੰਦੀ ਅਤੇ ਇਹ ਪੂਰੀ ਜ਼ਿੰਦਗੀ ਇਨਸਾਨ ਦੇ ਕੰਮ ਆਉਂਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸ਼ੀਲਾ ਅਲੀਪੁਰੀਆ ਸੋਸਾਇਟੀ ਦੇ ਮੈਂਬਰ ਸ਼੍ਰੀ ਸੰਜੇ ਅਲੀਪੁਰੀਆ, ਸੀ ਏ ਅਭਿਸ਼ੇਕ ਗੁਪਤਾ ਅਤੇ ਮੁੱਖ ਮਹਿਮਾਨ ਵਜੋਂ ਮਿਸ ਮਿਤਾਲੀ ਗੁਪਤਾ, ਸੀ ਏ ਨਰੇਸ਼ ਗੁਪਤਾ, ਡਾ ਰਾਜ ਗੁਪਤਾ, ਸੰਜੀਵ ਸਿੰਗਲਾ, ਸੰਜੀਵ ਗੁਪਤਾ, ਰਾਜੀਵ ਗੁਪਤਾ, ਆਰਤੀ ਗੀਆਲਵਤੋ ਇਲਾਵਾ ਸਕੂਲਾਂ ਦੇ ਵਿਦਿਆਰਥੀ ਅਤੇ ਮਾਪੇ ਮੌਜੂਦ ਸਨ।

# ਸ਼ਿਵ ਸੈਨਾ ਹਿੰਦੁਸਤਾਨ ਦੀ ਟੀਮ ਵੱਲੋਂ ਹੀਰਾ ਨਗਰ ਗਲੀ ਨੰਬਰ 2, ਪਰਵਾਨਾ ਕਲੋਨੀ ਦਾ ਦੌਰਾ



**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੀ ਪ੍ਰੇਰਨਾ ਅਤੇ ਮਾਰਗਦਰਸ਼ਨ 'ਤੇ ਚੱਲਦਿਆਂ, ਪਾਰਟੀ ਦੀ ਸ਼ਹਿਰੀ ਇਕਾਈ, ਪਟਿਆਲਾ, ਲਗਾਤਾਰ ਆਮ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਉਜਾਗਰ ਕਰਦੀ ਰਹੀ ਹੈ ਅਤੇ ਉਨ੍ਹਾਂ ਦਾ ਹੱਲ ਕਰਦੀ ਰਹੀ ਹੈ। ਅੱਜ, ਸ਼ਿਵ ਸੈਨਾ ਹਿੰਦੁਸਤਾਨ ਸ਼ਹਿਰੀ ਇਕਾਈ ਪਟਿਆਲਾ ਦੇ ਚੇਅਰਮੈਨ ਸ਼੍ਰੀ ਭੋਲਾ ਸ਼ਰਮਾ ਨੇ ਆਪਣੇ ਸਾਥੀਆਂ ਨਾਲ ਵਸਨੀਕਾਂ ਦੀ ਬੇਨਤੀ 'ਤੇ ਹੀਰਾ ਨਗਰ ਗਲੀ ਨੰਬਰ 2, ਪਰਵਾਨਾ ਕਲੋਨੀ ਦਾ ਦੌਰਾ ਕੀਤਾ। ਉਨ੍ਹਾਂ ਨੇ ਸੀਵਰੇਜ ਸਿਸਟਮ ਦੀ ਬਹੁਤ ਮਾੜੀ ਹਾਲਤ ਦੇਖੀ। ਲੀਕੇਜ ਕਾਰਨ, ਵੱਡੀ ਮਾਤਰਾ ਵਿੱਚ ਸੀਵਰੇਜ ਦਾ ਪਾਣੀ ਗਲੀ ਵਿੱਚ ਖੜ੍ਹਾ ਹੈ, ਜਿਸ ਕਾਰਨ ਆਮ ਆਦਮੀ ਲਈ ਤੁਰਨਾ ਵੀ ਬਹੁਤ ਮੁਸ਼ਕਲ ਹੋ ਗਿਆ ਹੈ। ਮੀਡੀਆ ਨੂੰ ਇਹ ਦ੍ਰਿਸ਼ ਦਿਖਾਉਂਦੇ ਹੋਏ, ਉਨ੍ਹਾਂ ਨੇ ਪਟਿਆਲਾ ਨਗਰ ਨਿਗਮ ਦੇ ਮੇਅਰ ਅਤੇ ਕਮਿਸ਼ਨਰ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਇਸ ਗਲੀ ਵੱਲ ਵਿਸ਼ੇਸ਼ ਧਿਆਨ ਦੇਣ, ਅਤੇ ਸੀਵਰੇਜ ਸਿਸਟਮ ਦੀ ਤੁਰੰਤ ਮੁਰੰਮਤ ਕਰਨ ਅਤੇ ਸੜਕਾਂ ਨੂੰ ਪੱਕਾ ਕਰਨ ਤਾਂ ਜੋ ਵਸਨੀਕਾਂ ਦੀ ਭਲਾਈ ਦਾ ਸਥਾਈ ਹੱਲ ਹੋ ਸਕੇ।

# ਉਰਦੂ ਭਾਸ਼ਾ ਦੀ ਸਿਖਲਾਈ ਲਈ ਅਰਜ਼ੀਆਂ ਦੇਣ ਦੀ ਆਖ਼ਰੀ ਮਿਤੀ ਵਧਾਈ

**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਜਨਵਰੀ 2026 ਤੋਂ 'ਉਰਦੂ ਆਮੋਜ਼' ਸਿਖਲਾਈ ਦੀਆਂ ਜਮਾਤਾਂ ਵਿੱਚ ਦਾਖ਼ਲਾ ਲੈਣ ਦੀ ਆਖ਼ਰੀ ਮਿਤੀ 10 ਜਨਵਰੀ 2026 ਤੋਂ ਵਧਾ ਕੇ 20 ਜਨਵਰੀ 2026 ਕੀਤੀ ਗਈ ਹੈ। ਇਹ ਸਿਖਲਾਈ ਜਨਵਰੀ ਮਹੀਨੇ (2026) ਤੋਂ ਸ਼ੁਰੂ ਹੋ ਕੇ ਜੂਨ (2026) ਮਹੀਨੇ ਤੱਕ ਚੱਲੇਗੀ। ਇਸ ਸਿਖਲਾਈ ਦੀ ਮਿਆਦ ਛੇ ਮਹੀਨੇ ਦੀ ਹੈ। ਇਸ ਸਿਖਲਾਈ ਦੀ ਸਮੁੱਚੀ ਇੱਕ ਵਾਰ ਦੀ ਫੀਸ 500/- ਰੁਪਏ ਹੈ। ਇਸ ਜਮਾਤ ਦਾ ਸਮਾਂ ਸ਼ਾਮ 5.00 ਵਜੇ ਤੋਂ ਲੈ ਕੇ 6.00 ਵਜੇ ਤੱਕ ਦਾ ਹੈ। ਇਸ ਲਈ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀ ਮਿਤੀ 20.01.2026 ਤੱਕ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ (ਭਾਸ਼ਾ ਭਵਨ), ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਆਪਣਾ ਫਾਰਮ (ਸਮੇਤ ਇਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਅਤੇ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਦੀ ਫੋਟੋ ਕਾਪੀ) ਭਰ ਕੇ ਦਾਖਲਾ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਦਫ਼ਤਰ ਦੀ ਈਮੇਲ dlo.patialaA@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਟਾਰ ਸਿਟੀ ਕਲੋਨੀ ਵਿੱਚ ਸਿਲਾਈ ਸੈਂਟਰ ਦਾ ਉਦਘਾਟਨ



**ਫਗਵਾੜਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਧਾਰਮਿਕ ਕਮੇਟੀ ਅਤੇ ਫਗਵਾੜਾ ਸੋਸ਼ਲ ਵੈਲਫੇਅਰ ਕਮੇਟੀ ਨੇ ਔਰਤਾਂ ਦੇ ਸਸ਼ਕਤੀਕਰਨ ਦੇ ਉਦੇਸ਼ ਨਾਲ ਖੇੜਾ ਰੋਡ 'ਤੇ ਸਟਾਰ ਸਿਟੀ ਕਲੋਨੀ ਵਿੱਚ ਕਮੇਟੀ ਮੁਖੀ ਮਨੀਸ਼ ਕਨੌਜੀਆ ਦੀ ਅਗਵਾਈ ਵਿੱਚ ਇੱਕ ਸਿਲਾਈ ਸੈਂਟਰ ਦਾ ਉਦਘਾਟਨ ਕੀਤਾ। ਰੋਟਰੀ ਕਲੱਬ ਫਗਵਾੜਾ ਜੈਮਸ ਦੇ ਸਾਬਕਾ ਪ੍ਰਧਾਨ ਅਤੇ ਕੈਮਲ ਆਟਾ ਗਰੁੱਪ ਦੇ ਮਾਲਕ ਪਵਨ ਕੁਮਾਰ ਕਾਲੜਾ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਔਰਤਾਂ ਨੂੰ ਸਸ਼ਕਤ ਬਣਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਿਲਾਈ ਸੈਂਟਰ ਨਾ ਸਿਰਫ਼ ਔਰਤਾਂ ਨੂੰ ਰੁਜ਼ਗਾਰ ਪ੍ਰਦਾਨ ਕਰਦੇ ਹਨ ਸਗੋਂ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਵੀ ਦਿੰਦੇ ਹਨ।

ਉਨ੍ਹਾਂ ਕਮੇਟੀ ਦੇ ਸ਼ਲਾਘਾਯੋਗ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤੇ ਗਏ ਅਜਿਹੇ ਕੰਮ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਔਰਤਾਂ ਨੂੰ ਹੁਨਰਮੰਦ ਬਣਾਉਣਾ ਅਤੇ ਉਨ੍ਹਾਂ ਨੂੰ ਰੁਜ਼ਗਾਰ ਨਾਲ ਜੋੜਨਾ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਹੈ।

ਅਤੇ ਸਰਕਾਰ ਅਤੇ ਪ੍ਰਸ਼ਾਸਨ ਭਵਿੱਖ ਵਿੱਚ ਅਜਿਹੇ ਯਤਨਾਂ ਦਾ ਪੂਰਾ ਸਮਰਥਨ ਕਰੇਗਾ। ਅੰਤ ਵਿੱਚ, ਕਮੇਟੀ ਚੇਅਰਮੈਨ ਮਨੀਸ਼ ਕਨੌਜੀਆ, ਕਮੇਟੀ ਸਰਪ੍ਰਸਤ ਮਲਕੀਅਤ ਸਿੰਘ ਰਘਬੋਤਰਾ, ਅਤੇ ਕਮੇਟੀ ਪ੍ਰਧਾਨ ਸੁਰਿੰਦਰ ਕੁਮਾਰ ਨੇ ਸਾਰੇ ਮਹਿਮਾਨਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਦੀ ਮੌਜੂਦਗੀ ਲਈ ਧੰਨਵਾਦ ਕੀਤਾ। ਇਸ ਮੌਕੇ ਵਰਿੰਦਰ ਕੰਬੋਜ, ਰਾਜ ਕੁਮਾਰ ਗੁਪਤਾ, ਗੀਤਾ ਥਾਪਰ, ਸ਼ਮਾ ਅਤੇ ਚੰਚਲ ਸੇਠ ਵੀ ਮੌਜੂਦ ਸਨ।

# ਦਿਹਾਤੀ ਹਲਕੇ ਦੇ ਵਸਨੀਕਾਂ ਅਤੇ ਚੁਣੇ ਗਏ ਨੁਮਾਇੰਦਿਆਂ ਨਾਲ ਸਿਹਤ ਮੰਤਰੀ ਨੇ ਮਨਾਈ ਲੋਹੜੀ

## ਰੰਗਲਾ ਪੰਜਾਬ ਦੇ ਸੁਪਨੇ ਲਈ ਪੂਰੀ ਤਨਦੇਹੀ ਨਾਲ ਕੰਮ ਕਰਾਂਗੇ: ਡਾ. ਬਲਬੀਰ ਸਿੰਘ



**ਪਟਿਆਲਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਨੇ ਪਟਿਆਲਾ ਵਿਖੇ ਪਟਿਆਲਾ ਦਿਹਾਤੀ ਹਲਕੇ ਦੇ ਵਸਨੀਕਾਂ ਅਤੇ ਚੁਣੇ ਗਏ ਨੁਮਾਇੰਦਿਆਂ ਦੇ ਪਰਿਵਾਰਾਂ ਨਾਲ ਮਿਲ ਕੇ ਲੋਹੜੀ ਦਾ ਪਵਿੱਤਰ ਤਿਉਹਾਰ ਬੜੇ ਉਤਸਾਹ ਅਤੇ ਖੁਸ਼ੀ ਨਾਲ ਮਨਾਇਆ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ।ਓਹਨਾ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਲੋਹੜੀ ਦਾ ਇਹ ਪਾਵਨ ਤਿਉਹਾਰ ਸਭ ਦੇ ਜੀਵਨ ਵਿਚ ਖੁਸ਼ਹਾਲੀ , ਤੰਦਰੁਸਤੀ , ਸਿਹਤ ਅਤੇ ਤਰੱਕੀ ਲੈ ਕੇ ਆਵੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੇ ਰੰਗਲਾ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਰਕਾਰ ਪੂਰੀ ਲਗਨ ਅਤੇ ਸਮਰਪਣ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਰਿਸ਼ਦ, ਬਲਾਕ ਸੰਮਤੀ, ਕੌਂਸਲਰਾਂ ਅਤੇ ਮੇਅਰਾਂ ਦੀ ਵੱਡੀ ਟੀਮ ਨਾਲ ਮਿਲ ਕੇ ਹਲਕੇ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਔਰਤਾਂ ਅਤੇ ਬੱਚਿਆਂ ਦੀ ਸਿਹਤ ਸਰਕਾਰ ਦੀ ਪਹਿਲ ਹੈ ਅਤੇ ਇਸ ਲਈ ਬਿਹਤਰ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਾਫ਼ ਪੀਣਯੋਗ ਪਾਣੀ, ਸੜਕਾਂ, ਸਟ੍ਰੀਟ ਲਾਈਟਾਂ, ਛਪੜਾਂ ਦੀ ਸਫਾਈ, ਸਿਹਤ ਸਹੂਲਤਾਂ ਵਿੱਚ ਸੁਧਾਰ ਅਤੇ ਰੋਜ਼ਗਾਰ ਦੇ ਮੌਕੇ ਵਧਾਉਣ ਵਰਗੇ ਲੋਕ-ਹਿਤੈਸ਼ੀ ਕੰਮ ਜ਼ਮੀਨੀ ਪੱਧਰ 'ਤੇ ਕੀਤੇ ਜਾਣਗੇ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪਤੰਗਬਾਜ਼ੀ ਦੌਰਾਨ ਚਾਈਨਾ ਡੋਰ ਜਾਂ ਕਿਸੇ ਵੀ ਘਾਤਕ ਸਮੱਗਰੀ ਦੀ ਵਰਤੋਂ ਨਾ ਕੀਤੀ ਜਾਵੇ, ਤਾਂ ਜੋ ਕੀਮਤੀ ਜਾਨਾਂ ਦੀ ਰੱਖਿਆ ਹੋ ਸਕੇ। ਲੋਹੜੀ ਦੇ ਇਸ ਸਮਾਗਮ ਦੌਰਾਨ ਲੋਕਾਂ ਨੇ ਸਿਹਤ ਮੰਤਰੀ ਦਾ ਸਵਾਗਤ ਕੀਤਾ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਭਰੋਸਾ ਜਤਾਇਆ।

ਇਸ ਮੌਕੇ ਜਿਲ੍ਹਾ ਪ੍ਰਧਾਨ, ਜਿਲ੍ਹਾ ਪਰਿਸ਼ਦ ਮੈਂਬਰ, ਬਲਾਕ ਸੰਮਤੀ ਮੈਂਬਰ, ਸਰਪੰਚ , ਪੰਚ, ਪਾਰਟੀ ਦੇ ਅਹੁਦੇਦਾਰ , ਵਰਕਰ ਅਤੇ ਜਿਲ੍ਹਾ ਇੰਚਾਰਜ ਹਰਪਾਲ ਸਿੰਘ ਵਿਰਕ , ਆਫਿਸ ਇੰਚਾਰਜ ਜਸਬੀਰ ਸਿੰਘ ਗਾਂਧੀ, ਸਕੱਤਰ ਜੈ ਸ਼ੰਕਰ ਤੋਂ ਇਲਾਵਾ ਪਾਰਟੀ ਦੇ ਵਰਕਰ ਸਾਥੀ ਵੀ ਮੌਜੂਦ ਸਨ।

# ਨਾਸ਼ਵਾਨ ਸੰਸਾਰ ਵਿੱਚ ਕੇਵਲ ਪਾਰਬ੍ਰਹਮ ਪਰਮੇਸ਼ਰ ਹੀ ਅਮਰ ਹੈ : ਸੰਤ ਗਿਆਨੀ ਅਮੀਰ ਸਿੰਘ



**ਲੁਧਿਆਣਾ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਦੌਰਾਨ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਟਕਸਾਲ ਦੇ ਮੁਖੀ ਮਹਾਂਪੁਰਸ਼ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਕਿਹਾ ਕਿ ਆਤਮਕ ਅਗਿਆਨਤਾ ਅਤੇ ਮੋਹ ਦਾ ਹਨ੍ਹੇਰਾ ਦੂਰ ਕਰਨਾ ਬਹੁਤ ਔਖਾ ਹੈ, ਕਿਉਂਕਿ ਮਨੁੱਖ ਦਾ ਜੀਵਨ ਅਕਸਰ ਪਾਪਾਂ, ਹੰਕਾਰ ਅਤੇ ਲੋਭ ਨਾਲ ਭਰਿਆ ਰਹਿੰਦਾ ਹੈ। ਪਰ ਇਸ ਭਵ-ਸਾਗਰ ਨੂੰ ਪਾਰ ਕਰਨ ਲਈ ਪਰਮਾਤਮਾ ਮਨੁੱਖ ਨੂੰ ਆਤਮ ਗਿਆਨ ਦੀ ਦਾਤ ਬਖ਼ਸ਼ਦਾ ਹੈ।

ਸੰਤ ਜੀ ਨੇ ਸਮਝਾਇਆ ਕਿ ਜਿਨ੍ਹਾਂ ਨੂੰ ਗੁਰ-ਸ਼ਬਦ ਰੂਪ ਦੀ ਸਮਝ ਪ੍ਰਾਪਤ ਹੋ ਜਾਂਦੀ ਹੈ, ਉਹ ਆਤਮ ਗਿਆਨ ਨਾਲ ਰੰਗੀਆਂ ਰੂਹਾਂ ਪੰਜੇ ਵਿਕਾਰਾਂ ਤੋਂ ਮੁਕਤ ਹੋ ਜਾਂਦੀਆਂ ਹਨ। ਜੋ ਮਨੁੱਖ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਪਰਮੇਸ਼ਰ ਆਪ ਉਸ ਦਾ ਪਾਰ ਉਤਾਰਾ ਕਰ ਦਿੰਦਾ ਹੈ। ਮਹਾਂਪੁਰਸ਼ਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਨਾਸ਼ਵਾਨ ਸੰਸਾਰ ਵਿੱਚ ਕੇਵਲ-ਤੇ-ਕੇਵਲ ਪਾਰਬ੍ਰਹਮ ਪਰਮੇਸ਼ਰ ਹੀ ਸਦੀਵੀ ਅਮਰ ਹੈ, ਜਿਸ ਨੇ ਇਸ ਜਗਤ ਦੀ ਰਚਨਾ ਕੀਤੀ ਹੈ ਅਤੇ ਜਿਸ ਦੀ ਓਟ ਸਦਕਾ ਮਾਨਵ ਦਾ ਕਲਿਆਣ ਸੰਭਵ ਹੈ।

ਉਨ੍ਹਾਂ ਸੰਗਤਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮਾਇਆ ਦਾ ਨਸ਼ਾ ਮਨੁੱਖ ਅੰਦਰ ਲੋਭ ਤੇ ਹੰਕਾਰ ਪੈਦਾ ਕਰਦਾ ਹੈ ਅਤੇ ਅੰਤ ਵਿੱਚ ਉਸਦਾ ਨਾਸ਼ ਵੀ ਕਰ ਦਿੰਦਾ ਹੈ। ਹਉਮੈ ਅਤੇ ਅਹੰਕਾਰ ਵਿੱਚ ਫਸਿਆ ਮਨੁੱਖ ਜੀਵਨ ਦੇ ਸੱਚੇ ਮਾਰਗ ਨੂੰ ਭੁੱਲ ਕੇ ਕੁਮਾਰਗ ਦੇ ਰਾਹ ਪੈ ਜਾਂਦਾ ਹੈ। ਪੰਜ ਵਿਕਾਰਾਂ ਵਿੱਚ ਖੁੱਭਿਆ ਮਨੁੱਖ ਇਹ ਵੀ ਭੁੱਲ ਜਾਂਦਾ ਹੈ ਕਿ ਪਰਮੇਸ਼ਰ ਉਸਦੇ ਆਪਣੇ ਹਿਰਦੇ ਅੰਦਰ ਹੀ ਨਿਵਾਸ ਕਰਦਾ ਹੈ।

ਸੰਤ ਗਿਆਨੀ ਅਮੀਰ ਸਿੰਘ ਜੀ ਨੇ ਫੁਰਮਾਇਆ ਕਿ ਗੁਰੂ ਪ੍ਰਤੀ ਪਿਆਰ, ਭਾਵਨਾ ਅਤੇ ਸ਼ਰਧਾ ਰੱਖਣ ਵਾਲਿਆਂ ਦੇ ਹਿਰਦੇ ਵਿੱਚ ਹਰ ਵੇਲੇ ਅਕਾਲ ਪੁਰਖ ਪ੍ਰਤੀ ਪ੍ਰੀਤ ਬਣੀ ਰਹਿੰਦੀ ਹੈ। ਸਤਿ ਅਤੇ ਸੰਤੋਖ ਦੇ ਅਭਿਆਸ ਰਾਹੀਂ ਹਿਰਦੇ ਵਿੱਚੋਂ ਕਪਟ ਅਤੇ ਵਿਕਾਰਾਂ ਤੋਂ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਲੋਕੀ ਵੱਡੀ ਗਿਣਤੀ ਚ ਹੋ ਰਹੇ ਹਨ ਪਾਰਟੀ ਵਿੱਚ ਸ਼ਾਮਿਲ : ਕੁਲਵੰਤ ਸਿੰਘ

## ਮਮਤਾ ਜੈਨ ਦੀ ਅਗਵਾਈ ਹੇਠ 40 ਕਾਂਗਰਸੀ ਪਰਿਵਾਰਾਂ ਨੇ ਫੜਿਆ 'ਆਪ' ਦਾ ਪੱਲਾ



**ਮੁਹਾਲੀ, 15 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਅੱਜ ਉਸ ਸਮੇਂ ਵੱਡਾ ਵਾਧਾ ਹੋਇਆ ਜਦੋਂ ਮਮਤਾ ਜੈਨ ਦੀ ਅਗਵਾਈ ਹੇਠ ਲਗਭਗ 40 ਪਰਿਵਾਰਾਂ ਨੇ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਇਨ੍ਹਾਂ ਸਾਰੇ ਪਰਿਵਾਰਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਪਰਿਵਾਰ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਸਰਕਾਰ ਦਾ ਸਮਾਂ ਬੀਤ ਰਿਹਾ ਹੈ ਅਤੇ ਚੋਣਾਂ ਨੇੜੇ ਆ ਰਹੀਆਂ ਹਨ, ਲੋਕ ਦੂਜੀਆਂ ਪਾਰਟੀਆਂ ਨੂੰ ਛੱਡ ਕੇ 'ਆਪ' ਨਾਲ ਜੁੜ ਰਹੇ ਹਨ ਕਿਉਂਕਿ ਲੋਕਾਂ ਨੇ ਸਰਕਾਰ ਦੀ ਵਧੀਆ ਕਾਰਗੁਜ਼ਾਰੀ ਨੂੰ ਅੱਖੀਂ ਵੇਖਿਆ ਹੈ। ਉਨ੍ਹਾਂ ਕਿਹਾ ਕਿ ਜੋ ਵਾਅਦੇ ਲੋਕਾਂ ਨਾਲ ਕੀਤੇ ਗਏ ਸਨ, ਉਹ ਬਕਾਇਦਾ ਤੌਰ 'ਤੇ ਪੂਰੇ ਕੀਤੇ ਗਏ ਹਨ।

ਕੁਲਵੰਤ ਸਿੰਘ ਨੇ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੈ। ਉਨ੍ਹਾਂ ਦੱਸਿਆ ਕਿ 300 ਯੂਨਿਟ ਮੁਫ਼ਤ ਬਿਜਲੀ ਦੇ ਵਾਅਦੇ ਨੇ ਆਮ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ।

ਸਿਹਤ ਸਹੂਲਤਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਬਲੌਂਗੀ ਅਤੇ ਹੋਰ ਇਲਾਕਿਆਂ ਵਿੱਚ ਖੁੱਲ੍ਹੇ ਮੁਹੱਲਾ ਕਲੀਨਿਕਾਂ ਸਦਕਾ ਅੱਜ ਲੋਕਾਂ ਨੂੰ ਮਾਹਰ ਡਾਕਟਰ, ਮੁਫ਼ਤ ਟੈਸਟ ਅਤੇ ਮੁਫ਼ਤ ਦਵਾਈਆਂ ਮਿਲ ਰਹੀਆਂ ਹਨ, ਜਿਸ ਨਾਲ ਲੋਕਾਂ ਦਾ ਇਲਾਜ ਬਹੁਤ ਸੁਖਾਲਾ ਹੋ ਗਿਆ ਹੈ।

ਰੁਜ਼ਗਾਰ ਦੇ ਖੇਤਰ ਵਿੱਚ ਵੀ ਸਰਕਾਰ ਨੇ ਇਤਿਹਾਸਕ ਕੰਮ ਕੀਤੇ ਹਨ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਹੁਣ ਸਰਕਾਰ ਵੱਲੋਂ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਬਹੁਤ ਜਲਦ ਔਰਤਾਂ ਨੂੰ 1100 ਰੁਪਏ ਪ੍ਰਤੀ ਮਹੀਨਾ ਦੇਣ ਦੀ ਗਾਰੰਟੀ ਵੀ ਪੂਰੀ ਕੀਤੀ ਜਾ ਰਹੀ ਹੈ। ਅੰਤ ਵਿੱਚ ਕੁਲਵੰਤ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੀਆਂ ਚੋਣਾਂ ਵਿੱਚ ਲੋਕਾਂ ਨੇ ਭਾਰੀ ਬਹੁਮਤ ਨਾਲ 'ਆਪ' ਦੇ ਉਮੀਦਵਾਰਾਂ ਨੂੰ ਜਿਤਾਇਆ ਸੀ, ਉਸੇ ਤਰ੍ਹਾਂ ਆਉਣ ਵਾਲੀਆਂ ਚੋਣਾਂ ਵਿੱਚ ਵੀ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਬੈਠੇ ਹਨ। ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਆਰਤੀ, ਰੂਬੀ, ਸ਼ੀਤਲ, ਵਰਸ਼ਾ, ਸੂਗੀਆ, ਰੇਨੂੰ, ਸਲੋਨੀ, ਸੋਨੀ, ਰੂਪਮ, ਬਸੰਤੀ, ਰਾਮਵਤੀ, ਬਾਰਬਰ , ਸੁਨੀਤਾ, ਸਨੀਰਾ, ਲਕਸ਼ਮੀ, ਮਦਨ ਲਾਲ, ਯੋਗੇਸ਼, ਵਿਸ਼ਾਲ, ਰੋਹਿਤ, ਨੰਦ, ਅੰਕੂਰ, ਅੰਕਿਤ, ਸੁਨੀਲ, ਅਕਸ਼ਤੀ, ਗੋਵਿੰਦਾ, ਮਨਦੀਪ, ਬੰਟੀ, ਵਿਨੀਤ, ਨੀਰਜ ,ਵਿਕਾਸ ਇਹਨਾਂ ਸਭ ਦਾ ਵਿਧਾਇਕ ਕੁਲਵੰਤ ਸਿੰਘ ਵੱਲੋਂ ਸਵਾਗਤ ਕੀਤਾ ਗਿਆ।

ਇਸ ਮੌਕੇ ਤੇ ਹਰਪਾਲ ਸਿੰਘ ਚੰਨਾ, ਡਾਕਟਰ ਕੁਲਦੀਪ ਸਿੰਘ, ਜਸਪਾਲ ਸਿੰਘ ਮਟੌਰ, ਅਕਵਿੰਦਰ ਸਿੰਘ ਗੋਸਲ ਵੀ ਹਾਜ਼ਰ ਸਨ।

# 'ਸੁਧਰ ਜਾਓ ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ': ਟਰੰਪ ਦੀ ਇਰਾਨ ਨੂੰ ਸਖ਼ਤ ਚੇਤਾਵਨੀ

## ਪ੍ਰਦਰਸ਼ਨਕਾਰੀਆਂ 'ਤੇ ਹੋ ਰਹੇ ਤਸ਼ੱਦਦ ਵਿਚਾਲੇ ਅਮਰੀਕੀ ਰਾਸ਼ਟਰਪਤੀ ਨੇ ਦਿੱਤੀ ਫੌਜੀ ਕਾਰਵਾਈ ਅਤੇ ਭਾਰੀ ਟੈਰਿਫ ਦੀ ਧਮਕੀ

**ਵਾਸ਼ਿੰਗਟਨ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਇਰਾਨ ਵਿੱਚ ਵਧਦੇ ਜਨਤਕ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਾ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਹਿਰਾਨ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ। ਡਿਟਰੋਇਟ ਵਿੱਚ ਇੱਕ ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਇਰਾਨੀ ਲੀਡਰਸ਼ਿਪ ਨੂੰ 'ਸਹੀ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।' ਉਨ੍ਹਾਂ ਕਿਹਾ ਕਿ ਅਮਰੀਕਾ ਇਰਾਨ ਵਿੱਚ ਹੋ ਰਹੀਆਂ ਹੱਤਿਆਵਾਂ ਅਤੇ ਫਾਂਸੀ ਦੀਆਂ ਰਿਪੋਰਟਾਂ ਦੀ ਬਾਰੀਕੀ ਨਾਲ ਸਮੀਖਿਆ ਕਰ ਰਿਹਾ ਹੈ ਅਤੇ ਉਹ ਖੁਦ ਵਾਸ਼ਿੰਗਟਨ ਜਾ ਕੇ ਸਥਿਤੀ ਦਾ ਜਾਇਜ਼ਾ ਲੈਣਗੇ।

ਟਰੰਪ ਨੇ ਇਰਾਨੀ ਲੋਕਾਂ ਲਈ 'ਆਜ਼ਾਦੀ' ਦੀ ਇੱਛਾ ਜ਼ਾਹਰ ਕਰਦਿਆਂ ਕਿਹਾ ਕਿ ਉੱਥੋਂ ਦੇ ਲੋਕ ਲੰਬੇ ਸਮੇਂ ਤੋਂ ਨਰਕ ਵਰਗੀ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਇਰਾਨ ਕਦੇ ਨਿਵੇਸ਼ ਅਤੇ ਵਿਕਾਸ ਲਈ ਬਹੁਤ ਵਧੀਆ ਜਗ੍ਹਾ ਹੁੰਦੀ ਸੀ, ਪਰ ਹੁਣ ਹਾਲਾਤ ਬਹੁਤ ਖ਼ਰਾਬ ਹਨ।

ਜਦੋਂ ਉਨ੍ਹਾਂ ਤੋਂ ਇਰਾਨ ਵੱਲੋਂ ਜਵਾਬੀ ਕਾਰਵਾਈ ਦੀਆਂ ਧਮਕੀਆਂ ਬਾਰੇ ਪੁੱਛਿਆ ਗਿਆ, ਤਾਂ ਟਰੰਪ ਨੇ ਤਿੱਖਾ



ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਇਰਾਨ ਦੀਆਂ ਪ੍ਰਮਾਣੂ ਸਮਰੱਥਾਵਾਂ ਨੂੰ ਨਸ਼ਟ ਕੀਤਾ ਹੈ, ਇਸ ਲਈ ਉਨ੍ਹਾਂ ਲਈ ਭਲਾਈ ਇਸੇ ਵਿੱਚ ਹੈ ਕਿ ਉਹ ਆਪਣਾ ਰਵੱਈਆ ਸੁਧਾਰਨ।

ਦੂਜੇ ਪਾਸੇ, ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਂਕਿ ਡਿਪਲੋਮੇਸੀ ਅਮਰੀਕਾ ਦੀ ਪਹਿਲੀ ਤਰਜੀਹ ਹੈ ਪਰ ਹਵਾਈ ਹਮਲੇ ਸਮੇਤ ਕਈ ਹੋਰ ਸਖ਼ਤ ਵਿਕਲਪਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਟਰੰਪ ਨੇ ਇੱਕ ਵੱਡਾ ਆਰਥਿਕ ਫੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਜੋ ਵੀ ਦੇਸ਼ ਇਰਾਨ ਨਾਲ ਵਪਾਰ ਕਰੇਗਾ, ਉਸ ਨੂੰ ਅਮਰੀਕਾ ਨਾਲ ਹੋਣ ਵਾਲੇ ਵਪਾਰ 'ਤੇ 25 ਫੀਸਦੀ ਟੈਰਿਫ (ਟੈਕਸ) ਅਦਾ ਕਰਨਾ ਪਵੇਗਾ। ਇਹ ਕਦਮ ਇਰਾਨ ਨੂੰ ਆਰਥਿਕ ਤੌਰ 'ਤੇ ਅਲੱਗ-ਥਲੱਗ ਕਰਨ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਇਰਾਨ ਵਿੱਚ ਪਿਛਲੇ 17 ਦਿਨਾਂ ਤੋਂ ਚੱਲ ਰਹੇ ਇਨ੍ਹਾਂ ਪ੍ਰਦਰਸ਼ਨਾਂ ਨੇ ਹੁਣ ਦੇਸ਼ ਵਿਆਪੀ ਰੂਪ ਧਾਰ ਲਿਆ ਹੈ। ਰਿਪੋਰਟਾਂ ਅਨੁਸਾਰ, ਹੁਣ ਤੱਕ 505 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ 9 ਬੱਚੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 133 ਸੁਰੱਖਿਆ ਕਰਮਚਾਰੀ ਵੀ ਮਾਰੇ ਗਏ ਹਨ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ, ਇਹ ਪ੍ਰਦਰਸ਼ਨ 187 ਸ਼ਹਿਰਾਂ ਤੱਕ ਫੈਲ ਚੁੱਕੇ ਹਨ, ਜਿਸ ਕਾਰਨ ਕੌਮਾਂਤਰੀ ਪੱਧਰ 'ਤੇ ਚਿੰਤਾ ਵਧ ਗਈ ਹੈ ਅਤੇ ਇਰਾਨੀ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਬਾਅ ਲਗਾਤਾਰ ਵਧ ਰਿਹਾ ਹੈ।

# 'ਆਪਰੇਸ਼ਨ ਸਿੰਧੂਰ' ਭਾਰਤ ਦੇ ਸੰਕਲਪ ਅਤੇ ਸੰਜਮ ਦੀ ਮਿਸਾਲ: ਫੌਜ ਮੁਖੀ ਜਨਰਲ ਦਿਵੇਦੀ

**ਨਵੀਂ ਦਿੱਲੀ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਐਨ.ਸੀ.ਸੀ. (©33) ਦੇ ਗਣਤੰਤਰ ਦਿਵਸ ਕੈਂਪ ਨੂੰ ਸੰਬੋਧਨ ਕਰਦਿਆਂ ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ 'ਆਪਰੇਸ਼ਨ ਸਿੰਧੂਰ' ਨੂੰ ਭਾਰਤ ਦੇ ਦ੍ਰਿੜ ਇਰਾਦੇ ਅਤੇ ਪੇਸ਼ੇਵਰ ਉੱਤਮਤਾ ਦਾ ਪ੍ਰਤੀਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਆਪਰੇਸ਼ਨ ਨਾ ਸਿਰਫ਼ ਭਾਰਤੀ ਹਥਿਆਰਬੰਦ ਬਲਾਂ ਦੀ ਨੈਤਿਕ ਸ਼ਕਤੀ ਨੂੰ ਦਰਸਾਉਂਦਾ ਹੈ, ਸਗੋਂ ਸਾਡੇ ਨੌਜਵਾਨਾਂ ਦੇ ਜਜ਼ਬੇ ਦਾ ਵੀ ਪ੍ਰਮਾਣ ਹੈ।

ਫੌਜ ਮੁਖੀ ਨੇ ਗੁਆਂਢੀ ਦੇਸ਼ ਪਾਕਿਸਤਾਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਆਪਰੇਸ਼ਨ ਸਿੰਧੂਰ ਅਜੇ ਜਾਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਦੁਸ਼ਮਣ ਵੱਲੋਂ ਕੋਈ ਵੀ ਗਲਤੀ ਜਾਂ ਦੁਸ਼ਾਹਸ ਕੀਤਾ ਜਾਂਦਾ ਹੈ, ਤਾਂ ਭਾਰਤੀ ਫੌਜ ਉਸ ਦਾ ਬੜੀ ਦ੍ਰਿੜਤਾ ਨਾਲ ਜਵਾਬ ਦੇਵੇਗੀ।



ਉਨ੍ਹਾਂ ਕਿਹਾ ਕਿ ਭਾਰਤੀ ਫੌਜ ਨੇ ਆਪਣੀਆਂ ਰਣਨੀਤਕ ਧਾਰਨਾਵਾਂ ਨੂੰ ਬਦਲ ਦਿੱਤਾ ਹੈ ਅਤੇ ਹੁਣ ਅਸੀਂ ਦੁਸ਼ਮਣ ਦੇ ਘਰ ਵਿੱਚ ਵੜ ਕੇ ਮਾਰਨ ਦੀ ਸਮਰੱਥਾ ਰੱਖਦੇ ਹਾਂ।

ਜਨਰਲ ਦਿਵੇਦੀ ਨੇ ਦੱਸਿਆ ਕਿ ਇਸ ਆਪਰੇਸ਼ਨ ਦੌਰਾਨ ਦੇਸ਼ ਭਰ ਦੇ 75,000 ਤੋਂ ਵੱਧ ਐਨ.ਸੀ.ਸੀ. ਕੈਡਿਟਾਂ ਨੇ ਵਾਲੰਟੀਅਰ ਵਜੋਂ ਸਿਵਲ ਡਿਫੈਂਸ, ਹਸਪਤਾਲ ਪ੍ਰਬੰਧਨ ਅਤੇ ਰਾਹਤ ਕਾਰਜਾਂ ਵਿੱਚ ਵੱਡਮੁੱਲਾ ਯੋਗਦਾਨ ਪਾਇਆ।

ਉਨ੍ਹਾਂ ਨੌਜਵਾਨਾਂ ਨੂੰ 'ਵਿਕਸਿਤ ਭਾਰਤ 2047' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਵਿੱਖ 'ਸਿਰਜਣਾ ਦੀ ਆਤਮ-ਨਿਰਭਰਤਾ' ਦੀ ਮੰਗ ਕਰਦਾ ਹੈ, ਜਿਸ ਲਈ ਤਕਨਾਲੋਜੀ ਅਤੇ ਨਵੀਨਤਾ (Innovation) ਵਿੱਚ ਸਵੈ-ਨਿਰਭਰ ਹੋਣਾ ਜ਼ਰੂਰੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਪਰੈਲ ਵਿੱਚ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ, ਜਿਸ ਵਿੱਚ 26 ਬੇਗੁਨਾਹ ਨਾਗਰਿਕ ਮਾਰੇ ਗਏ ਸਨ, ਦੇ ਜਵਾਬ ਵਿੱਚ ਭਾਰਤੀ ਫੌਜ ਨੇ 7 ਮਈ ਦੀ ਸਵੇਰ ਨੂੰ 'ਆਪਰੇਸ਼ਨ ਸਿੰਧੂਰ' ਚਲਾਇਆ ਸੀ। ਇਸ ਕਾਰਵਾਈ ਦੌਰਾਨ ਭਾਰਤੀ ਸੈਨਾ ਨੇ ਸਰਹੱਦ ਪਾਰ ਜਾ ਕੇ ਅਤਿਵਾਦੀ ਢਾਂਚੇ ਨੂੰ ਤਬਾਹ ਕਰਦਿਆਂ ਘੱਟੋ-ਘੱਟ 100 ਅਤਿਵਾਦੀਆਂ ਨੂੰ ਢੇਰ ਕਰ ਦਿੱਤਾ ਸੀ।

# ਸਰਪੰਚ ਕਤਲ ਮਾਮਲੇ ਦਾ ਮੁੱਖ ਸ਼ੂਟਰ ਮੁਕਾਬਲੇ 'ਚ ਜ਼ਖ਼ਮੀ

## ਹਥਿਆਰ ਬਰਾਮਦਗੀ ਲਈ ਗਈ ਪੁਲੀਸ ਟੀਮ 'ਤੇ ਬਾਈਕ ਸਵਾਰਾਂ ਵੱਲੋਂ ਹਮਲਾ; ਕਾਂਸਟੇਬਲ ਦੀ ਲੱਤ 'ਚ ਗੋਲੀ ਲੱਗੀ

**ਅੰਮ੍ਰਿਤਸਰ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸਰਪੰਚ ਕਤਲ ਮਾਮਲੇ ਵਿਚ ਛੱਤੀਸਗੜ੍ਹ ਤੋਂ ਗ੍ਰਿਫ਼ਤਾਰ ਪ੍ਰਭ ਦਾਸੂਵਾਲ ਗਰੋਹ ਦਾ ਮੁੱਖ ਸ਼ੂਟਰ ਸੁਖਰਾਜ ਸਿੰਘ ਬੁੱਧਵਾਰ ਨੂੰ ਇੱਕ ਪੁਲੀਸ



ਮੁਕਾਬਲੇ ਵਿੱਚ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਅੰਮ੍ਰਿਤਸਰ ਪੁਲੀਸ ਦੀ ਹਿਰਾਸਤ 'ਚੋਂ ਛੁਡਾਉਣ ਦੀ ਕੋਸ਼ਿਸ਼ ਵਿੱਚ ਪੁਲੀਸ ਟੀਮ 'ਤੇ ਗੋਲੀਬਾਰੀ ਕੀਤੀ। ਇਹ ਪੂਰੀ ਘਟਨਾ ਉਦੋਂ ਵਾਪਰੀ ਜਦੋਂ ਪੁਲੀਸ ਸ਼ੂਟਰ ਸੁਖਰਾਜ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਵੱਲਾ ਇਲਾਮੇ ਵਿਚ ਲੈ ਕੇ ਗਈ ਸੀ।

ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ 4 ਜਨਵਰੀ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁੱਖ ਸ਼ੂਟਰਾਂ ਵਿੱਚੋਂ ਇੱਕ ਸੁਖਰਾਜ ਸਿੰਘ ਉਰਫ਼ ਗੂੰਗਾ ਨੂੰ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ ਜਦੋਂ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਅਚਾਨਕ ਪੁਲੀਸ ਦੀ ਗੱਡੀ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਗੋਲੀਬਾਰੀ ਨਾਲ ਟਾਇਰ ਫਟ ਗਿਆ, ਜਿਸ ਕਾਰਨ ਗੱਡੀ ਰੁਕ ਗਈ। ਆਪਣੇ ਆਪ ਨੂੰ ਬਚਾਉਣ ਤੇ ਮੁਲਜ਼ਮਾਂ ਨੂੰ ਭੱਜਣ ਤੋਂ ਰੋਕਣ ਲਈ ਪੁਲੀਸ ਮੁਲਾਜ਼ਮਾਂ ਨੇ ਵੀ ਜਵਾਬੀ ਫਾਇਰਿੰਗ ਕੀਤੀ। ਸਦਰ ਪੁਲੀਸ ਥਾਣੇ ਦੇ ਐਸਐਚਓ ਕਿਰਨਦੀਪ ਸਿੰਘ ਨੇ ਆਪਣੇ 9 ਐਮਐਮ ਸਰਵਿਸ ਹਥਿਆਰ ਤੋਂ ਤਿੰਨ ਗੋਲੀਆਂ ਚਲਾਈਆਂ, ਜਦੋਂ ਕਿ ਏਐਸਆਈ ਨਵਤੇਜ ਸਿੰਘ ਨੇ ਆਪਣੀ ਏਕੇ-47 ਤੋਂ ਚਾਰ ਗੋਲੀਆਂ ਚਲਾਈਆਂ। ਮੁਕਾਬਲੇ ਦੌਰਾਨ ਕਾਂਸਟੇਬਲ ਵਰੁਣ ਕੁਮਾਰ ਦੀ ਲੱਤ ਵਿੱਚ ਗੋਲੀ ਲੱਗੀ। ਇਸ ਦੌਰਾਨ ਮੁਲਜ਼ਮ ਸੁਖਰਾਜ ਸਿੰਘ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਏਐੱਸਆਈ ਹਰਜਿੰਦਰ ਸਿੰਘ ਵੱਲੋਂ ਚਲਾਈਆਂ ਦੋ ਮੁਲਜ਼ਮ ਨੂੰ ਲੱਗੀਆਂ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜਿਆ ਗਿਆ। ਦੋਵੇਂ ਅਣਪਛਾਤੇ ਹਮਲਾਵਰ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਨੇ ਮੌਕੇ ਤੋਂ .30 ਬੋਰ ਪਿਸਤੌਲ ਬਰਾਮਦ ਕਰਕੇ ਮਕਬੂਲਪੁਰਾ ਪੁਲੀਸ ਥਾਣੇ ਵਿੱਚ ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਦਾ ਇੱਕ ਨਵਾਂ ਕੇਸ ਦਰਜ ਕੀਤਾ ਹੈ। ਇਸ ਤੋਂ ਪਹਿਲਾਂ ਕਮਿਸ਼ਨਰੇਟ ਪੁਲੀਸ ਨੇ ਸਾਬਕਾ ਸਰਪੰਚ ਝਰਮਲ ਸਿੰਘ ਦੇ ਕਤਲ ਕੇਸ ਦੀ ਗੁੱਥੀ ਸੁਲਝਾ ਲਈ ਸੀ। ਸਾਬਕਾ ਸਰਪੰਚ ਦੀ 4 ਜਨਵਰੀ ਨੂੰ ਮਜੀਠਾ-ਵੇਰਕਾ ਬਾਈਪਾਸ 'ਤੇ ਇੱਕ ਮੈਰਿਜ ਪੈਲੇਸ ਵਿੱਚ ਵਿਆਹ ਸਮਾਗਮ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਪੁਲਿਸ ਨੇ ਖੁਫੀਆ ਜਾਣਕਾਰੀ ਅਤੇ ਅੰਤਰ-ਰਾਜੀ ਪੁਲੀਸ ਦੇ ਤਾਲਮੇਲ ਨਾਲ ਦੋਵਾਂ ਸ਼ੂਟਰਾਂ - ਸੁਖਰਾਜ ਸਿੰਘ ਅਤੇ ਕਰਮਜੀਤ ਸਿੰਘ ਨੂੰ ਰਾਏਪੁਰ, ਛੱਤੀਸਗੜ੍ਹ ਤੋਂ ਗ੍ਰਿਫ਼ਤਾਰ ਕੀਤਾ। ਸ਼ੂਟਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਲਈ ਮੁਹਾਲੀ ਅਤੇ ਤਰਨ-ਤਾਰਨ ਤੋਂ ਹੋਰ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਪੁਲੀਸ ਨੇ ਕਿਹਾ ਕਿ ਸੁਖਰਾਜ ਸਿੰਘ ਉਰਫ਼ ਗੂੰਗਾ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਤਰਨ ਤਾਰਨ ਜ਼ਿਲ੍ਹੇ ਵਿੱਚ ਦਰਜ ਇੱਕ ਹੋਰ ਸਰਪੰਚ ਕਤਲ ਕੇਸ ਵਿੱਚ ਵੀ ਲੋੜੀਂਦਾ ਸੀ।

# ਔਰਤ ਨਾਲ ਦੋਸਤੀ ਕਰਨੀ ਪਈ ਮਹਿੰਗੀ; ਲਖਨਊ ਦੇ ਸ਼ਖਸ ਨਾਲ 1.92 ਕਰੋੜ ਦੀ ਠੱਗੀ

**ਲਖਨਊ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਲਖਨਊ ਦੇ ਇੱਕ ਵਿਅਕਤੀ ਨੂੰ 'ਔਰਤ' ਨਾਲ ਵਟਸਐਪ 'ਤੇ ਦੋਸਤੀ ਕਰਨੀ ਉਸ ਵੇਲੇ ਬਹੁਤ ਮਹਿੰਗੀ ਪੈ ਗਈ, ਜਦੋਂ ਉਸ ਨਾਲ 1.92 ਕਰੋੜ ਰੁਪਏ ਦੀ ਵੱਡੀ ਸਾਈਬਰ ਠੱਗੀ ਹੋ ਗਈ।

ਪੀੜਤ ਸ਼ਲਭ ਪਾਂਡੇ ਲਈ ਦੂਜਾ ਵੱਡਾ ਝਟਕਾ ਇਹ ਸੀ ਕਿ ਜਿਸ 'ਭਾਵਿਕਾ ਸ਼ੈਟੀ' ਨਾਂ ਦੀ ਔਰਤ ਨਾਲ ਉਹ ਗੱਲਾਂ ਕਰ ਰਿਹਾ ਸੀ, ਉਹ ਅਸਲ ਵਿੱਚ ਇੱਕ ਮਰਦ ਨਿਕਲਿਆ। ਪੁਲੀਸ ਨੇ ਇਸ ਮਾਮਲੇ ਵਿੱਚ ਇਮਰਾਨ ਗਾਜ਼ੀ (34) ਨਾਂ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲੀਸ ਮੁਤਾਬਕ, ਇਹ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਮੁਲਜ਼ਮ ਨੇ ਵਟਸਐਪ ਰਾਹੀਂ ਪੀੜਤ ਨਾਲ ਦੋਸਤੀ ਕੀਤੀ ਅਤੇ ਹੌਲੀ-ਹੌਲੀ ਉਸ ਨੂੰ ਭਰੋਸੇ ਵਿੱਚ ਲੈ ਕੇ ਫਰਜ਼ੀ ਸਕੀਮਾਂ ਵਿੱਚ ਪੈਸੇ ਨਿਵੇਸ਼ ਕਰਨ ਲਈ ਰਾਜ਼ੀ ਕਰ ਲਿਆ। ਮੋਟੇ ਮੁਨਾਫ਼ੇ ਦਾ ਲਾਲਚ ਦੇ ਕੇ, ਪੀੜਤ ਕੋਲੋਂ ਵੱਖ-ਵੱਖ ਬੈਂਕ ਖਾਤਿਆਂ ਵਿੱਚ ਕੁੱਲ 1.92 ਕਰੋੜ ਰੁਪਏ ਟਰਾਂਸਫਰ ਕਰਵਾ ਲਏ ਗਏ। ਜਦੋਂ ਪੀੜਤ ਨੂੰ ਠੱਗੀ ਦਾ ਅਹਿਸਾਸ ਹੋਇਆ, ਤਾਂ ਉਸ ਨੇ ਸਾਈਬਰ ਕ੍ਰਾਈਮ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ।

ਜਾਂਚ ਦੌਰਾਨ ਪਤਾ ਲੱਗਾ ਕਿ ਇਮਰਾਨ ਗਾਜ਼ੀ ਨੇ ਆਪਣੇ ਸਾਥੀ ਸ਼ਹਿਜ਼ਾਦ ਨਾਲ ਮਿਲ ਕੇ ਫਰਜ਼ੀ ਆਧਾਰ ਕਾਰਡ ਅਤੇ ਪੈਨ ਕਾਰਡ ਬਣਾਏ ਹੋਏ ਸਨ। ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਸ ਨੇ ਕਈ ਬੈਂਕ ਖਾਤੇ ਖੋਲ੍ਹੇ, ਤਾਂ ਜੋ ਠੱਗੀ ਦੇ ਪੈਸੇ ਪ੍ਰਾਪਤ ਕੀਤੇ ਜਾ ਸਕਣ।

ਪੁਲੀਸ ਅਨੁਸਾਰ, ਇਕੱਲੇ ਗਾਜ਼ੀ ਦੇ ਖਾਤਿਆਂ ਰਾਹੀਂ ਹੀ 54 ਲੱਖ ਰੁਪਏ ਦਾ ਲੈਣ-ਦੇਣ ਹੋਇਆ ਸੀ ਅਤੇ ਇੱਕ ਮਹੀਨੇ ਦੇ ਅੰਦਰ ਉਸ ਦੇ ਖਾਤਿਆਂ ਵਿੱਚ 1.52 ਕਰੋੜ ਰੁਪਏ ਦੀ ਹੇਰਾਫੇਰੀ ਦੇਖੀ ਗਈ।

ਪੁਲੀਸ ਨੇ ਮੁਲਜ਼ਮ ਕੋਲੋਂ ਜਾਅਲੀ ਸ਼ਨਾਖਤੀ ਕਾਰਡ ਬਰਾਮਦ ਕਰ ਲਏ ਹਨ ਅਤੇ ਹੁਣ ਇਸ ਗਿਰੋਹ ਦੇ ਹੋਰ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਘਟਨਾ ਇੱਕ ਵਾਰ ਫਿਰ ਸੋਸ਼ਲ ਮੀਡੀਆ 'ਤੇ ਅਣਜਾਣ ਲੋਕਾਂ ਨਾਲ ਦੋਸਤੀ ਅਤੇ ਨਿਵੇਸ਼ ਦੇ ਲਾਲਚ ਤੋਂ ਬਚਣ ਦੀ ਚੇਤਾਵਨੀ ਦਿੰਦੀ ਹੈ।

# ਮੁੱਖ ਮੰਤਰੀ ਨੂੰ ਨਹੀਂ ਮਿਲੀ ਵਿਦੇਸ਼ ਦੌਰੇ ਦੀ ਪ੍ਰਵਾਨਗੀ

**ਚੰਡੀਗੜ੍ਹ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਦੇਸ਼ ਯਾਤਰਾ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੂੰ ਪੈਰਿਸ ਜਾਣ ਦੀ ਪ੍ਰਵਾਨਗੀ ਵੀ ਨਹੀਂ ਮਿਲੀ ਸੀ।

ਮੁੱਖ ਮੰਤਰੀ ਨੇ ਹੁਣ ਕੈਬਿਨੇਟ ਮੰਤਰੀ ਸੰਜੀਵ ਅਰੋੜਾ ਸਮੇਤ ਇੰਗਲੈਂਡ ਅਤੇ ਇਜ਼ਰਾਇਲ ਦੌਰੇ 'ਤੇ



ਜਾਣਾ ਸੀ ਪ੍ਰੰਤੂ ਕੇਂਦਰ ਸਰਕਾਰ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਇਸ ਦੌਰੇ ਲਈ ਪ੍ਰਵਾਨਗੀ ਨਾ ਦਿੱਤੇ ਜਾਣ ਦਾ ਕੋਈ ਕਾਰਨ ਨਹੀਂ ਦੱਸਿਆ ਹੈ।

ਮੁੱਖ ਮੰਤਰੀ ਇਹ ਦੌਰਾ ਪੰਜਾਬ 'ਚ ਨਿਵੇਸ਼ ਨੂੰ ਉਤਸ਼ਾਹ ਦੇਣ ਲਈ ਕਰਨਾ ਚਾਹੁੰਦੇ ਸਨ। ਚੇਤੇ ਰਹੇ ਕਿ ਪੰਜਾਬ ਸਰਕਾਰ ਮਾਰਚ 'ਚ ਪੰਜਾਬ ਵਿੱਚ ਨਿਵੇਸ਼ ਸੰਮੇਲਨ ਕਰ ਰਹੀ ਹੈ।

# ਦੇਵ ਮਾਨ ਨੇ ਨਾਭਾ ਪਹੁੰਚਣ ਤੇ ਕੈਬਨਿਟ ਮੰਤਰੀ ਹਰਪਾਲ ਚੀਮਾ ਦਾ ਕੀਤਾ ਸਨਮਾਨ



**ਨਾਭਾ, 15 ਜਨਵਰੀ/-ਸੁਧੀਰ ਜੈਨ- -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਏ ਜਾ ਰਹੇ ਹਨ ਜਿਸ ਤਹਿਤ ਨਾਭਾ ਹਲਕੇ ਵਿੱਚ ਵੀ ਵਿਕਾਸ ਕਾਰਜਾਂ ਲਈ ਗਰਾਂਟ ਜਾਰੀ ਕੀਤੀ ਗਈ ਹੈ ਜੋ ਆਉਣ ਵਾਲੇ ਦਿਨਾਂ ਵਿੱਚ ਹਲਕਾ ਨਾਭਾ ਦੀਆਂ ਪੰਚਾਇਤਾਂ ਨੂੰ ਦਿੱਤੀਆਂ ਜਾਣਗੀਆਂ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਗੁਰਦੇਵ ਸਿੰਘ ਦੇ ਮਾਨ ਐਮ ਐਲ ਏ ਨਾਭਾ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਵਿਧਾਇਕ ਤੇ ਮਾਨ ਵੱਲੋਂ ਨਾਭਾ ਪਹੁੰਚਣ ਤੇ ਕੈਬਨਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਪਣਾ ਵਿਭਾਗ ਬਹੁਤ ਵਧੀਆ ਤਰੀਕੇ ਨਾਲ ਚਲਾ ਰਹੇ ਹਨ। ਉਨ੍ਹਾਂ ਵੱਲੋਂ ਨਾਭਾ ਹਲਕੇ ਦੇ ਵਿਕਾਸ ਕਾਰਜਾਂ ਹਮੇਸ਼ਾ ਅਪਣਾ ਯੋਗਦਾਨ ਪਾਇਆ ਹੈ। ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁੱਖੇਵਾਲ, ਸੁਖਦੀਪ ਸਿੰਘ ਖਹਿਰਾ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ, ਸੁਖ ਸੁਰਾਜਪੁਰ, ਦਵਿੰਦਰ ਕੁਲਾਰਾਂ, ਅਰਮਾਨ ਨਾਭਾ, ਰਾਜ ਕੁਮਾਰ ਸੋਲਾਂਕੀ, ਕੁਲਜੀਤ ਸਿੰਘ ਦੀਵਾਨਗੜ੍ਹ ਅਤੇ ਹੋਰ ਅਹੁਦੇਦਾਰਾਂ ਮੌਜੂਦ ਸਨ।

# ਕੈਨੇਡਾ ਦਾ ਭਾਰਤ 'ਤੇ ਗੰਭੀਰ ਇਲਜ਼ਾਮ: ਗੁਜਰਾਤ ਦੀ ਜੇਲ੍ਹ 'ਚੋਂ ਗੈਂਗ ਚਲਾ ਰਿਹਾ ਹੈ ਲਾਰੈਂਸ ਬਿਸ਼ਨੋਈ

**ਚੰਡੀਗੜ੍ਹ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੀ ਕੌਮੀਂ ਪੁਲੀਸ 'ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ' ਦੀ ਇੱਕ ਗੁਪਤ ਰਿਪੋਰਟ ਨੇ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

'ਗਲੋਬਲ ਨਿਊਜ਼' ਵੱਲੋਂ ਨਸ਼ਰ ਕੀਤੀ ਗਈ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੀ ਸਾਬਰਮਤੀ ਜੇਲ੍ਹ (ਗੁਜਰਾਤ) ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਜੇਲ੍ਹ ਦੇ ਅੰਦਰੋਂ ਹੀ ਆਪਣਾ ਅਪਰਾਧਿਕ ਨੈੱਟਵਰਕ ਚਲਾ ਰਿਹਾ ਹੈ। ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਦਾਅਵਾ ਇਹ ਕੀਤਾ ਗਿਆ ਹੈ ਕਿ ਬਿਸ਼ਨੋਈ ਗੈਂਗ 'ਭਾਰਤ ਸਰਕਾਰ ਦੇ ਇਸ਼ਾਰੇ 'ਤੇ' ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਅਤੇ ਹੋਰ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਰਿਪੋਰਟ ਦੇ ਅਨੁਸਾਰ, ਲਾਰੈਂਸ ਬਿਸ਼ਨੋਈ ਸਾਲ 2015 ਤੋਂ ਜੇਲ੍ਹ ਵਿੱਚ ਹੈ ਪਰ ਉਹ ਉੱਥੋਂ ਹੀ ਕੈਨੇਡਾ ਵਿੱਚ ਜਬਰਨ ਉਗਰਾਹੀ ਨਸ਼ਾ ਤਸਕਰੀ ਅਤੇ ਕੰਟਰੈਕਟ ਕਿਲਿੰਗ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ।



ਇਹ ਵੀ ਕਿਹਾ ਗਿਆ ਹੈ ਕਿ ਬਿਸ਼ਨੋਈ ਆਪਣੇ ਸਾਥੀ ਗੋਲਡੀ ਬਰਾੜ (ਸਤਿੰਦਰਜੀਤ ਸਿੰਘ) ਨਾਲ ਮਿਲ ਕੇ ਭਾਰਤ, ਉੱਤਰੀ ਅਮਰੀਕਾ ਅਤੇ ਯੂਰਪ ਸਮੇਤ ਕਈ ਦੇਸ਼ਾਂ ਵਿੱਚ ਫੈਲੇ ਆਪਣੇ 700 ਮੈਂਬਰਾਂ ਦੇ ਗੈਂਗ ਨੂੰ ਨਿਰਦੇਸ਼ ਦੇ ਰਿਹਾ ਹੈ। ਕੈਨੇਡੀਅਨ ਪੁਲੀਸ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਅਤੇ ਸੁਖਦੂਲ ਸਿੰਘ ਵਰਗੇ ਨੇਤਾਵਾਂ ਦੇ ਕਤਲ ਵਿੱਚ ਇਸੇ ਗੈਂਗ ਦਾ ਹੱਥ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਖ਼ਤੀ ਨਾਲ ਖਾਰਜ ਕਰ ਦਿੱਤਾ ਹੈ। ਭਾਰਤ ਨੇ ਕੈਨੇਡਾ ਦੇ ਇਨ੍ਹਾਂ ਦਾਅਵਿਆਂ ਨੂੰ 'ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ' ਕਰਾਰ ਦਿੱਤਾ ਹੈ। ਇਸ ਵਿਵਾਦ ਦੇ ਚੱਲਦਿਆਂ ਭਾਰਤ ਪਹਿਲਾਂ ਹੀ ਆਪਣੇ ਛੇ ਡਿਪਲੋਮੈਟਾਂ ਨੂੰ ਵਾਪਸ ਬੁਲਾ ਚੁੱਕਾ ਹੈ ਅਤੇ ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦਾ ਹੁਕਮ ਦੇ ਚੁੱਕਾ ਹੈ।

ਗੁਜਰਾਤ ਜੇਲ੍ਹ ਵਿਭਾਗ ਜਾਂ ਭਾਰਤੀ ਹਾਈ ਕਮਿਸ਼ਨ ਵੱਲੋਂ ਅਜੇ ਤੱਕ ਇਸ ਤਾਜ਼ਾ ਰਿਪੋਰਟ 'ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਆਈ ਹੈ।ਇਹ ਖੁਲਾਸਾ ਅਜਿਹੇ ਸਮੇਂ ਹੋਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਮੁੜ ਸ਼ੁਰੂ ਹੋਣ ਦੀ ਉਮੀਦ ਜਤਾਈ ਜਾ ਰਹੀ ਸੀ। ਪਰ RCMP ਦੀ ਇਸ ਰਿਪੋਰਟ ਨੇ ਇੱਕ ਵਾਰ ਫਿਰ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਵਧਾ ਦਿੱਤੀ ਹੈ।

# ਲੁਧਿਆਣਾ ਅਦਾਲਤ ਨੂੰ ਮੁੜ੍ਹ ਬੰਬ ਨਾਲ ਉਡਾਉਣ ਦੀ ਧਮਕੀ; 'ਨੋ ਵਰਕ ਡੇਅ' ਐਲਾਨਿਆ !



**ਲੁਧਿਆਣਾ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿੱਚ ਅੱਜ ਉਸ ਵੇਲੇ ਭਾਜੜ ਮਚ ਗਈ ਜਦੋਂ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈ-ਮੇਲ ਪ੍ਰਾਪਤ ਹੋਈ। ਇੱਕ ਹਫ਼ਤੇ ਦੇ ਅੰਦਰ ਇਹ ਦੂਜੀ ਵਾਰ ਹੈ ਜਦੋਂ ਅਦਾਲਤ ਨੂੰ ਨਿਸ਼ਾਨਾ ਬਣਾਉਣ ਦੀ ਅਜਿਹੀ ਧਮਕੀ ਮਿਲੀ ਹੈ। ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਪੂਰੇ ਕੰਪਲੈਕਸ ਨੂੰ ਤੁਰੰਤ ਖਾਲੀ ਕਰਵਾ ਲਿਆ ਗਿਆ ਹੈ ਅਤੇ ਵਕੀਲਾਂ ਨੂੰ ਆਪਣੇ ਚੈਂਬਰਾਂ ਵਿੱਚ ਨਾ ਜਾਣ ਦੀ ਸਖ਼ਤ ਹਦਾਇਤ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ, ਇਹ ਧਮਕੀ ਬੁੱਧਵਾਰ ਸਵੇਰੇ ਅਦਾਲਤ ਦੇ ਅਧਿਕਾਰਤ ਮੇਲ ਆਈਡੀ 'ਤੇ ਭੇਜੀ ਗਈ ਸੀ। ਈ-ਮੇਲ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੁਝ ਹੀ ਸਮੇਂ ਵਿੱਚ ਅਦਾਲਤ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ।

ਇਸ ਦੀ ਸੂਚਨਾ ਮਿਲਦੇ ਹੀ ਪੁਲੀਸ ਦੇ ਉੱਚ ਅਧਿਕਾਰੀ ਬੰਬ ਨਿਰੋਧੀ ਦਸਤੇ ਅਤੇ ਡੌਗ ਸਕੁਐਡ ਦੇ ਨਾਲ ਮੌਕੇ 'ਤੇ ਪਹੁੰਚ ਗਏ। ਪੁਲੀਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਪੂਰੇ ਕੰਪਲੈਕਸ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਿਪਨ ਸੱਗੜ ਨੇ ਵਕੀਲਾਂ ਅਤੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਅੱਜ ਅਦਾਲਤ ਵਿੱਚ 'ਨੋ ਵਰਕ ਡੇਅ' ਦਾ ਐਲਾਨ ਕਰ ਦਿੱਤਾ ਹੈ। ਅਦਾਲਤ ਵਿੱਚ ਛੁੱਟੀ ਹੋਣ ਕਾਰਨ ਦੂਰ-ਦੂਰ ਤੋਂ ਆਏ ਸੈਂਕੜੇ ਲੋਕਾਂ ਨੂੰ ਬਿਨਾਂ ਕਿਸੇ ਕਾਰਵਾਈ ਦੇ ਵਾਪਸ ਮੁੜਨਾ ਪਿਆ। ਪੁਲੀਸ ਹੁਣ ਈ-ਮੇਲ ਭੇਜਣ ਵਾਲੇ ਦੇ ਆਈਪੀ ਐਡਰੈੱਸ ਨੂੰ ਟਰੇਸ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਇਸ ਸ਼ਰਾਰਤ ਜਾਂ ਸਾਜ਼ਿਸ਼ ਪਿੱਛੇ ਮੌਜੂਦ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ।

# ਥਾਈਲੈਂਡ 'ਚ ਵੱਡਾ ਹਾਦਸਾ: ਚੱਲਦੀ ਟ੍ਰੇਨ 'ਤੇ ਡਿੱਗੀ ਉਸਾਰੀ ਅਧੀਨ ਕਰੇਨ; 29 ਲੋਕਾਂ ਦੀ ਮੌਤ



**ਬੈਂਕਾਕ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ-ਪੂਰਬੀ ਥਾਈਲੈਂਡ ਵਿੱਚ ਬੁੱਧਵਾਰ ਨੂੰ ਇੱਕ ਦਰਦਨਾਕ ਹਾਦਸਾ ਵਾਪਰਿਆ, ਜਿੱਥੇ ਇੱਕ ਵਿਸ਼ਾਲ ਉਸਾਰੀ ਕਰੇਨ ਇੱਕ ਚੱਲਦੀ ਪੈਸੇਂਜਰ ਟ੍ਰੇਨ 'ਤੇ ਡਿੱਗ ਗਈ।

ਇਸ ਹਾਦਸੇ ਵਿੱਚ ਘੱਟੋ-ਘੱਟ 29 ਲੋਕਾਂ ਦੀ ਮੌਤ ਹੋ ਗਈ ਹੈ ਅਤੇ 64 ਹੋਰ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਨੇ ਖਦਸ਼ਾ ਜਤਾਇਆ ਹੈ ਕਿ ਮੌਤਾਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਕਿਉਂਕਿ ਕਈ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਨਖੋਨ ਰਤਚਾਸਿਮਾ ਸੂਬੇ ਦੇ ਲੋਕ ਸੰਪਰਕ ਵਿਭਾਗ ਅਨੁਸਾਰ, ਇਹ ਕਰੇਨ ਇੱਕ ਐਲੀਵੇਟਿਡ ਹਾਈ-ਸਪੀਡ ਰੇਲਵੇ ਲਾਈਨ ਬਣਾਉਣ ਲਈ ਵਰਤੀ ਜਾ ਰਹੀ ਸੀ। ਜਦੋਂ ਬੈਂਕਾਕ ਤੋਂ ਉਬੋਨ ਰਤਚਥਾਨੀ ਜਾ ਰਹੀ ਟ੍ਰੇਨ ਹਾਦਸੇ ਵਾਲੀ ਜਗ੍ਹਾ ਤੋਂ ਗੁਜ਼ਰ ਰਹੀ ਸੀ, ਤਾਂ ਕਰੇਨ ਅਚਾਨਕ ਸੰਤੁਲਨ ਵਿਗੜਨ ਕਾਰਨ ਟ੍ਰੇਨ ਦੇ ਉੱਪਰ ਜਾ ਡਿੱਗੀ। ਇਸ ਕਾਰਨ ਟ੍ਰੇਨ ਦੀਆਂ ਕਈ ਬੋਗੀਆਂ ਪਟੜੀ ਤੋਂ ਉਤਰ ਗਈਆਂ ਅਤੇ ਭਿਆਨਕ ਅੱਗ ਲੱਗ ਗਈ।

ਬਚਾਅ ਟੀਮਾਂ ਮੌਕੇ 'ਤੇ ਪਹੁੰਚ ਕੇ ਮਲਬੇ ਵਿੱਚ ਫਸੇ ਲੋਕਾਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਰੇਲ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ। ਸਥਾਨਕ ਪ੍ਰਸ਼ਾਸਨ ਨੇ ਹਾਦਸੇ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਹ ਕਿਸੇ ਤਕਨੀਕੀ ਖ਼ਰਾਬੀ ਕਾਰਨ ਹੋਇਆ ਜਾਂ ਸੁਰੱਖਿਆ ਨਿਯਮਾਂ ਦੀ ਅਣਗਹਿਲੀ ਕਾਰਨ।

# ਨਵਾਂ ਸ਼ਹਿਰ 'ਚੋਂ ਮਿਲੇ ਗੁੰਮ ਹੋਏ 139 ਸਰੂਪ : ਮਾਨ

**ਚੰਡੀਗੜ੍ਹ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਗੁੰਮ ਹੋਏ 325 ਸਰੂਪਾਂ ਦੇ ਬਾਰੇ ਅਹਿਮ ਖ਼ੁਲਾਸਾ ਕਰਦਿਆਂ ਕਿਹਾ ਕਿ ਨਵਾਂ ਸ਼ਹਿਰ ਦੇ ਬੰਗਾ ਲਾਗਿਓਂ ਇੱਕ ਧਾਰਮਿਕ ਅਸਥਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 169 ਸਰੂਪ ਮਿਲੇ ਹਨ ਜਿਨ੍ਹਾਂ ਚੋਂ ਸਿਰਫ਼ 30 ਸਰੂਪਾਂ ਦਾ ਹੀ ਰਿਕਾਰਡ ਮਿਲਿਆ ਹੈ।

ਅੱਜ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਕਾਨਫ਼ਰੰਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਸ਼ਹਿਰ ਜ਼ਿਲ੍ਹੇ ਚੋਂ ਮਿਲੇ ਸਰੂਪਾਂ ਚੋਂ 139 ਸਰੂਪਾਂ ਦਾ ਕੋਈ ਰਿਕਾਰਡ ਹੀ ਨਹੀਂ ਹੈ। ਚੇਤੇ ਰਹੇ ਕਿ ਭਗਵੰਤ ਮਾਨ ਨੇ ਇਹ ਖ਼ੁਲਾਸਾ ਸ੍ਰੀ



ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਤੋਂ ਐਨ ਇੱਕ ਦਿਨ ਪਹਿਲਾਂ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਕਰਮਚਾਰੀਆਂ ਤੋਂ ਪੁੱਛ-ਗਿੱਛ ਦੌਰਾਨ ਅਹਿਮ ਸੁਰਾਗ ਮਿਲੇ ਸਨ। ਉਨ੍ਹਾਂ ਕਿਹਾ ਕਿ ਗੁੰਮ ਹੋਏ ਬਾਕੀ ਸਰੂਪਾਂ ਦਾ ਵੀ ਜਲਦ ਪਤਾ ਲਗਾਇਆ ਜਾਵੇਗਾ। ਪਤਾ ਲੱਗਿਆ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਬੀਤੇ ਕੱਲ੍ਹ ਹੀ ਗੁੰਮ ਹੋਏ ਸਰੂਪਾਂ ਚੋਂ ਕੁੱਝ ਦਾ ਪਤਾ ਲਗਾ ਲਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਾਘੀ ਕਾਨਫ਼ਰੰਸ ਦੇ ਮੌਕੇ ਇਸ ਦਾ ਖ਼ੁਲਾਸਾ ਕੀਤੇ ਜਾਣ ਨੂੰ ਢੁਕਵਾਂ ਮੌਕਾ ਸਮਝਿਆ। ਮੁੱਖ ਮੰਤਰੀ ਨੇ ਕਿਹਾ ਕਿ ਸਰੂਪਾਂ ਦੀ ਛਪਾਈ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੁੰਦੀ ਹੈ। ਅੱਜ ਮਾਘੀ ਕਾਨਫ਼ਰੰਸ 'ਤੇ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਬਰਗਾੜੀ 'ਚ ਹੋਈ ਬੇਅਦਬੀ ਦੇ ਮਾਮਲੇ ਦੀ ਗੱਲ ਵੀ ਕੀਤੀ।

# ਪੰਜਾਬ ਦੇ ਸਕੂਲਾਂ 'ਚ ਬੰਬ ਦੀ ਦਹਿਸ਼ਤ: ਅੰਮ੍ਰਿਤਸਰ ਅਤੇ ਮੋਗਾ ਦੇ ਕਈ ਸਕੂਲਾਂ ਨੂੰ ਉਡਾਉਣ ਦੀ ਮਿਲੀ ਧਮਕੀ

## ਸਕੂਲ ਕਰਵਾਏ ਗਏ ਖਾਲੀ; ਪੁਲਿਸ ਵੱਲੋਂ ਸਰਚ ਆਪਰੇਸ਼ਨ ਜਾਰੀ

**ਅੰਮ੍ਰਿਤਸਰ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਅੱਜ ਸਵੇਰੇ ਸਕੂਲ ਖੁੱਲ੍ਹਦਿਆਂ ਹੀ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਅੰਮ੍ਰਿਤਸਰ ਅਤੇ ਮੋਗਾ ਦੇ ਕਈ ਨਾਮੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀ ਭਰੀਆਂ ਈ-ਮੇਲਾਂ ਮਿਲੀਆਂ। ਇਨ੍ਹਾਂ ਧਮਕੀਆਂ ਤੋਂ ਬਾਅਦ ਸਕੂਲ ਪ੍ਰਬੰਧਕਾਂ ਨੇ ਸਾਵਧਾਨੀ ਵਜੋਂ ਤੁਰੰਤ ਛੁੱਟੀ ਕਰ ਦਿੱਤੀ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਘਰਾਂ ਵੱਲ ਰਵਾਨਾ ਕਰ ਦਿੱਤਾ।

ਅੰਮ੍ਰਿਤਸਰ ਸ਼ਹਿਰ ਦੇ ਤਿੰਨ ਪ੍ਰਮੁੱਖ ਸਕੂਲਾਂ ਦੇ ਅਧਿਕਾਰਤ ਮੇਲ ਆਈਡੀ 'ਤੇ ਧਮਕੀ ਭਰੇ ਸੁਨੇਹੇ ਮਿਲੇ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਕਿ ਇਮਾਰਤ



ਨੂੰ ਧਮਾਕੇ ਨਾਲ ਉਡਾ ਦਿੱਤਾ ਜਾਵੇਗਾ। ਇਨ੍ਹਾਂ ਈ-ਮੇਲਾਂ ਵਿੱਚ ਕਥਿਤ ਤੌਰ 'ਤੇ ਇੱਕ ਅਤਿਵਾਦੀ ਸੰਗਠਨ ਦਾ ਨਾਮ ਵੀ ਲਿਖਿਆ ਗਿਆ ਹੈ। ਸੂਚਨਾ ਮਿਲਦੇ ਹੀ ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਨੇ ਸਕੂਲ ਕੰਪਲੈਕਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ। ਹਾਲਾਂਕਿ ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ ਹੈ, ਪਰ ਪੁਲੀਸ ਸਾਈਬਰ ਟੀਮਾਂ ਦੀ ਮਦਦ ਨਾਲ ਇਹ ਪਤਾ ਲਗਾ ਰਹੀ ਹੈ ਕਿ ਇਹ ਈ-ਮੇਲ ਕਿੱਥੋਂ ਆਈ ਹੈ।

**ਮੋਗਾ ਵਿੱਚ ਵੀ ਸਕੂਲ ਕਰਵਾਇਆ ਗਿਆ ਖਾਲੀ**

ਇਸੇ ਤਰ੍ਹਾਂ ਮੋਗਾ ਦੇ ਇੱਕ ਸਕੂਲ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਮੋਗਾ ਦੇ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਵੱਲੋਂ ਸੂਚਿਤ ਕੀਤੇ ਜਾਣ ਤੋਂ ਬਾਅਦ ਤੁਰੰਤ ਪੁਲੀਸ ਟੀਮਾਂ ਭੇਜੀਆਂ ਗਈਆਂ ਅਤੇ ਸਕੂਲ ਨੂੰ ਖਾਲੀ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਪੁਲੀਸ ਪੂਰੀ ਇਮਾਰਤ ਦੀ ਬਾਰੀਕੀ ਨਾਲ ਤਲਾਸ਼ੀ ਲੈ ਰਹੀ ਹੈ।

**ਪੁਲੀਸ ਦੀ ਅਪੀਲ: ਅਫਵਾਹਾਂ ਤੋਂ ਬਚੋ**

ਪੁਲਿਸ ਅਧਿਕਾਰੀਆਂ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਉਣ ਨਾ, ਕਿਉਂਕਿ ਪਹਿਲਾਂ ਵੀ ਅਜਿਹੀਆਂ ਕਈ ਧਮਕੀਆਂ ਸਿਰਫ਼ ਅਫਵਾਹ (8✪▲⊘) ਸਾਬਤ ਹੋਈਆਂ ਹਨ। ਫਿਰ ਵੀ ਪੁਲੀਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਅੰਮ੍ਰਿਤਸਰ ਦੇ ਦਿਹਾਤੀ ਇਲਾਕਿਆਂ ਵਿੱਚ ਵੀ ਕੁਝ ਸਕੂਲਾਂ ਨੂੰ ਅਜਿਹੀਆਂ ਧਮਕੀਆਂ ਮਿਲਣ ਦੀ ਰਿਪੋਰਟ ਹੈ, ਜਿਸ ਤੋਂ ਬਾਅਦ ਪੂਰੇ ਸੂਬੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।

# ਮਾਲ ਵਿਭਾਗ ਦੀ ਮਿਲੀਭੁਗਤ ਨਾਲ ਐਨ. ਆਰ. ਆਈ. ਦੀ ਕਰੋੜਾਂ ਰੁਪਏ ਦੀ ਜਮੀਨ ਹੜੱਪਣ ਦਾ

**ਪਟਿਆਲਾ, 15 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਪਟਿਆਲਾ ਨਾਲ ਲੱਗਦੇ ਪਿੰਡ ਸੂਲਰ ਦੇ ਐਨ. ਆਰ. ਆਈ. ਪਰਿਵਾਰ ਦੀ ਕਰੋੜਾਂ ਰੁਪਏ ਦੀ ਮਾਲਕੀ ਦੀ 100 ਬਿੱਘੇ ਤੋਂ ਵੱਧ ਜਮੀਨ ਨੂੰ ਸਰਕਾਰੀ ਰਿਪੋਰਟਾਂ ਮੁਤਾਬਕ ਜਾਅਲੀ ਵਸੀਕਾ ਨੰਬਰ ਰਾਹੀਂ ਚੈਰੀਟੇਬਲ ਟਰੱਸਟਾਂ ਦੇ ਨਾਮ ਜਮੀਨ ਲਗਵਾ ਕੇ ਫਿਰ ਤਬਾਦਲੇ ਕਰਕੇ ਵੇਚ ਦਿੱਤਾ ਗਿਆ। ਜਦੋਂ ਇਸ ਮਾਮਲੇ ਦੀ ਘੋਖ ਕੀਤੀ ਗਈ ਤਾਂ ਆਰ. ਟੀ. ਆਈ. ਰਾਹੀਂ ਮਿਲੀ ਜਾਣਕਾਰੀ ਮੁਤਾਬਕ ਭੂ-ਮਾਫੀਆ ਗਿਰੋਹ ਨੇ ਉਕਤ ਹੜੱਪੀ ਜਮੀਨ ਨੂੰ ਕਲੋਨੀਆਂ ਰਾਹੀਂ ਪਲਾਟ ਕੱਟ ਕੇ ਵੇਚ ਦਿੱਤਾ ਗਿਆ। ਕਰੋੜਾਂ ਰੁਪਏ ਦੇ ਹੇਰ-ਫੇਰ ਹੋਣ ਦੇ ਬਾਵਜੂਦ ਵੀ ਪ੍ਰਸਾਸ਼ਨ ਦੀ ਨੱਕ ਹੇਠਾਂ ਇੰਨਾ ਵੱਡਾ ਘਪਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ ਹੈ ਅਤੇ ਹੁਣ ਇਸ ਦਾ ਪਰਦਾਫਾਸ਼ ਹੋਣ ਤੇ ਤਿਆਰ ਹੋਈਆਂ ਰਿਪੋਰਟਾਂ ਤੋਂ ਬਾਅਦ ਵੀ ਰਾਜਨੀਤਿਕ ਦਬਾਅ ਦੇ ਚੱਲਦਿਆਂ ਉਚ ਅਧਿਕਾਰੀਆਂ ਵੱਲੋਂ ਲੋੜੀਂਦੀ ਕਾਰਵਾਈ ਠੰਡੇ ਬਸਤੇ 'ਚ ਹੈ। ਇਸ ਸੰਬੰਧੀ ਐਨ. ਆਰ. ਆਈ. ਪਰਿਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਆਪਣੀ ਹੀ ਮਾਲਕੀ ਦੀ ਜਮੀਨ ਵਾਪਸ ਕਰਵਾਉਣ ਸੰਬੰਧੀ ਇਨਸਾਫ ਦੀ ਮੰਗ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਹੜੱਪੀ ਜਮੀਨ ਦੀਆਂ ਰਜਿਸਟਰੀਆਂ, ਇੰਤਕਾਲ ਅਤੇ ਵਸੀਕੇ ਲਗਾਤਾਰ ਤਸਦੀਕ ਕਰਨ ਅਤੇ ਕਰਵਾਉਣ ਵਾਲੇ ਹਾਲੇ ਵੀ ਗ੍ਰਿਫਤ ਤੋਂ ਬਾਹਰ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਭੂਮਾਫੀਆ ਦੇ ਗਿਰੋਹ ਨੇ ਗੂੰਗੇ-ਬੋਲੇ ਤੇ ਯਤੀਮ ਬੱਚਿਆਂ ਦੀ ਭਲਾਈ ਲਈ ਬਣੇ ਟਰੱਸਟਾਂ ਦੀ ਆੜ੍ਹ ਵਿਚ ਐਨ. ਆਰ. ਆਈ. ਦੀ ਜਮੀਨ ਹੜੱਪ ਕੇ ਕਲੋਨੀਆਂ ਕੱਟ ਕੇ ਵੇਚ ਦਿੱਤੀ। ਜਿਸ ਨੂੰ ਲੈ ਕੇ ਪਹਿਲਾਂ ਕਈ ਵਿਅਕਤੀਆਂ 'ਤੇ ਮਾਮਲੇ ਦਰਜ ਕੀਤੇ ਗਏ, ਪਰ ਸਿਵਲ ਅਤੇ ਪੁਲਸ ਪ੍ਰਸਾਸ਼ਨ ਦੀ ਮਿਲੀਭੁਗਤ ਕਾਰਨ ਇਹ ਵਿਅਕਤੀ ਆਪਣੇ ਸਮਾਜਿਕ ਰੁਤਬੇ ਦੀ ਆੜ੍ਹ ਵਿਚ ਬਚਦੇ ਆ ਰਹੇ ਹਨ।

**ਐਸ. ਡੀ. ਐਮ. ਅਤੇ ਤਹਿਸੀਲਦਾਰ ਵੱਲੋਂ ਵਸੀਕੇ ਜਾਅਲੀ ਕਰਾਰ**

ਐਸ. ਡੀ. ਐਮ. ਅਤੇ ਤਹਿਸੀਲਦਾਰ ਪਟਿਆਲਾ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਐਨ. ਆਰ. ਆਈ. ਦੀ ਜਮੀਨ ਦੇ ਹਿਬਾਨਾਮਾ ਵਸੀਕਾ ਨੰਬਰ 2052 ਮਿਤੀ: 15-01-1996 ਨੂੰ ਪਟਿਆਲਾ ਤੋਂ ਮਾਲਕ ਸੁਰਜੀਤ ਕੌਰ ਵੱਲੋਂ ਕਦੇ ਵੀ ਤਸਦੀਕ ਨਹੀਂ ਕਰਵਾਇਆ ਗਿਆ ਅਤੇ ਉਸ ਵਕਤ ਉਹ ਵਿਦੇਸ਼ ਵਿਚ ਰਹਿ ਰਹੀ ਸੀ। ਇਹ ਵਸੀਕਾ ਪਿੰਡ ਕਰਹਾਲੀ ਦੇ ਵਸਨੀਕ ਮੋਹਨ ਲਾਲ ਵੱਲੋਂ ਕਰਵਾਇਆ ਗਿਆ ਸੀ। ਇਸ ਰਿਪੋਰਟ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਉਕਤ ਵਸੀਕਾ ਨੰਬਰ ਰਾਹੀਂ ਐਨ. ਆਰ. ਆਈ. ਸੁਰਜੀਤ ਕੌਰ ਨੇ ਚੈਰੀਟੇਬਲ ਟਰੱਸਟਾਂ ਨੂੰ ਜਮੀਨ ਦਿੱਤੀ ਹੀ ਨਹੀਂ ਤਾਂ ਚੈਰੀਟੇਬਲ ਟਰੱਸਟਾਂ ਵੱਲੋਂ ਜਾਅਲੀ ਵਸੀਕਾ ਪੇਸ਼ ਕਰਕੇ ਤਬਾਦਲਿਆਂ ਰਾਹੀਂ ਮਾਲਕ ਬਣੀ ਸੁਖਇੰਦਰ ਕੌਰ ਨੇ ਸਾਥੀਆਂ ਨਾਲ ਰਲ ਕੇ ਖਸਰਾ ਨੰਬਰ 318, 319, 320, 321, 322 ਅਤੇ ਹੋਰ ਨੰਬਰਾਂ ਅਧੀਨ 100 ਬਿੱਘੇ ਤੋਂ ਵੱਧ ਜਮੀਨ ਵੇਚ ਦਿੱਤੀ।



# ਬਣੋ ਸਾਰਥਕ ਵਿਚਾਰਾਂ ਦੇ ਧਾਰਨੀ

• ਨਿਸ਼ਾਨ ਸਿੰਘ ਰਾਠੌਰ (ਡਾ.)

ਜੀਵਨ-ਪੰਧ 'ਚ ਮਨੁੱਖ ਦਾ ਮਨ ਬਹੁਤ ਸਾਰੀਆਂ ਮਨੋਬਿਰਤੀਆਂ ਵਿੱਚੋਂ ਲੰਘਦਾ ਹੈ ਅਤੇ ਹਰ ਮਨੋਬਿਰਤੀ ਦਾ ਵੱਖਰਾ ਅਤੇ ਨਿਵਕੇਲਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਇਨ੍ਹਾਂ ਮਨੋਬਿਰਤੀਆਂ ਨੂੰ ਜਿੱਥੇ ਮਨੋਵਿਗਿਆਨ ਵਿਚ ਖੋਜ ਦਾ ਵਿਸ਼ਾ ਮੰਨਿਆ ਗਿਆ ਹੈ ਉੱਥੇ ਹੀ ਧਾਰਮਿਕ ਗ੍ਰੰਥਾਂ ਵਿਚ ਵੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਨ ਦੀਆਂ ਖੇਡਾਂ ਨੂੰ 'ਆਨੰਦ ਸਾਹਿਬ' ਦੀ ਬਾਣੀ ਦੇ ਸਿਰਲੇਖ ਹੇਠ ਬਹੁਤ ਸਪਸ਼ਟ ਰੂਪ ਵਿਚ ਬਿਆਨ ਕੀਤਾ ਗਿਆ ਹੈ ;

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥ (ਪੰਨਾ ਨੰ. 876)

ਖ਼ਬਰੇ ! ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ ਮਨ ਦੇ ਜਿੱਤਿਆ ਜਿੱਤ ਹੈ ਅਤੇ ਮਨ ਦੇ ਹਾਰਿਆਂ ਹਾਰ। ਮਨ ਨੂੰ ਸਮਝਾਉਣ ਅਤੇ ਸਿੱਧੇ ਰਾਹ ਪਾਉਣ ਲਈ ਬਹੁਤ ਸਾਰੇ ਉਪਦੇਸ਼ ਦਿੱਤੇ ਗਏ ਹਨ ;

ਮਨਿ ਜੀਤੈ ਜਗੁ ਜੀਤੁ॥ (ਪੰਨਾ ਨੰ. 6)

ਪਰ! ਅੱਜ-ਕੱਲ੍ਹ ਮਨੁੱਖੀ ਮਨਾਂ ਉੱਪਰ ਨਕਾਰਾਤਮਕਤਾ ਭਾਰੂ ਹੁੰਦੀ ਜਾ ਰਹੀ ਹੈ। ਹਰ ਪਾਸੇ ਮੰਦੇ ਵਿਚਾਰਾਂ ਦਾ ਪ੍ਰਭਾਵ ਦਿਖਾਈ ਦੇ ਰਿਹਾ ਹੈ। ਅਖ਼ਬਾਰਾਂ ਤੋਂ ਲੈ ਕੇ ਟੀ. ਵੀ. ਚੈਨਲਾਂ ਤਕ, ਸਭ ਪਾਸੇ ਨਕਾਰਾਤਮਕਤਾ ਨੂੰ ਹੀ ਪੇਸ਼ ਕੀਤਾ ਜਾ ਰਿਹਾ ਹੈ। ਹਰ ਰੋਜ਼ ਅਖ਼ਬਾਰਾਂ ਦੇ ਪੰਨੇ ਇਨ੍ਹਾਂ ਖ਼ਬਰਾਂ ਨਾਲ ਭਰੇ ਹੁੰਦੇ ਹਨ ਕਿ ਇਸ ਘਟਨਾ ਨਾਲ ਇਹ ਨੁਕਸਾਨ ਹੋ ਗਿਆ।

ਨਕਾਰਾਤਮਕਤਾ ਦੇ ਪ੍ਰਭਾਵ ਨੂੰ ਸਮਝਣ ਲਈ ਇਕ ਆਮ ਜਿਹਾ ਉਦਾਹਰਣ ਪੜ੍ਹਦੇ ਹਾਂ ਤਾਂ ਕਿ ਗੱਲ ਦੀ ਦਰੁਸਤੀ ਨਾਲ ਸਮਝ ਲੱਗ ਜਾਵੇ। ਕਿਸੇ ਪਿੰਡ/ਸ਼ਹਿਰ ਵਿਚ ਕੋਈ ਵਿਅਕਤੀ ਭਾਵੇਂ ਕਿੰਨੇ ਸਾਲ ਚੰਗੇ ਅਤੇ ਨੇਕ ਕੰਮ ਕਰਦਾ ਰਹੇ ਪਰ ਉਸਦੀ ਕਿਤੇ ਕੋਈ ਚਰਚਾ ਜਾਂ ਵਡਿਆਈ ਸੁਣਨ ਨੂੰ ਨਹੀਂ ਮਿਲਦੀ। ਪਰ, ਉਹੀ ਵਿਅਕਤੀ ਜੇ ਕੋਈ ਗ਼ਲਤ ਕੰਮ ਕਰ ਬੈਠੇ ਤਾਂ ਅਗਲੇ ਦਿਨ ਅਖ਼ਬਾਰ ਵਿਚ ਖ਼ਬਰ ਛਪ ਜਾਂਦੀ ਹੈ ਅਤੇ ਉਸ ਨੂੰ ਸਾਰੇ ਲੋਕ ਜਾਣਨ/ ਪਛਾਣਨ ਲੱਗ ਜਾਂਦੇ ਹਨ।

ਚੰਗੇ ਕੰਮ ਦੀ ਵਡਿਆਈ ਬਹੁਤ ਘੱਟ ਹੁੰਦੀ ਹੈ ਪਰ ਅਣਜਾਣਪੁਣੇ ਵਿਚ ਹੋਏ ਮੰਦੇ ਕੰਮ ਦੀ ਬੁਰਾਈ ਕਰਨ ਵਿਚ ਕੋਈ ਵੀ ਪਿੱਛੇ ਨਹੀਂ ਰਹਿੰਦਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਮਨਾਂ ਵਿਚ ਨਕਾਰਤਮਕਤਾ ਭਾਰੂ ਹੋ ਗਈ ਹੈ।

ਮਨੁੱਖੀ ਮਨ ਦੀ ਨਕਾਰਾਤਮਕਤਾ ਕਰਕੇ ਹੀ ਆਤਮ-ਹੱਤਿਆਵਾਂ ਵਰਗੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਅਸਲ ਵਿਚ ਮਨੁੱਖ ਹਰ ਘਟਨਾ ਵਿੱਚੋਂ ਨਕਾਰਾਤਮਕਤਾ ਨੂੰ ਲੱਭਦਾ ਹੈ। ਇਸ ਕਰਕੇ ਕਈ ਵਾਰ ਮਨ ਦੀ ਅਵਸਥਾ ਡੋਲ ਜਾਂਦੀ ਹੈ ਅਤੇ ਆਤਮ-ਹੱਤਿਆ ਵਰਗੇ ਕਦਮ ਪੁੱਟ ਲਏ ਜਾਂਦੇ ਹਨ। ਭਗਵਾਨ

**ਨਾਂਹਪੱਖੀ ਵਿਚਾਰਾਂ ਨੂੰ ਮਨਾਂ 'ਚੋਂ ਕੱਢ ਕੇ ਸਾਰਥਕ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ। ਇਸ ਨਾਲ ਪਰੇਸ਼ਾਨੀਆਂ ਨੂੰ ਦੂਰ ਕੀਤਾ ਜਾ ਸਕਦਾ। ਇਹ ਸੁਖੀ ਅਤੇ ਚੰਗੇ ਜੀਵਨ ਦਾ ਵੀ ਅਹਿਮ ਭੇਦ ਹੈ...**



ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਸਮਝਾਉਂਦਿਆਂ ਗੀਤਾ ਵਿਚ ਕਿਹਾ ਹੈ; 'ਤੇਰਾ ਕੁਝ ਵੀ ਨਹੀਂ ਹੈ, ਤੂੰ ਜੋ ਲਿਆ ਹੈ ਇੱਥੋਂ ਹੀ ਲਿਆ ਹੈ, ਜੋ ਦਿੱਤਾ ਹੈ ਇੱਥੇ ਹੀ ਦਿੱਤਾ ਹੈ। ਫਿਰ ਫ਼ਿਕਰ ਕਿਸ ਗੱਲ ਦਾ ਹੈ? ਸੰਸਾਰ ਚੱਲਦਾ ਰਹਿੰਦਾ ਹੈ। ਇੱਥੇ ਕਿਸੇ ਦੇ ਜਾਣ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ।'

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਨਕਾਰਾਤਮਕਤਾ ਦੇ ਪ੍ਰਭਾਵ ਨੂੰ ਮਨਾਂ ਵਿੱਚੋਂ ਕੱਢ ਕੇ ਸਾਰਥਕ ਵਿਚਾਰਾਂ ਦਾ ਧਾਰਨੀ ਬਣਨਾ ਚਾਹੀਦਾ ਹੈ ਤਾਂ ਕਿ ਜੀਵਨ ਵਿੱਚੋਂ ਪਰੇਸ਼ਾਨੀਆਂ ਨੂੰ ਦੂਰ ਕੀਤਾ ਜਾ ਸਕੇ ਅਤੇ ਸੁਖੀ ਅਤੇ ਚੰਗਾ ਮਨੁੱਖੀ ਜੀਵਨ ਬਤੀਤ ਕੀਤਾ ਜਾ ਸਕੇ। •

# ਖ਼ੁਸ਼ੀਆਂ ਦੇ ਸੌ ਰੰਗ ਵੇ ਲੋਕਾ






• ਗੁਰਬਿੰਦਰ ਸਿੰਘ ਮਾਣਕ
9815356086

ਕੁਦਰਤ ਦੇ ਵਰਤਾਰੇ ਵਲ ਗਹੁ ਨਾਲ ਨਜ਼ਰ ਮਾਰੀਏ ਤਾਂ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ ਕਿ ਮਨੁੱਖੀ ਜ਼ਿੰਦਗੀ ਕਦੇ ਵੀ ਇਕੋ ਜਿਹੀ ਨਹੀਂ ਰਹਿੰਦੀ। ਜ਼ਿੰਦਗੀ ਦੇ ਰੰਗਮੰਚ ਤੇ ਜੇ ਖ਼ੁਸ਼ੀਆਂ ਦੇ ਰੰਗ-ਬਰੰਗੇ ਫੱਲ ਨਜ਼ਰੀਂ ਪੈਂਦੇ ਹਨ ਤਾਂ ਦੂਜੇ ਪਾਸੇ ਗ਼ਮੀਆਂ, ਉਦਾਸੀਆਂ ਤੇ ਹੌਕਿਆਂ ਦੀ ਪਤਝੜ ਵੀ ਇਸੇ ਜ਼ਿੰਦਗੀ ਦਾ ਹਿੱਸਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਜਵਾਨੀ, ਬੁਢਾਪਾ ਤੇ ਮੌਤ ਤਕ ਦਾ ਸਫ਼ਰ ਕਿਸੇ ਵੀ ਮਨੁੱਖ ਲਈ ਖ਼ੁਸ਼ੀਆਂ ਤੇ ਗ਼ਮੀਆਂ ਦਾ ਗੁਲਦਸਤਾ ਹੈ।

ਜ਼ਿੰਦਗੀ ਦੀ ਅਸਲੀਅਤ ਇਹ ਹੈ ਕਿ ਹਰ ਮਨੁੱਖ ਖ਼ੁਸ਼ੀ ਦੀ ਭਾਲ ਵਿਚ ਦੌੜਿਆ ਫਿਰਦਾ ਹੈ। ਬਹੁਤ ਸਾਲ ਪਹਿਲਾਂ ਪੰਜਾਬੀ ਸ਼ਾਇਰਾ ਕੁਲਦੀਪ ਕਲਪਨਾ ਦਾ ਇਹ ਸ਼ੇਅਰ ਪੜ੍ਹਿਆ ਸੀ ਜਿਹੜਾ ਜੀਵਨ ਦੀ ਸਚਾਈ ਨੂੰ ਬਿਆਨ ਕਰਦਾ ਹੈ, ਖ਼ਸ਼ੀਆਂ ਦੇ ਸੌ ਰੰਗ ਵੇ ਲੋਕਾ, ਦਰਦ ਦਾ ਇਕੋ ਰੰਗ।

## ਉਮੰਗ ਤੇ ਹੌਸਲਾ ਬਖ਼ਸ਼ਦੀ ਹੈ ਖ਼ੁਸ਼ੀ

ਖ਼ੁਸ਼ੀ ਦਾ ਕੋਈ ਵੀ ਪਲ ਹੋਵੇ, ਹਰ ਮਨੁੱਖ ਦੀ ਇਹ ਉਤਸੁਕਤਾ ਹੁੰਦੀ ਹੈ ਕਿ ਉਹ ਇਸ ਖ਼ੁਸ਼ੀ ਨੂੰ ਨੇੜਲੇ ਰਿਸ਼ਤਿਆਂ ਤੇ ਗੂੜ੍ਹੇ ਰੰਗਾਂ ਵਾਲੇ ਦੋਸਤਾਂ ਤੇ ਸਨੇਹੀਆਂ ਨਾਲ ਜਲਦੀ ਤੋਂ ਜਲਦੀ ਸਾਂਝਾ ਕਰੇ ਤਾਂ ਕਿ ਖ਼ੁਸ਼ੀ ਨੂੰ ਚਾਰ ਚੰਨ ਲੱਗ ਜਾਣ। ਖ਼ੁਸ਼ੀ, ਮਨੁੱਖ ਨੂੰ ਜ਼ਿੰਦਗੀ ਜਿਊਣ ਤੇ ਸੰਸਾਰਕ ਮੇਲੇ ਵਿਚ ਵਿਚਰਨ ਲਈ ਤਾਂਘ, ਉਮੰਗ ਤੇ ਹੌਸਲਾ ਬਖ਼ਸ਼ਦੀ ਹੈ। ਮਨੁੱਖ ਦੁਆਰਾ ਸਿਰਜੇ ਸਾਰੇ ਸਿਧਾਂਤ, ਫਿਲਾਸਫੀਆਂ ਤੇ ਜ਼ਿੰਦਗੀ ਦੀ ਦੌੜ ਪਿੱਛੇ ਮੂਲ ਕਾਰਨ ਖ਼ੁਸ਼ੀਆਂ ਦੀ ਪ੍ਰਾਪਤੀ ਹੀ ਹੈ। ਮਨੁੱਖ ਆਪਣੇ ਜੀਵਨ ਦੀ ਬਿਹਤਰੀ ਲਈ ਜਿਹੜੇ ਵੀ ਕਾਰਜ ਕਰਦਾ ਹੈ, ਉਸ ਪਿੱਛੇ ਅਸਲੀ ਉਦੇਸ਼ ਜੀਵਨ ਨੂੰ ਖ਼ੁਸ਼ੀਆਂ ਸੰਗ ਮਾਨਣ ਦੀ ਚਾਹਤ ਹੀ ਹੁੰਦੀ ਹੈ।

## ਖ਼ੁਸ਼ੀ ਦੀ ਮਹਿਕ

ਬੱਚੇ ਦੇ ਜਨਮ ਨਾਲ ਘਰ ਖ਼ੁਸ਼ੀਆਂ ਨਾਲ ਮਹਿਕ ਉੱਠਦਾ ਹੈ। ਸੁੰਨੇ ਵਿਹੜਿਆਂ ਵਿਚ ਬਾਲਾਂ ਦੀਆਂ ਮਾਸੂਮ ਕਿਲਕਾਰੀਆਂ ਨਾਲ ਰੌਣਕਾਂ ਦੇ ਸੂਹੇ ਗੁਲਾਬਾਂ ਦੀ ਮਹਿਕ ਪਸਰ ਜਾਂਦੀ ਹੈ। ਮਾਪਿਆਂ ਲਈ ਬੱਚੇ ਦੀ ਆਮਦ ਸਮਾਜ ਨਾਲ ਹੋਰ ਗਹਿਰੇ ਰੂਪ ਵਿਚ ਜੁੜਨ ਦਾ ਸਬੱਬ ਬਣਦੀ ਹੈ। ਸਾਰਾ ਜਹਾਨ ਹੀ ਆਪਣਾ-ਆਪਣਾ ਲੱਗਣ ਲਗਦਾ ਹੈ। ਜ਼ਿੰਦਗੀ ਵਿਚ ਬੱਚਿਆਂ ਨਾਲ ਅਨੇਕਾਂ ਖ਼ੁਸ਼ੀਆਂ ਜੁੜੀਆਂ ਹੋਈਆਂ ਹਨ। ਬੱਚੇ ਦੇ ਜਨਮ ਦਿਨ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਬੱਚੇ ਨੂੰ ਪਹਿਲੀ ਵਾਰ ਸਕੂਲ ਭੇਜਣ ਦੀ ਖ਼ੁਸ਼ੀ ਮਾਪਿਆਂ ਕੋਲੋਂ ਸਾਂਭੀ ਨਹੀਂ ਜਾਂਦੀ। ਇਸ ਤਰ੍ਹਾਂ ਹੀ ਅੱਗੇ ਜਾ ਕੇ ਪੜ੍ਹਾਈ ਵਿਚ ਸਫਲਤਾ, ਚੰਗੀ ਨੌਕਰੀ ਤੇ ਹੋਰ ਪ੍ਰਾਪਤੀਆਂ ਖ਼ੁਸ਼ੀਆਂ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਜੀਵਨ ਵਿਚ ਪ੍ਰਵਾਨ ਚੜ੍ਹੇ ਬੱਚੇ ਦੇ ਵਿਆਹ ਸ਼ਾਦੀ ਦਾ ਮੌਕਾ ਤਾਂ ਪਰਿਵਾਰ ਲਈ ਅਸੀਮ ਖ਼ੁਸ਼ੀਆਂ ਦੀ ਫੁਹਾਰ ਲੈ ਕੇ ਆਉਂਦਾ ਹੈ। ਅਜਿਹੀ ਖ਼ੁਸ਼ੀ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

## ਹੁਲਾਸ ਭਰਪੂਰ

ਕਿਸੇ ਪ੍ਰੀਖਿਆ ਵਿੱਚੋਂ ਸਫਲ ਹੋਣ ਦੀ ਖ਼ੁਸ਼ੀ ਮਨੁੱਖੀ ਮਨ ਨੂੰ ਹੁਲਾਸ ਨਾਲ ਭਰ ਦਿੰਦੀ ਹੈ। ਜੇਕਰ ਬਹੁਤ ਚੰਗੇ ਨੰਬਰ ਆ ਜਾਣ ਜਾਂ ਕੋਈ ਪੁਜ਼ੀਸ਼ਨ ਆ ਜਾਵੇ ਫਿਰ ਤਾਂ ਖ਼ੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਹੁੰਦਾ। ਕਿਸੇ ਨੂੰ ਨੌਕਰੀ ਮਿਲ ਜਾਣ ਦੀ ਖ਼ੁਸ਼ੀ ਘਰ ਪਰਿਵਾਰ ਦੇ ਜੀਆਂ ਤੋਂ ਸਾਂਭੀ ਨਹੀਂ ਜਾਂਦੀ। ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਜਾਣ ਦੀ ਰੀਝ ਰੱਖਣ ਵਾਲਿਆਂ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਮਨ ਖ਼ੁਸ਼ੀ ਨਾਲ ਨੱਚ ਉੱਠਦਾ ਹੈ। ਜ਼ਿੰਦਗੀ ਵਿਚ ਕਦਮ-ਕਦਮ 'ਤੇ ਖ਼ੁਸ਼ੀਆਂ ਦੇ ਰੰਗ ਬਿਖਰੇ ਪਏ ਹਨ।

ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡ-ਉਤਸਵ ਜਵਾਨੀ ਦੇ ਜੋਸ਼, ਸਮਰਥਾ, ਮਿਹਨਤ ਤੇ ਦ੍ਰਿੜਤਾ ਦੀ ਜਿਊਂਦੀ ਜਾਗਦੀ ਮਿਸਾਲ ਹੁੰਦੇ ਹਨ। ਮੈਡਲ ਜਿੱਤਣ ਵਾਲਿਆਂ ਦੀ ਖ਼ੁਸ਼ੀ ਦੀ ਸੀਮਾ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਜੇਤੂ ਮੰਚ 'ਤੇ ਖੜ੍ਹੇ ਹੋ ਕੇ ਮੈਡਲ ਪ੍ਰਾਪਤ ਕਰਦਿਆਂ ਕੁਝ ਖਿਡਾਰੀ ਏਨੇ ਭਾਵਕ ਹੋ ਜਾਂਦੇ ਹਨ ਕਿ ਖ਼ੁਸ਼ੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਵਹਿ ਤੁਰਦੀ ਹੈ। ਜਿਹੜੇ ਜੇਤੂ ਮੰਚ ਤਕ ਪਹੁੰਚਣ ਤੋਂ ਥੋੜ੍ਹੇ ਜਿਹੇ ਪਛੜ ਜਾਂਦੇ ਹਨ, ਉਨ੍ਹਾਂ ਦੇ ਦਰਦ ਨੂੰ ਵੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਪੜ੍ਹ ਸਕਣਾ ਮੁਸ਼ਕਲ ਨਹੀਂ ਹੁੰਦਾ। ਭਾਵੇਂ ਜਿੱਤ ਹਾਰ ਜ਼ਿੰਦਗੀ ਦਾ ਹਿੱਸਾ ਹੁੰਦੀ ਹੈ ਪਰ ਹਰ ਕੋਈ ਜਿੱਤ ਦੀ ਆਸ ਨਾਲ ਹੀ ਆਪਣੀ ਸਮਰਥਾ ਤੇ ਪੂਰੀ ਸ਼ਕਤੀ ਦਾਅ 'ਤੇ ਲਗਾ ਦਿੰਦਾ ਹੈ।

## ਮੁਸ਼ੱਕਤ ਦੀ ਖ਼ੁਸ਼ੀ

ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਦੀ ਜਦੋਂ ਫ਼ਸਲ ਤਿਆਰ ਹੁੰਦੀ ਹੈ ਤਾਂ ਉਸ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ। ਜੇ ਕਿਸਾਨ ਦੀ ਫ਼ਸਲ ਬਿਮਾਰੀਆਂ ਤੇ ਕੀੜਿਆਂ ਮਕੌੜਿਆਂ ਤੋਂ ਬਚ ਜਾਵੇ ਤੇ ਮੰਡੀ ਵਿਚ ਸਹੀ ਸਲਾਮਤ ਵਿਕ ਜਾਵੇ ਤਾਂ ਉਸ ਨੂੰ ਅੰਤਰੀਵ ਖ਼ੁਸ਼ੀ ਮਹਿਸੂਸ ਹੁੰਦੀ ਹੈ ਤੇ ਅੰਤਾਂ ਦੀ ਕੀਤੀ ਮੁਸ਼ੱਕਤ ਵੀ ਭੁੱਲ ਜਾਂਦੀ ਹੈ। ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਦੀ ਮਿਹਨਤ ਨਾਲ ਪਾਲੀ ਫ਼ਸਲ ਜੇ ਸਹੀ ਸਲਾਮਤ ਨੇਪਰੇ ਚੜ੍ਹ ਜਾਵੇ ਤੇ ਮੰਡੀ ਵਿਚ ਬਿਨਾਂ ਕਿਸੇ ਖੱਜਲ-ਖੁਆਰੀ ਦੇ ਵਿਕ ਜਾਵੇ ਤਾਂ ਉਹ ਖ਼ੁਸ਼ੀ ਵਿਚ ਫੁੱਲਿਆ ਨਹੀਂ ਸਮਾਉਂਦਾ। ਪਰ ਜੇ ਨਕਲੀ ਬੀਜਾਂ, ਨਕਲੀ ਖਾਦਾਂ, ਨਕਲੀ ਕੀੜੇਮਾਰ ਦਵਾਈਆਂ ਤੇ ਕੁਦਰਤੀ ਕਰੋਪੀ ਦੀ ਮਾਰ ਪੈ ਜਾਵੇ ਤਾਂ ਧਰਤੀ ਪੁੱਤਰ ਦੇ ਦਰਦ ਦੀ ਇੰਤਹਾ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਸ਼ਾਇਦ ਹੀ ਦੁਨੀਆ ਦਾ ਕੋਈ ਸ਼ਖ਼ਸ ਹੋਵੇ ਜਿਹੜਾ ਘਾਟੇ ਦਾ ਵਣਜ ਕਰਦਾ ਹੋਵੇ ਪਰ ਧਨ ਜਿਗਰਾ ਕਿਸਾਨ ਦਾ ਜਿਹੜਾ ਲਗਾਤਾਰ ਘਾਟੇ ਸਹਿ ਕੇ ਵੀ ਅਗਲੀ ਫ਼ਸਲ ਬੀਜਣ ਤੁਰ ਪੈਂਦਾ ਹੈ। ਲਹਿਲਹਾਉਂਦੀ ਫ਼ਸਲ ਦੇਖ ਕੇ ਜੱਟ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ।

### ਖ਼ੁਸ਼ੀ ਦੀ ਸਾਂਝ

ਕਈ ਮਨੁੱਖ ਖ਼ੁਸ਼ੀ ਦੀ ਖ਼ਬਰ ਸੁਣਕੇ ਏਨੇ ਭਾਵਕ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਅੰਗ-ਅੰਗ ਵਿੱਚੋਂ ਖ਼ੁਸ਼ੀ ਝਲਕਦੀ ਦੇਖੀ ਜਾ ਸਕਦੀ ਹੈ। ਅਚਾਨਕ ਮਿਲੀ ਕੋਈ ਅਲੋਕਾਰ ਖ਼ੁਸ਼ੀ ਵੀ ਕਈ ਵਾਰ ਕਈਆਂ ਨੂੰ ਪਚਾਉਣੀ ਔਖੀ ਹੋ ਜਾਂਦੀ ਹੈ। ਸ਼ਾਇਦ ਇਸੇ ਕਾਰਨ ਹੀ ਕਈ ਵਾਰ ਕਿਹਾ ਜਾਂਦਾ ਹੈ ਕਿ ਫਲਾਣਾ ਬੰਦਾ ਤਾਂ ਖ਼ੁਸ਼ੀ ਵਿਚ ਪਾਗਲ ਹੋ ਉਠਿਆ। ਕੋਈ ਵਿਅਕਤੀ ਖ਼ੁਸ਼ੀ ਦੀ ਖ਼ਬਰ ਨੂੰ ਬਹੁਤ ਹੀ ਸਹਿਜ ਰੂਪ ਵਿਚ ਲੈਂਦਾ ਹੈ ਤੇ ਇਨ੍ਹਾਂ ਪਲਾਂ ਨੂੰ ਮਨ ਦੇ ਅੰਦਰ ਹੀ ਮਾਣਦਾ ਹੈ। ਪਰ ਕਈ ਲੋਕ ਖ਼ੁਸ਼ੀ ਦਾ ਪ੍ਰਗਟਾਵਾ ਬਹੁਤ ਹੀ ਧੂਮ-ਧੜੱਕੇ ਨਾਲ ਕਰਦੇ ਹਨ ਤੇ ਅਕਸਰ ਹੀ ਆਪੇ ਤੋਂ ਬਾਹਰ ਹੋ ਜਾਂਦੇ ਹਨ। ਜੇ ਗ਼ਮ ਜਾਂ ਦਰਦ ਸਾਂਝਾ ਕੀਤਿਆਂ ਘਟਦਾ ਹੈ ਤਾਂ ਖ਼ੁਸ਼ੀ ਆਪਣੇ ਪਿਆਰਿਆਂ ਨਾਲ ਸਾਂਝੀ ਕੀਤਿਆਂ ਦੂਣ-ਸਵਾਈ ਹੋ ਜਾਂਦੀ ਹੈ।





## ਹੰਝੂਆਂ ਦੀ ਭਾਸ਼ਾ 'ਚ ਖ਼ੁਸ਼ੀਆਂ ਦੇ ਰੰਗ

ਹਵਾਈ ਅੱਡੇ 'ਤੇ ਜਾਉ ਤਾਂ ਰੋਟੀ-ਰੋਜ਼ੀ ਦੀ ਖ਼ਾਤਰ ਵਿਦੇਸ਼ਾਂ ਵਿਚ ਗਏ ਪੰਜਾਬੀ ਜਦੋਂ ਕਦੇ ਦੇਸ਼ ਪਰਤਦੇ ਹਨ ਤਾਂ ਆਪਣੀ ਧਰਤੀ 'ਤੇ ਆ ਕੇ ਤੇ ਆਪਣਿਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਆਪ-ਮੁਹਾਰੇ ਹੀ ਖ਼ੁਸ਼ੀ ਦੇ ਹੰਝੂ ਉਮੱਡ ਆਉਂਦੇ ਹਨ। ਪਰਦੇਸੀਂ ਜਾਣ ਵਾਲਿਆਂ ਦੀਆਂ ਅੱਖਾਂ ਵੀ ਖ਼ੁਸ਼ੀ ਵਿਚ ਨਮ ਹੋ ਜਾਂਦੀਆਂ ਹਨ। ਇਸ ਖ਼ੁਸ਼ੀ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਇਸ ਨੂੰ ਭੋਗਦਾ ਹੈ ਉਸ ਨੂੰ ਹੀ ਇਹ ਅਨੁਭਵ ਹੁੰਦਾ ਹੈ। ਪਤੀ ਦੀ ਯਾਦ ਵਿਚ ਤੜਪਦੀ ਨਵ-ਵਿਆਹੁਤਾ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਉਸ ਦੀਆਂ ਅੱਖਾਂ ਵਿਚ ਜਿਹੜੀ ਖ਼ੁਸ਼ੀ ਲਿਸ਼ਕਾਂ ਮਾਰਦੀ ਹੈ ਉਸ ਨੂੰ ਸ਼ਬਦਾਂ 'ਚ ਦੱਸਣਾ ਬਹੁਤ ਔਖਾ ਹੈ। ਕਵੀ, ਲੇਖਕ, ਚਿੱਤਰਕਾਰ, ਬੁੱਤਘਾੜਾ ਆਦਿ ਕਲਾਕਾਰ ਜਦੋਂ ਕਿਸੇ ਰਚਨਾ ਦੀ ਸਿਰਜਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਜਿਹੜੀ ਤ੍ਰਿਪਤੀ ਹੁੰਦੀ ਹੈ, ਉਹ ਵੱਡੀ ਤੋਂ ਵੱਡੀ ਖ਼ੁਸ਼ੀ ਤੋਂ ਵੀ ਕਿਤੇ ਵੱਡੀ ਹੁੰਦੀ ਹੈ। ਇਸ ਅੰਤਰੀਵ ਖ਼ੁਸ਼ੀ ਦੀ ਥਾਹ ਪਾ ਸਕਣਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ।

## ਨਾ ਗਵਾਓ ਖ਼ੁਸ਼ੀ ਦੇ ਪਲ

ਅਸਲ ਵਿਚ ਖ਼ੁਸ਼ੀ ਮਨ ਦੀ ਸਥਿਤੀ ਦਾ ਨਾਂਅ ਹੈ। ਨਵੇਂ ਕੱਪੜੇ ਪਹਿਨ ਕੇ ਹਰ ਇਕ ਨੂੰ ਖ਼ੁਸ਼ੀ ਹੁੰਦੀ ਹੈ ਪਰ ਕਹਿੰਦੇ ਨੇ ਨਵਾਂ ਸੂਟ ਪਹਿਨ ਕੇ ਜਿਹੜੀ ਖ਼ੁਸ਼ੀ ਔਰਤ ਦੇ ਮਨ ਵਿਚ ਪੈਦਾ ਹੁੰਦੀ ਹੈ ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਬੱਚੇ ਨੂੰ ਖਿਡੌਣਾ ਲੈ ਕੇ ਜਿਹੜੀ ਖ਼ੁਸ਼ੀ ਮਿਲਦੀ ਹੈ ਉਸ ਦੀ ਥਾਹ ਕੌਣ ਪਾ ਸਕਦਾ ਹੈ? ਇਹ ਗੱਲ ਹਰ ਵਿਅਕਤੀ ਦੇ ਜ਼ਿੰਦਗੀ ਪ੍ਰਤੀ ਵਤੀਰੇ ਉੱਤੇ ਨਿਰਭਰ ਕਰਦੀ ਹੈ ਕਿ ਉਹ ਜੀਵਨ ਦੀ ਕਿਸੇ ਘਟਨਾ ਨੂੰ ਕਿਹੜੇ ਅਰਥਾਂ ਵਿਚ ਲੈਂਦਾ ਹੈ। ਆਸ਼ਾਵਾਦੀ ਸੋਚ ਵਾਲੇ ਲੋਕ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਵੀ ਖ਼ੁਸ਼ੀ ਦੇ ਅਰਥ ਤਲਾਸ਼ ਲੈਂਦੇ ਹਨ। ਅਜੋਕੇ ਤਲਖ਼ੀਆਂ ਭਰਪੂਰ ਸਮਿਆਂ ਵਿਚ ਖ਼ੁਸ਼ੀ ਦੇ ਮੌਕੇ ਸੀਮਤ ਹੁੰਦੇ ਜਾ ਰਹੇ ਹਨ। ਅਖ਼ਬਾਰਾਂ ਉਦਾਸ ਤੇ ਦਰਦਮਈ ਖ਼ਬਰਾਂ ਨਾਲ ਭਰੀਆਂ ਨਜ਼ਰ ਆਉਂਦੀਆਂ ਹਨ। ਜ਼ਿੰਦਗੀ ਬਹੁਤ ਕੀਮਤੀ ਹੈ ਖ਼ੁਸ਼ੀ ਦੇ ਪਲਾਂ ਨੂੰ ਹੱਥੋਂ ਗੁਆਉਣਾ ਨਹੀਂ ਚਾਹੀਦਾ। ਸਿਆਣੇ ਕਹਿੰਦੇ ਨੇ ਖ਼ੁਸ਼ੀ ਤੇ ਆਜ਼ਾਦੀ ਦਾ ਅਸਲੀ ਅਨੁਭਵ ਦੂਜਿਆਂ ਨੂੰ ਇਹ ਦੇ ਕੇ ਹੀ ਅਸਲੀ ਅਰਥਾਂ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਜੇ ਖ਼ੁਸ਼ੀ ਮਾਣਨੀ ਚਾਹੁੰਦੇ ਹੋ ਤਾਂ ਖ਼ੁਸ਼ੀਆਂ ਵੰਡਣ ਦੇ ਰਾਹ ਤੁਰੀਏ। ਦੂਜਿਆਂ ਨੂੰ ਖ਼ੁਸ਼ੀਆਂ ਵੰਡ ਕੇ ਹੀ ਅਸਲੀ ਖ਼ੁਸ਼ੀ ਹਾਸਲ ਕੀਤੀ ਜਾ ਸਕਦੀ ਹੈ। •

# ਆਪਣੇ ਵਰਗਾ ਲੱਭੋਗੇ ਤਾਂ ਇਕੱਲੇ ਰਹਿ ਜਾਓਗੇ

• ਕੈਲਾਸ਼ ਚੰਦਰ ਸ਼ਰਮਾ
8054016816



ਹਰ ਵਿਅਕਤੀ ਆਪਣੇ ਵਿਚਾਰਾਂ ਨਾਲ ਸਿਰਜਿਆ ਹੋਇਆ ਪ੍ਰਾਣੀ ਹੈ। ਕੁਦਰਤ ਨੇ ਹਰ ਵਿਅਕਤੀ ਨੂੰ ਸੋਚ ਦਿੱਤੀ ਹੈ ਅਤੇ ਇਸ ਨੂੰ ਸਕਾਰਾਤਮਕ ਰੱਖਣ ਲਈ ਖ਼ੂਬਸੂਰਤ ਦਿਮਾਗ਼ ਵੀ। ਫ਼ਰਕ ਸੋਚਣ ਵਿਚ ਹੈ। ਕਈ ਲੋਕ ਆਪਣੀ ਸੋਚ ਦੇ ਨਾਲ ਵਿਚਰਦੇ ਹੋਏ ਸਮਾਜ ਵਿਚ ਆਪਣਾ ਸਥਾਨ ਬਣਾ ਲੈਂਦੇ ਹਨ ਤੇ ਕਈ ਨਦੀ ਦੇ ਵਹਾਅ ਦੀ ਤਰ੍ਹਾਂ ਵਗਦੇ ਮਨੁੱਖੀ ਜੀਵਨ ਵਿਚ ਦਾਨਵਾਂ ਵਾਂਗ ਵਿਚਰਦੇ ਹੋਏ ਅਨੇਕਾਂ ਔਕੜਾਂ ਪਾ ਕੇ ਆਪਣੀ ਪ੍ਰਤਿਭਾ ਗੁਆ ਬੈਠਦੇ ਹਨ। ਕੁਦਰਤ ਨੇ ਸਭ ਨੂੰ ਹੀਰਾ ਬਣਾਇਆ ਹੈ ਪਰ ਮਨੁੱਖ ਉਹੀ ਹੈ ਜਿਸ ਵਿਚ ਮਨੁੱਖਤਾ ਹੈ। ਜਿਸ ਵਿਚ ਮਨੁੱਖਤਾ ਨਹੀਂ ਹੈ, ਸਿਰਫ ਆਪਣੇ ਹਿੱਤ ਜਾਂ ਸਵਾਰਥ ਤਕ ਹੀ ਸੀਮਿਤ ਰਹਿੰਦਾ ਹੈ। ਉਸ ਦਾ ਵਿਕਾਸ ਸਹੀ ਦਿਸ਼ਾ ਵਿਚ ਨਹੀਂ ਹੁੰਦਾ ਤੇ ਆਖ਼ਰ ਹੌਲੀ-ਹੌਲੀ ਉਸ ਦੀ ਹੋਂਦ ਮਿਟਣ 'ਤੇ ਆ ਜਾਂਦੀ ਹੈ।

ਜ਼ਿੰਦਗੀ ਵਿਚ ਵਿਚਰਦਿਆਂ ਸਾਨੂੰ ਹਰ ਤਰ੍ਹਾਂ ਦੇ ਲੋਕਾਂ ਅਤੇ ਹਰ ਤਰ੍ਹਾਂ ਦੀਆਂ ਸਥਿਤੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸਮਾਜ ਵਿਚ ਕਈ ਵਾਰ ਅਜਿਹੇ ਲੋਕ ਮਿਲ ਜਾਂਦੇ ਹਨ ਜੋ ਤੁਹਾਡੇ ਸਾਹਮਣੇ ਤੁਹਾਡਾ ਗੁਣਗਾਨ ਅਤੇ ਪਿੱਠ ਪਿੱਛੇ ਬਦਖੋਈਆਂ ਕਰਦੇ ਹਨ। ਮਤਲਬ ਨਿਕਲ ਜਾਣ ਜਾਂ ਰੁਤਬਾ ਖੁੱਸ ਜਾਣ 'ਤੇ ਤੁਹਾਨੂੰ ਛੱਡ ਹੀ ਜਾਂਦੇ ਹਨ ਜਾਂ ਉਨ੍ਹਾਂ ਦਾ ਤੁਹਾਡੇ ਨਾਲ ਗੱਲਬਾਤ ਦਾ ਤਰੀਕਾ ਹੀ ਬਦਲ ਜਾਂਦਾ ਹੈ।

ਕੱਲ੍ਹ ਤਕ ਤੁਹਾਡੇ ਤਲਵੇ ਚੱਟਣ ਵਾਲੇ ਅਜਿਹੇ ਲੋਕ, ਅਜਿਹਾ ਵਾਰ ਕਰਦੇ ਹਨ ਕਿ ਤੁਹਾਡੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਜਾਂਦੀ ਹੈ। ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਦਰੱਖ਼ਤਾਂ ਵਾਂਗ ਧੁੱਪ, ਝੱਖੜ, ਮੀਂਹ ਸਹਿ ਕੇ ਛਾਂ ਦਿੱਤੀ ਹੋਵੇ, ਉਨ੍ਹਾਂ ਦੇ ਤਪਦੇ ਰਾਹਾਂ 'ਤੇ ਪੱਤਿਆਂ ਵਾਂਗ ਵਿਛੇ ਹੋਈਏ ਤਾਂ ਕਿ ਉਨ੍ਹਾਂ ਨੂੰ ਤਪਸ਼ ਦਾ ਅਹਿਸਾਸ ਨਾ ਹੋਵੇ, ਆਪਣਾ ਨੁਕਸਾਨ ਕਰ ਕੇ ਵੀ ਉਨ੍ਹਾਂ ਦੀ ਭਲਾਈ ਕੀਤੀ ਹੋਵੇ। ਜਦੋਂ ਅਜਿਹੇ ਲੋਕ ਬਹੁਤ ਹੀ ਘਟੀਆ ਸ਼ਬਦਾਂ ਨਾਲ ਤੁਹਾਨੂੰ ਪੁਕਾਰਦੇ ਹਨ ਜਾਂ ਨਜ਼ਰਅੰਦਾਜ਼ ਕਰਦੇ ਹਨ ਤਾਂ ਬਹੁਤ ਬੁਰਾ ਲੱਗਦਾ ਹੈ, ਦਿਮਾਗ਼ 'ਤੇ ਤਣਾਅ ਹੋਂਦ ਪ੍ਰਗਟਾਉਣ ਲੱਗਦਾ ਹੈ। ਕਦੇ ਵੀ ਉਨ੍ਹਾਂ ਦੇ ਇਸ ਤਰ੍ਹਾਂ ਦੇ ਵਰਤਾਰੇ ਕਾਰਨ ਉਦਾਸ ਜਾਂ ਨਿਰਾਸ਼ ਨਾ ਹੋਵੋ ਬਲਕਿ ਇਹ ਸੋਚ ਲਓ ਕਿ ਉਨ੍ਹਾਂ ਦੀ ਇੰਨੀ ਹੈਸੀਅਤ ਹੀ ਨਹੀਂ ਕਿ ਉਹ ਤੁਹਾਡੇ ਕੀਤੇ ਦੀ ਕਦਰ ਪਾ ਸਕਣ।

ਕਈ ਵਾਰ ਇਸ ਤਰ੍ਹਾਂ ਦੇ ਕੀਤੇ ਵਰਤਾਰੇ 'ਤੇ ਗੁੱਸਾ ਵੀ ਆਉਂਦਾ ਹੈ ਪਰ ਗੁੱਸਾ ਕਰ ਕੇ ਇਕ ਹੋਰ ਗ਼ਲਤੀ ਵਧਾਉਣ ਨਾਲੋਂ ਚੰਗਾ ਹੈ ਕਿ ਆਪਣੀਆਂ ਗ਼ਲਤੀਆਂ ਤੋਂ ਸਬਕ ਲਿਆ ਜਾਵੇ ਕਿਉਂਕਿ ਗੁੱਸਾ ਕਰਨ ਨਾਲ ਆਪਣਾ ਹੀ ਮਨ ਹੋਰ ਦੁਖੀ ਹੋਵੇਗਾ ਜਿਸ ਨਾਲ ਜਿੱਥੇ ਉਨ੍ਹਾਂ ਨਾਲ ਹੋਰ ਸਬੰਧ ਬੁਰਾ ਮਾਰਗ ਫੜਨਗੇ ਉੱਥੇ ਮਨ ਦੀ ਸ਼ਾਂਤੀ ਵੀ ਖ਼ਰਾਬ ਹੋਵੇਗੀ। ਅਜਿਹੇ ਲੋਕਾਂ ਨੂੰ ਕੁਝ ਕਹਿਣ ਅਤੇ ਛੱਡਣ ਦੀ ਬਜਾਏ ਜੋ ਲੋਕ ਤੁਹਾਡੇ ਨਾਲ ਝੂਠ ਬੋਲਦੇ ਹਨ, ਤੁਹਾਨੂੰ ਇੱਜ਼ਤ ਨਹੀਂ ਦਿੰਦੇ, ਕੇਵਲ ਆਪਣੇ ਕੰਮਾਂ ਲਈ ਵਰਤਦੇ ਹਨ ਅਤੇ ਸਦਾ ਥੱਲੇ ਸੁੱਟਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਤੋਂ ਸਦਾ ਸੁਚੇਤ ਰਹੋ ਤੇ ਕਦੇ ਵੀ ਉਨ੍ਹਾਂ 'ਤੇ ਦੁਬਾਰਾ ਵਿਸ਼ਵਾਸ ਨਾ ਕਰੋ ਕਿਉਂਕਿ ਉਨ੍ਹਾਂ ਕੋਲ ਨਾਰਾਜ਼ਗੀ ਪ੍ਰਗਟਾਉਣ ਜਾਂ ਉਨ੍ਹਾਂ ਨਾਲ ਗੁੱਸੇ ਵਿਚ ਗੱਲ ਕਰਨ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

**ਵਿਅਕਤੀ ਬੇਸ਼ੱਕ ਹੀਰਾ ਹੋਵੇ ਪਰ ਸਾਹਮਣੇ ਵਾਲਾ ਉਸ ਦੀ ਕੀਮਤ ਆਪਣੀ ਔਕਾਤ, ਜਾਣਕਾਰੀ ਅਤੇ ਹੈਸੀਅਤ ਅਨੁਸਾਰ ਪਾਵੇਗਾ। ਇਸ ਲਈ ਘਬਰਾਓ ਨਾ ਅਤੇ ਨਾ ਹੀ ਲੋਕਾਂ ਦੀ ਆਲੋਚਨਾ ਤੇ ਵਰਤਾਰੇ ਤੋਂ ਦੁਖੀ ਹੋਵੋ। ਤੁਹਾਨੂੰ ਪਛਾਨਣ ਵਾਲੇ ਵੀ ਬਹੁਤ ਹਨ...**

ਕਿਸੇ ਦੀਆਂ ਗ਼ਲਤੀਆਂ 'ਤੇ ਉਸ ਨੂੰ ਮਾਫ਼ ਕਰਨਾ ਚੰਗੀ ਗੱਲ ਹੈ ਕਿਉਂਕਿ ਜੋ ਤੁਸੀਂ ਕੀਤਾ ਉਹ ਤੁਹਾਡੀ ਸੋਚ ਅਤੇ ਸੰਸਕਾਰ ਸਨ ਪਰ ਜੋ ਉਨ੍ਹਾਂ ਨੇ ਕੀਤਾ ਉਹ ਉਨ੍ਹਾਂ ਦੇ ਸੰਸਕਾਰ ਸਨ। ਅਜਿਹੇ ਲੋਕ ਸਮਾਜ ਦੀ ਸਭ ਤੋਂ ਹੇਠਲੀ ਸ਼੍ਰੇਣੀ ਵਾਲੇ ਲੋਕ ਹੁੰਦੇ ਹਨ। ਇਨ੍ਹਾਂ ਨੂੰ ਦੂਜਿਆਂ 'ਚ ਬੁਰਾਈਆਂ ਕੱਢਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੁੰਦਾ। ਇਹ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਕੇ ਦੂਸਰਿਆਂ ਨਾਲ ਦਗ਼ਾ ਕਰਦੇ ਹੋਏ ਪਰੇਸ਼ਾਨ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ। ਨਾ ਤਾਂ ਇਹ ਖ਼ੁਦ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਦੇ ਹਨ ਅਤੇ ਨਾ ਹੀ ਦੂਜਿਆਂ ਨੂੰ ਮਾਣਨ ਦਿੰਦੇ ਹਨ। ਬਹੁਤ ਹੀ ਘਟੀਆ ਬੋਲਾਂ ਨਾਲ ਤੁਹਾਨੂੰ ਪੁਕਾਰਦੇ ਹਨ ਅਜਿਹੇ ਲੋਕ ਜਿਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਤੁਸੀਂ ਆਪਣੀ ਪੂਰੀ ਜ਼ਿੰਦਗੀ ਖ਼ਰਚ ਕਰ ਦਿੱਤੀ।

ਗ਼ਰਜ਼ ਪੂਰੀ ਹੋਣ ਤੋਂ ਬਾਅਦ ਅੱਖ ਨਾ ਮਿਲਾਉਣਾ ਘਟੀਆਪਨ ਹੈ, ਪਾਪ ਹੈ, ਅਪਰਾਧ ਹੈ। ਅੱਖ ਬਚਾ ਕੇ ਲੰਘਣਾ, ਮੂੰਹ ਫੇਰ ਲੈਣਾ, ਅਕ੍ਰਿਤਘਣਤਾ ਦਾ ਸੂਚਕ ਹੈ। ਜਿਹੜੇ ਲੋਕ ਆਪਣਾ ਉੱਲੂ ਸਿੱਧ ਕਰਨ ਲਈ ਦੂਜਿਆਂ ਅੱਗੇ ਤਰਲੇ ਕੱਢਦੇ ਹਨ ਅਤੇ ਕੰਮ ਨਿਕਲਣ ਤੋਂ ਬਾਅਦ, 'ਤੂੰ ਕੌਣ ਤੇ ਮੈਂ ਕੌਣ' ਦੀ ਨੀਤੀ ਅਪਣਾਉਂਦੇ ਹਨ, ਉਹ ਯਕੀਨਨ ਬੁਰੇ ਕਿਰਦਾਰ ਵਾਲੇ ਤੇ ਬਦਕਿਸਮਤ ਹੁੰਦੇ ਹਨ। ਅਜਿਹੇ ਲੋਕਾਂ ਨਾਲ ਕਦੇ ਵੀ ਨਿਰਾਸ਼ ਨਾ ਹੋਵੋ, ਕੋਈ ਵੀ ਗੱਲ ਦਿਲ 'ਤੇ ਨਾ ਲਗਾਓ ਅਤੇ ਆਪਣੀ ਸੋਚ ਨੂੰ ਕਦੇ ਵੀ ਉਨ੍ਹਾਂ ਦੇ ਪੱਧਰ ਤਕ ਨਾ ਲੈ ਕੇ ਜਾਓ ਕਿਉਂਕਿ ਕਮਲ ਹਮੇਸ਼ਾ ਚਿੱਕੜ ਤੋਂ ਉੱਪਰ ਹੀ ਰਹਿੰਦਾ ਹੈ। ਹਰ ਗੱਲ ਦਿਲ 'ਤੇ ਲਾਓਗੇ ਤਾਂ ਰੋਂਦੇ ਰਹਿ ਜਾਓਗੇ ਤੇ ਅੰਤ ਵਿਚ ਇਕੱਲੇ। ਇਕਲਾਪੇ ਦੀ ਚੁੱਪ ਹੋਰ ਵੀ ਖ਼ਤਰਨਾਕ ਹੁੰਦੀ ਹੈ। ਤੁਸੀਂ ਚਾਹ ਕੇ ਵੀ ਆਪਣੇ ਪ੍ਰਤੀ ਲੋਕਾਂ ਦੀ ਧਾਰਨਾ ਨਹੀਂ ਬਦਲ ਸਕਦੇ। ਇਸ ਲਈ ਸਕੂਨ ਦੀ ਜ਼ਿੰਦਗੀ ਬਤੀਤ ਕਰੋ। ਅਰਸਤੂ ਕਹਿੰਦੇ ਹਨ ਕਿ :

'ਜੇਕਰ ਤੁਸੀਂ ਚਾਹੁੰਦੇ ਹੋ ਕਿ ਸਭ ਕੁਝ ਉਸੇ ਤਰ੍ਹਾਂ ਹੋਵੇ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਤਾਂ ਇਹ ਕਦੇ ਵੀ ਸੰਭਵ ਨਹੀਂ ਹੋਵੇਗਾ। ਇਸ ਲਈ ਆਪਣੀ ਸੋਚ ਬਦਲ ਲਓ। ਅਸੀਂ ਹੋਰਾਂ ਨੂੰ ਆਪਣੇ ਜਿਹਾ ਨਹੀਂ ਬਣਾ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਬਣਨ ਲਈ ਪਾਬੰਦ ਕਰ ਸਕਦੇ ਹਾਂ ਪਰ ਖ਼ੁਦ ਨੂੰ ਤਾਂ ਹਾਲਾਤ ਅਨੁਸਾਰ ਬਦਲ ਸਕਦੇ ਹਾਂ।'

ਇਸ ਲਈ ਹਮੇਸ਼ਾ ਵਗਦੇ ਪਾਣੀ ਵਾਂਗ ਭਲਾਈ ਕਰਦੇ ਰਹੋ। ਚੰਗੇ ਕਰਮ ਕਰੋ ਅਤੇ ਚੰਗੀ ਸੋਚ ਰੱਖੋ। ਦਿਆਲੂ ਬਣੋ ਪਰ ਅਜਿਹੇ ਲੋਕਾਂ ਨੂੰ ਅਪਸ਼ਬਦ ਨਾ ਬੋਲੋ। ਸਿਆਣੇ ਕਹਿੰਦੇ ਹਨ ਕਿ ਜਦੋਂ ਜਲ ਗੰਦਾ ਹੁੰਦਾ ਹੈ ਤਾਂ ਉਸ ਨੂੰ ਹਿਲਾਉਂਦੇ ਨਹੀਂ ਬਲਕਿ ਸ਼ਾਂਤ ਰਹਿਣ ਦਿੰਦੇ ਹਨ। ਇਸ ਨਾਲ ਗੰਦਗੀ ਆਪਣੇ-ਆਪ ਹੇਠਾਂ ਬੈਠ ਜਾਵੇਗੀ। ਇਸ ਲਈ ਸ਼ਾਂਤ ਰਹਿ ਕੇ ਵਿਚਾਰ ਕਰੋ, ਹੱਲ ਜ਼ਰੂਰ ਨਿਕਲ ਆਉਂਦਾ ਹੈ। ਨਫ਼ਰਤ ਨੂੰ ਨਫ਼ਰਤ ਨਾਲ ਕਦੇ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ। ਮਨੁੱਖ ਉਹੀ ਹੈ ਜਿਸ ਵਿਚ ਮਨੁੱਖਤਾ ਹੈ, ਜਿਸ ਵਿਚ ਮਨੁੱਖਤਾ ਨਹੀਂ ਉਹ ਮਨੁੱਖ ਦੇ ਭੇਸ ਵਿਚ ਦਾਨਵ ਹੈ। ਜੋ ਵਿਅਕਤੀ ਆਪਣੇ ਪ੍ਰਤੀ ਇਮਾਨਦਾਰ ਰਹਿੰਦਾ ਹੈ ਅਤੇ ਮਾਨਵਤਾ ਦੀਆਂ ਕਦਰਾਂ-ਕੀਮਤਾਂ ਨੂੰ ਜੀਵਨ ਵਿਚ ਤਿਲਾਂਜਲੀ ਨਹੀਂ ਦਿੰਦਾ ਉਹੀ ਸੱਚਾ ਜੀਵਨ ਬਿਤਾਉਂਦਾ ਹੈ। ਇਸ ਲਈ ਆਪਣੀ ਆਲੋਚਨਾ ਅਤੇ ਧੋਖਾ ਕਰਨ ਵਾਲਿਆਂ ਦੀ ਕਦੇ ਵੀ ਪਰਵਾਹ ਨਾ ਕਰੋ। ਮਹਾਤਮਾ ਬੁੱਧ ਜੀ ਦੇ ਕਥਨ ਅਨੁਸਾਰ :

'ਵਿਅਕਤੀ ਬੇਸ਼ੱਕ ਹੀਰਾ ਹੋਵੇ ਪਰ ਸਾਹਮਣੇ ਵਾਲਾ ਉਸ ਦੀ ਕੀਮਤ ਆਪਣੀ ਔਕਾਤ, ਆਪਣੀ ਜਾਣਕਾਰੀ, ਆਪਣੀ ਹੈਸੀਅਤ ਨਾਲ ਲਾਵੇਗਾ। ਇਸ ਲਈ ਘਬਰਾਓ ਨਾ ਅਤੇ ਨਾ ਹੀ ਲੋਕਾਂ ਦੀ ਆਲੋਚਨਾ ਤੇ ਵਰਤਾਰੇ ਤੋਂ ਦੁਖੀ ਹੋਵੋ। ਦੁਨੀਆ ਵਿਚ ਪਛਾਨਣ ਵਾਲੇ ਵੀ ਬਹੁਤ ਹਨ।"

ਇਨਸਾਨ ਕੇਵਲ ਦੌਲਤ ਨਾਲ ਅਮੀਰ ਨਹੀਂ ਹੁੰਦਾ, ਅਸਲੀ ਅਮੀਰ ਉਹ ਹੁੰਦਾ ਹੈ ਜਿਸ ਕੋਲ ਚੰਗੀ ਸੋਚ, ਸਬਰ-ਸੰਤੋਖ ਤੇ ਚੰਗੀ ਸੰਗਤ ਹੈ। •



**ਮਨੁੱਖ ਦੇ ਮਨ ਦੀ ਸ਼ਾਂਤੀ, ਅਮਨ ਅਤੇ ਚੈਨ ਦਾ ਘੱਟ ਜਾਣਾ ਅਤੇ ਚਿੰਤਾ ਤੇ ਗੁੱਸੇ ਦਾ ਵੱਧ ਜਾਣਾ ਸਾਡੀ ਅੰਨ੍ਹੀ ਦੌੜ ਦਾ ਸਿੱਟਾ ਹੈ। ਇਸ ਨਾਲ ਮਨੁੱਖ ਹੌਲੀ-ਹੌਲੀ ਡਿਪਰੈਸ਼ਨ ਦੇ ਘੇਰੇ ਵਿਚ ਆ ਜਾਂਦਾ ਹੈ ਅਤੇ ਕਈ ਵਾਰ ਆਤਮ ਹੱਤਿਆ ਤਕ ਪਹੁੰਚ ਜਾਂਦਾ ਹੈ...**

# ਸ਼ਾਂਤ ਰਹਿਣ ਲਈ ਖ਼ੁਦ ਨੂੰ ਜਾਣੋ

• ਕਿਰਨਪ੍ਰੀਤ ਕੌਰ
+4368864013133



ਅੱਜ ਹਰ ਚੌਥੇ ਮਨੁੱਖ 'ਚੋਂ ਇਕ ਬੰਦਾ ਮਾਨਸਿਕ ਸਮੱਸਿਆਵਾਂ ਨਾਲ ਪੀੜਤ ਹੈ। ਦੁਨੀਆ ਦੇ ਲਗਪਗ ਚਾਰ ਸੌ ਪੰਜਾਹ ਮਿਲੀਅਨ ਲੋਕ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਦੇ ਪਿੱਛੇ ਦੇ ਕਾਰਨ ਤਾਂ ਬਹੁਤ ਹਨ। ਪਰ ਸਭ ਤੋਂ ਮੁੱਢਲਾ ਕਾਰਨ ਹੈ ਸਾਡੇ ਅੰਦਰ ਦੀ ਸ਼ਾਂਤੀ, ਅਮਨ ਅਤੇ ਚੈਨ ਦਾ ਘੱਟ ਜਾਣਾ ਅਤੇ ਚਿੰਤਾ ਤੇ ਗੁੱਸੇ ਦਾ ਵੱਧ ਜਾਣਾ। ਇਸ ਨਾਲ ਮਨੁੱਖ ਹੌਲੀ-ਹੌਲੀ ਡਿਪਰੈਸ਼ਨ ਦੇ ਘੇਰੇ ਵਿਚ ਆ ਜਾਂਦਾ ਹੈ ਅਤੇ ਕਈ ਤਾਂ ਆਤਮ ਹੱਤਿਆ ਤਕ ਵੀ ਪਹੁੰਚ ਜਾਂਦੇ ਹਨ। ਇਸ ਲਈ ਅੱਜ ਅਸੀਂ ਗੱਲ ਕਰਾਂਗੇ ਕਿਵੇਂ ਆਪਣੇ ਅੰਦਰ ਦੀ ਸ਼ਾਂਤੀ ਨੂੰ ਬਰਕਰਾਰ ਰੱਖ ਇਸ ਭਿਆਨਕ ਬਿਮਾਰੀ ਦੇ ਸ਼ਿਕਾਰ ਹੋਣ ਤੋਂ ਬਚ ਸਕੀਏ।

## ਸ਼ਾਂਤੀ ਕੀ ਹੈ?

ਸ਼ਾਂਤੀ, ਸਕੂਨ, ਚੈਨ ਆਦਿ ਇਕ ਅਹਿਸਾਸ ਨੇ। ਜਿਨ੍ਹਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ। ਜਦੋਂ ਅਸੀਂ ਆਪਣੇ ਅੰਦਰ ਇਨ੍ਹਾਂ ਅਹਿਸਾਸਾਂ ਨੂੰ ਮਹਿਸੂਸ ਕਰਦੇ ਹਾਂ ਤਾਂ ਅਸੀਂ ਖ਼ੁਸ਼ੀ ਮਹਿਸੂਸ ਕਰਦੇ ਹਾਂ। ਸਾਨੂੰ ਜ਼ਿੰਦਗੀ ਪਿਆਰੀ ਲੱਗਣ ਲੱਗਦੀ ਹੈ। ਇਸ ਲਈ ਇਨ੍ਹਾਂ ਅਹਿਸਾਸਾਂ ਦਾ ਸਾਡੀ ਜ਼ਿੰਦਗੀ ਵਿਚ ਬਣੇ ਰਹਿਣਾ ਬਹੁਤ ਜ਼ਰੂਰੀ ਹੈ। ਇਸ ਦੇ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਲੇ ਦੁਆਲੇ ਦੇ ਮਾਹੌਲ ਨੂੰ ਬਦਲਣ ਦੀ ਲੋੜ ਪਵੇਗੀ। ਤੁਹਾਡੀ ਆਪਣੀ ਸੋਚ ਨੂੰ ਬਦਲਣ ਦੀ ਜ਼ਰੂਰਤ ਪਵੇਗੀ। ਜਿਵੇਂ ਦੀ ਤੁਹਾਡੀ ਸੋਚ ਅਤੇ ਆਸ ਪਾਸ ਦਾ ਮਾਹੌਲ ਹੁੰਦਾ ਹੈ, ਤੁਹਾਡੇ ਵਿਚਾਰ ਤੇ ਮਹਿਸੂਸ ਸ਼ਕਤੀ ਵੀ ਉਸੇ ਤਰ੍ਹਾਂ ਦੀ ਹੀ ਹੁੰਦੀ ਰਹਿੰਦੀ ਹੈ। ਤੁਹਾਡੀ ਊਰਜਾ ਤੁਹਾਡੇ ਆਲੇ-ਦੁਆਲੇ ਨੂੰ ਤੇ ਤੁਹਾਡਾ ਆਲਾ-ਦੁਆਲਾ ਤੁਹਾਡੀ ਊਰਜਾ ਨੂੰ ਪ੍ਰਭਾਵਿਤ ਕਰਦੇ ਹਨ। ਇਉਂ ਕਹਿ ਲਓ ਕਿ ਅਸੀਂ ਆਪਸ ਵਿਚ ਇਕ ਦੂਸਰੇ ਨਾਲ ਜੁੜੇ ਹੋਏ ਹਾਂ। ਇਸ ਲਈ ਸਾਡਾ ਅਤੇ ਆਸ ਪਾਸ ਦਾ ਮਾਹੌਲ ਸਕਾਰਾਤਮਕ ਹੋਣਾ ਬਹੁਤ ਜ਼ਰੂਰੀ ਹੈ। ਚੰਗੇ ਵਿਚਾਰ ਰੱਖਣੇ, ਚੰਗੇ ਲੋਕਾਂ ਨਾਲ ਗੱਲਬਾਤ ਕਰਨੀ, ਸਾਫ਼ ਸੁਥਰਾ ਮਾਹੌਲ ਬਣਾ ਕੇ ਰੱਖਣਾ। ਇਨ੍ਹਾਂ ਸਭ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

**ਆਪਣੇ ਗੁੱਸੇ 'ਤੇ ਕਾਬੂ ਪਾਉਣਾ ਸਿੱਖੋ ਜਦੋਂ ਅਸੀਂ ਖ਼ੁਦ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਲਈ ਦੂਸਰਿਆਂ ਨੂੰ ਸਮਝਣਾ ਵੀ ਬਹੁਤ ਆਸਾਨ ਹੋ ਜਾਂਦਾ ਹੈ...**

ਤੁਸੀਂ ਦੇਖੋਗੇ ਕਈ ਵਾਰ ਤੁਸੀਂ ਕਿਸੇ ਕੰਮ ਨੂੰ ਕਰਨ ਲੱਗਿਆਂ ਉਸ ਵਿਚ ਇੰਨਾ ਮਗਨ ਹੋ ਜਾਂਦੇ ਹੋ ਕਿ ਤੁਹਾਨੂੰ ਆਸ-ਪਾਸ ਕੀ ਹੋ ਰਿਹਾ ਹੈ ਉਸ ਦੀ ਖ਼ਬਰ ਹੀ ਨਹੀਂ ਰਹਿੰਦੀ। ਤੁਸੀਂ ਪੂਰੇ ਇਕਾਗਰ ਚਿੱਤ ਹੋ ਕੇ ਜਦੋਂ ਕੋਈ ਵੀ ਕੰਮ ਕਰਦੇ ਹੋ ਤਾਂ ਸਮਾਂ ਕਿਵੇਂ ਬੀਤ ਜਾਂਦਾ ਹੈ ਤੁਹਾਨੂੰ ਪਤਾ ਹੀ ਨਹੀਂ ਚੱਲਦਾ। ਫਿਰ ਉਸ ਕੰਮ ਨੂੰ ਕਰਨ ਤੋਂ ਬਾਅਦ ਤੁਸੀਂ ਆਪਣੇ ਅੰਦਰ ਇਕ ਅਜੀਬ ਜਿਹੀ ਖ਼ੁਸ਼ੀ ਅਤੇ ਆਨੰਦ ਨੂੰ ਮਹਿਸੂਸ ਕਰੋਗੇ। ਜਿਵੇਂ ਕੋਈ ਮਿਠਾਸ ਜੇਹੀ। ਇਸ ਅਹਿਸਾਸ ਨੂੰ ਹੀ ਆਖਦੇ ਹਨ ਸ਼ਾਂਤੀ। ਇਸ ਨੂੰ ਤੁਸੀਂ ਸ਼ਬਦਾਂ ਵਿਚ ਤਾਂ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਦੇ ਕਿਉਂਕਿ ਇਹ ਇਕ ਮਹਿਸੂਸ ਸ਼ਕਤੀ ਹੈ ਜੋ ਕਿ ਸਿਰਫ਼ ਮਹਿਸੂਸ ਕੀਤੀ ਜਾ ਸਕਦੀ ਹੈ।



ਮੈਂ ਤੁਹਾਡੇ ਨਾਲ ਇਹ ਸਾਂਝ ਜ਼ਰੂਰ ਪਾਵਾਂਗੀ ਕਿ ਜੇ ਤੁਸੀਂ ਵੀ ਆਪਣੇ ਅੰਦਰ ਇਸ ਤਰ੍ਹਾਂ ਮਹਿਸੂਸਣ ਦੀ ਸ਼ਕਤੀ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਜਾਂ ਇਸ ਦੀ ਮਿਠਾਸ ਦਾ ਨਿੱਘ ਮਾਣਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਖ਼ੁਦ ਨੂੰ ਸਮਝੋ। ਆਪਣੇ ਗੁੱਸੇ 'ਤੇ ਕਾਬੂ ਪਾਉਣਾ ਸਿੱਖੋ ਜਦੋਂ ਅਸੀਂ ਖ਼ੁਦ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਲਈ ਦੂਸਰਿਆਂ ਨੂੰ ਸਮਝਣਾ ਵੀ ਬਹੁਤ ਆਸਾਨ ਹੋ ਜਾਂਦਾ ਹੈ। ਆਪਣੇ ਆਪ ਨੂੰ ਇਕਾਗਰ ਚਿੱਤ ਕਰ ਆਪਣੀ ਰੁਚੀ ਮੁਤਾਬਿਕ ਕੰਮ ਕਰੋ। ਦੇਖੋ ਤੁਹਾਡੀ ਜ਼ਿੰਦਗੀ ਹੌਲੀ-ਹੌਲੀ ਖ਼ੁਸ਼ਹਾਲ ਬਣਨੀ ਸ਼ੁਰੂ ਹੋ ਜਾਵੇਗੀ। ਇਕਾਗਰਤਾ ਬਣਾ ਕੇ ਕੁਝ ਵੀ ਕਰਨਾ ਤੁਹਾਨੂੰ ਸ਼ਾਂਤੀ ਵਰਗੇ ਗੁਣਾਂ ਵੱਲ ਖਿੱਚ ਲੈ ਜਾਵੇਗਾ, ਤੁਸੀਂ ਅੰਦਰੋਂ ਹਲਕਾ ਅਤੇ ਖ਼ੁਸ਼ੀ ਨੂੰ ਮਹਿਸੂਸ ਕਰੋਗੇ, ਜੋ ਕਿ ਤੁਹਾਨੂੰ ਮਾਨਸਿਕ ਰੋਗਾਂ ਤੋਂ ਦੂਰ ਰੱਖੇਗਾ। ਇਸ ਨਾਲ ਤੁਸੀਂ ਇਕ ਬਿਹਤਰ ਜ਼ਿੰਦਗੀ ਜੀਅ ਪਾਉਗੇ। •



# 'ਸਿੱਖ ਗੁਰੂ ਸਾਹਿਬਾਨ ਨੂੰ ਵਿਵਾਦਾਂ ਜਾਂ ਰਾਜਨੀਤੀ ਤੋਂ ਰੱਖੋ ਦੂਰ', ਲਾਲਪੁਰਾ ਦੀ ਵੱਡੀ ਅਪੀਲ

ਕੌਮੀ ਪਤ੍ਰਿਕਾ

ਚੰਡੀਗੜ੍ਹ 15 ਜਨਵਰੀ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ, ਭਾਜਪਾ ਦੇ ਕੌਮੀ ਸੰਸਦੀ ਬੋਰਡ ਦੇ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਸਿੱਖ ਗੁਰੂ ਸਾਹਿਬਾਨ ਨੂੰ ਵਿਵਾਦਾਂ ਜਾਂ ਰਾਜਨੀਤੀ ਤੋਂ ਦੂਰ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲੀਆ ਵਿਵਾਦਤ ਘਟਨਾਵਾਂ ਨੇ ਨਾ ਸਿਰਫ਼ ਸਿੱਖ ਧਰਮ 'ਚ ਆਸਥਾ ਰੱਖਣ ਵਾਲਿਆਂ ਨੂੰ ਸਗੋਂ ਹਰ ਉਸ ਵਿਅਕਤੀ ਨੂੰ ਗਹਿਰਾ ਦੁੱਖ ਪਹੁੰਚਾਇਆ ਹੈ, ਜੋ ਸਮਝਦਾ ਹੈ ਕਿ ਧਰਮ ਆਸਥਾ ਦਾ ਵਿਸ਼ਾ ਹੈ। ਧਰਮ ਸ਼ਰਧਾ ਅਤੇ ਵਿਸ਼ਵਾਸ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਜੇ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਫ਼ਲਸਫ਼ੇ 'ਤੇ ਵਿਸ਼ਵਾਸ ਰੱਖਦੇ ਹੋ ਤਾਂ ਉਸ ਨੂੰ ਸੱਚੀ ਸ਼ਰਧਾ ਤੇ ਨੀਅਤ ਨਾਲ ਅਪਣਾਓ ਅਤੇ ਗੁਰਮੁਖ ਬਣਨ ਦੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਸ਼ਰਧਾ ਤੇ ਵਿਸ਼ਵਾਸ ਨਹੀਂ ਹੈ ਤਾਂ ਆਪਣੀ ਜ਼ਿੰਦਗੀ ਜੀਓ ਪਰ ਗੁਰਮਤਿ, ਸਿੱਖ ਗੁਰੂ ਸਾਹਿਬਾਨ ਜਾਂ ਸਿੱਖ ਧਰਮ ਬਾਰੇ ਟਿੱਪਣੀ, ਵਾਦ-ਵਿਵਾਦ ਜਾਂ ਸ਼ੋਸ਼ਣ ਕਰਨ ਦਾ ਤੁਹਾਨੂੰ ਕੋਈ ਅਧਿਕਾਰ ਵੀ ਨਹੀਂ ਹੈ। ਕਿਸੇ ਧਰਮ ਬਾਰੇ ਆਸਥਾ ਥੋਪੀ ਨਹੀਂ ਜਾ ਸਕਦੀ ਪਰ ਸ਼ਰਧਾ ਨਾ ਰੱਖਣ ਵਾਲੇ ਕਿਸੇ ਵਿਅਕਤੀ ਨੂੰ ਧਰਮ ਦੀਆਂ ਪਵਿੱਤਰ ਪਰੰਪਰਾਵਾਂ ਨੂੰ ਠੇਸ ਪਹੁੰਚਾਉਣ ਦੀ ਆਜ਼ਾਦੀ ਵੀ ਨਹੀਂ ਦਿੱਤੀ ਜਾ ਸਕਦੀ । ਉਨ੍ਹਾਂ ਕਿਹਾ ਕਿ ਸਿੱਖ ਰਾਜਨੀਤਕ ਨੇਤਾਵਾਂ ਨੇ ਗੁਰਦੁਆਰਾ ਕਮੇਟੀਆਂ




ਦੀ ਮੈਂਬਰੀ ਨੂੰ ਰਾਜਨੀਤਕ ਸੱਤਾ ਦੀ ਪਹਿਲੀ ਪੌੜੀ ਬਣਾ ਲਿਆ, ਜੋ ਅੱਜ ਵੀ ਜਾਰੀ ਹੈ। ਗੁਰਦੁਆਰਾ ਸਰੋਤਾਂ ਤੇ ਸਿੱਖ ਭਾਵਨਾਵਾਂ ਦਾ ਖੁੱਲ੍ਹੇਆਮ, ਰਾਜਨੀਤਕ ਲਾਭ, ਨਿੱਜੀ ਪ੍ਰਭਾਵ ਤੇ ਪਰਿਵਾਰ ਨੂੰ ਮਜ਼ਬੂਤ ਕਰਨ ਲਈ ਦੁਰਉਪਯੋਗ ਕਰਨਾ ਸ਼ੁਰੂ ਕਰ ਦਿੱਤਾ। ਸ਼ਾਇਦ ਇਸ ਕਾਰਨ ਹੀ ਸਿੱਖ ਸੰਸਥਾਵਾਂ ਨੂੰ ਬਾਹਰੀ ਤਾਕਤਾਂ ਨਾਲੋਂ ਵੱਧ ਨੁਕਸਾਨ ਅੰਦਰੋਂ ਹੋ ਰਿਹਾ ਹੈ। ਸਿੱਖ ਧਰਮ ਨੂੰ ਰਾਜਨੀਤਕ ਸਹਾਇਕਾਂ ਦੀ ਨਹੀਂ ਸਗੋਂ ਸੱਚੇ ਸ਼ਰਧਾਵਾਨ ਸਿੱਖਾਂ ਦੀ ਲੋੜ ਹੈ। ਸਿੱਖ ਆਗੂਆਂ ਨੂੰ ਵੀ ਆਤਮ-ਚਿੰਤਨ ਕਰਨ ਦੀ ਲੋੜ ਹੈ। ਗੁਰਦੁਆਰਿਆਂ ਦਾ ਆਰਥਿਕ ਲਾਭ, ਰਿਸ਼ਤੇਦਾਰਾਂ ਨੂੰ ਨੌਕਰੀਆਂ ਜਾਂ ਰਾਜਨੀਤਕ ਲਾਭ ਲਈ ਦੁਰਉਪਯੋਗ ਆਖ਼ਰਕਾਰ ਪੰਥਕ ਸ਼ਕਤੀ ਨੂੰ ਹੀ ਨਸ਼ਟ ਕਰਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਵੀ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਇੱਜ਼ਤ ਬਹਾਲ ਕਰਨ, ਜ਼ਖ਼ਮਾਂ 'ਤੇ ਮੱਲ੍ਹਮ ਰੱਖਣ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯਤਨ ਕੀਤੇ ਤੇ ਕਰ ਰਹੇ ਹਨ। ਇਸ ਦੇ ਨਾਲ ਹੀ ਦੁਨੀਆ ਭਰ ਦੀਆਂ ਉਨ੍ਹਾਂ ਸਰਕਾਰਾਂ ਦਾ ਵੀ ਧੰਨਵਾਦ, ਜੋ ਸਿੱਖਾਂ ਦੀ ਮਦਦ ਕਰਦੀਆਂ ਹਨ ਪਰ ਉਨ੍ਹਾਂ ਨੂੰ ਭਾਰਤ ਦੇ ਵਿਰੁੱਧ ਵਰਤਦੀਆਂ ਨਹੀਂ। ਸਿੱਖ ਕੌਮ ਨੇ ਬਹੁਤ ਦੁੱਖ ਸਹੇ ਹਨ ਪਰ ਹੁਣ ਪੀੜਤ ਹੋਣ ਦੀ ਮਾਨਸਿਕਤਾ ਰੱਖਣ ਦਾ ਸਮਾਂ ਨਹੀਂ ਹੈ ਸਗੋਂ ਹੁਣ ਜ਼ਿੰਮੇਵਾਰੀ ਸੰਭਾਲ ਅੱਗੇ ਵਧਣ ਦਾ ਵੇਲਾ ਹੈ ਤੇ ਗੁਰੂ ਪੰਥ ਲਈ ਕੁਝ ਕਰ ਕੇ ਦਿਖਾਉਣ ਦਾ। ਉਨ੍ਹਾਂ ਕਿਹਾ ਕਿ ਇਹ ਕੋਈ ਰਾਜਨੀਤਕ ਬਿਆਨ ਨਹੀਂ, ਇਹ ਕਿਸੇ ਦੀ ਜਾਤ 'ਤੇ ਹਮਲਾ ਨਹੀਂ ਸਗੋਂ ਇਹ ਗੁਰੂ ਲਈ ਸ਼ਰਧਾ ਤੋਂ ਜਨਮੀ ਆਸਥਾ ਲਈ ਅਤੇ ਭਵਿੱਖ ਦੀ ਤਰੱਕੀ ਤੇ ਤਰੱਕੀ ਲਈ ਅਪੀਲ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੂੰ ਵਿਵਾਦਾਂ ਤੋਂ ਉੱਪਰ ਰੱਖੀਏ, ਸਿੱਖ ਸੰਸਥਾਵਾਂ ਨੂੰ ਉਨ੍ਹਾਂ ਦੇ ਮਕਸਦ ਵੱਲ ਵਾਪਸ ਲਿਆਈਏ ਤੇ ਸਿੱਖਾਂ ਨੂੰ ਫਿਰ ਤੋਂ ਧਰਤੀ ਦੇ ਦੇਵਤੇ ਬਣਨ ਦਾ ਰਾਹ ਪੱਧਰਾ ਕਰੀਏ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਅਨੁਸਾਰ ਹੋਵੇ।

## ਲੁਧਿਆਣਾ ਪੁਲਸ ਨੇ 174 ਗੁੰਮ ਹੋਏ ਮੋਬਾਈਲ ਫੋਨ ਬਰਾਮਦ ਕਰ ਮਾਲਕਾਂ ਨੂੰ ਸੌਂਪੇ

ਲੁਧਿਆਣਾ 15 ਜਨਵਰੀ। ਲੁਧਿਆਣਾ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁੰਮ ਹੋਏ ਮੋਬਾਈਲ ਫੋਨਾਂ ਦੀ ਭਾਲ ਵਿਚ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਏ.ਡੀ.ਸੀ.ਪੀ ਪੁਲਸ, ਜੋਨ-4 ਜਸਵਿੰਦਰ ਸਿੰਘ ਗਿੱਲ ਅਤੇ ਏ.ਸੀ.ਪੀ , ਇੰਡਸਟ?ਰੀਅਲ ਏਰੀਆ ਏ ਇੰਦਰਜੀਤ ਸਿੰਘ ਬੋਪਾਰਾਏ ਦੀ ਰਹਿਨੁਮਾਈ ਹੇਠ ਅਤੇ ਸਬ-ਇੰਸਪੈਕਟਰ ਦਲਜੀਤ ਸਿੰਘ ਮੁੱਖ ਅਫਸਰ ਥਾਣਾ ਜਮਾਲਪੁਰ ਦੀ ਨਿਗਰਾਨੀ ਹੇਠ, ਥਾਣਾ ਜਮਾਲਪੁਰ ਦੀ ਆਈ.ਟੀ. ਸੈੱਲ ਟੀਮ ਨੇ ਵੱਡੀ ਕਾਮਯਾਬੀ ਹਾਸਲ ਕੀਤੀ। ਲੁਧਿਆਣਾ ਪੁਲਸ ਥਾਣਾ ਜਮਾਲਪੁਰ ਦੀ ਟੀਮ ਨੇ ਕੇਂਦਰ ਸਰਕਾਰ ਦੇ ਸੀ.ਈ.ਆਈ.ਆਰ. ਪੋਰਟਲ ਦੀ ਮਦਦ ਨਾਲ ਜਨਤਾ ਦੇ ਗੁੰਮ ਹੋਏ ਅਤੇ ਸੀ.ਈ.ਆਈ.ਆਰ. ਪੋਰਟਲ ਰਾਹੀਂ ਬਲਾਕ ਕਰਵਾਏ ਗਏ ਕੁੱਲ 174 ਮੋਬਾਈਲ ਫੋਨ ਟਰੇਸ ਕਰਕੇ ਬਰਾਮਦ ਕੀਤੇ। 15 ਜਨਵਰੀ ਨੂੰ ਥਾਣਾ ਜਮਾਲਪੁਰ ਵਿਖੇ ਪੂਰੀ ਤਸਦੀਕ ਅਤੇ ਕਾਨੂੰਨੀ ਕਾਰਵਾਈ ਪੂਰੀ ਕਰਨ ਉਪਰਾਂਤ ਇਹ ਸਾਰੇ 174 ਬਰਾਮਦ ਮੋਬਾਈਲ ਫੋਨ ਉਨ੍ਹਾਂ ਦੇ ਹੱਕਦਾਰ ਮਾਲਕਾਂ ਨੂੰ ਵਾਪਸ ਸੌਂਪੇ ਗਏ।

## ਭਤੀਜੇ ਨੇ ਚਾਚੇ ਨਾਲ ਕੀਤੀ ਧੋਖਾਧੜੀ, ਦਾਦੇ ਨੂੰ ਗੁੰਮਰਾਹ ਕਰ ਜ਼ਮੀਨ ਕਰ ਲਈ ਆਪਣੇ ਨਾਂ

ਤਰਨਤਾਰਨ 15 ਜਨਵਰੀ। ਭਤੀਜੇ ਵੱਲੋਂ ਧੋਖਾਦੇਹੀ ਨਾਲ ਆਪਣੇ ਚਾਚੇ ਦੇ ਹਿੱਸੇ ਆਉਂਦੀ ਜ਼ਮੀਨ ਨੂੰ ਆਪਣੇ ਬੋਲੇ ਦਾਦੇ ਨੂੰ ਗੁੰਮਰਾਹ ਕਰਦੇ ਹੋਏ ਆਪਣੇ ਨਾਮ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੇ ਸਬੰਧ 'ਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਚਾਚੇ ਦੇ ਬਿਆਨਾਂ ਹੇਠ ਭਤੀਜੇ ਖਿਲਾਫ ਪਰਚਾ ਦਰਜ ਕਰ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਤਰਨਤਾਰਨ ਦੇ ਮੁਖੀ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਪਰਮਿੰਦਰ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਬਾਠ ਵੱਲੋਂ ਜ਼ਿਲੇ ਦੇ ਐੱਸ.ਐੱਸ.ਪੀ. ਨੂੰ ਲਿਖਤੀ ਰੂਪ 'ਚ ਅਕਤੂਬਰ ਮਹੀਨੇ ਦੌਰਾਨ ਇਕ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ 'ਚ ਉਸ ਨਾਲ ਜ਼ਮੀਨ ਨੂੰ ਲੈ ਕੇ ਧੋਖਾਦੇਹੀ ਦਾ ਵੇਰਵਾ ਦੱਸਿਆ ਗਿਆ ਸੀ। ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਦਰਖਾਸਤ ਦੀ ਉੱਚ ਅਧਿਕਾਰੀਆਂ ਵੱਲੋਂ ਬਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਇਹ ਗੱਲ ਤਸਦੀਕ ਹੁੰਦੀ ਪਾਈ ਗਈ ਹੈ ਕਿ ਸ਼ਿਕਾਇਤ ਕਰਤਾ ਪਰਮਿੰਦਰ ਸਿੰਘ ਦੇ ਹਿੱਸੇ ਆਉਂਦੀ ਜ਼ਮੀਨ ਨੂੰ ਉਸ ਦੇ ਭਤੀਜੇ ਨਿਕਸਨ ਦੀਪ ਸਿੰਘ ਪੁੱਤਰ ਹਾਵਰਜੀਤ ਸਿੰਘ ਪੁੱਤਰ ਰਤਨ ਸਿੰਘ ਵਾਸੀ ਬਾਠ ਵੱਲੋਂ ਆਪਣੇ ਦਾਦਾ ਰਤਨ ਸਿੰਘ ਜੋ ਬੋਲੇ ਹਨ ਨੂੰ ਗੁੰਮਰਾਹ ਕਰਕੇ ਧੋਖਾਦੇਹੀ ਨਾਲ ਰਜਿਸਟਰੀ ਆਪਣੇ ਨਾਮ ਕਰਵਾ ਲਈ ਹੈ। ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ 'ਚ ਉੱਚ ਅਧਿਕਾਰੀਆਂ ਵੱਲੋਂ ਦਿੱਤੇ ਗਏ ਹੁਕਮਾਂ ਤਹਿਤ ਪਰਮਿੰਦਰ ਸਿੰਘ ਦੇ ਬਿਆਨਾਂ ਹੇਠ ਉਸਦੇ ਭਤੀਜੇ ਨਿਕਸਨ ਦੀਪ ਸਿੰਘ ਪੁੱਤਰ ਹਾਵਰਜੀਤ ਸਿੰਘ ਵਾਸੀ ਬਾਠ ਦੇ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਘਰ 'ਚ ਦਾਖ਼ਲ ਹੋ ਕੇ ਤੋੜਭੰਨ ਕਰਨ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਟਾਂਡਾ ਉੜਮੁੜ 15 ਜਨਵਰੀ। ਟਾਂਡਾ ਦੇ ਪਿੰਡ ਕੰਧਾਲਾ ਜੱਟਾਂ ਵਿਚ ਅਣਬਣ ਤੋਂ ਬਾਅਦ ਬੱਚਿਆਂ ਸਮੇਤ ਵੱਖ ਰਹਿ ਰਹੀ ਆਪਣੀ ਪਤਨੀ ਦੇ ਘਰ ਜਬਰਦਸਤੀ ਦਾਖ਼ਲ ਹੋ ਕੇ ਤੋੜਭੰਨ ਕਰਨ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵਿਚ ਟਾਂਡਾ ਪੁਲਸ ਨੇ ਇਸ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਸੁਖਵੀਰ ਕੌਰ ਪਤਨੀ ਗੁਰਦੇਵ ਸਿੰਘ ਦੇ ਬਿਆਨ ਦੇ ਆਧਾਰ 'ਤੇ ਉਸ ਦੇ ਪਤੀ ਗੁਰਦੇਵ ਸਿੰਘ ਪੁੱਤਰ ਅਮਰ ਸਿੰਘ ਖ਼?ਲਾਫ਼ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਸੁਖਵੀਰ ਸਿੰਘ ਨੇ ਦੱਸਿਆ ਕਿ ਉਸ ਦਾ ਪਤੀ ਉਸ ਨਾਲ ਕੁੱਟਮਾਰ ਕਰਦਾ ਸੀ, ਜਿਸ ਨੂੰ ਲੈ ਕੇ ਉਸ ਨੇ ਅਦਾਲਤ ਵਿਚ ਕੇਸ ਕੀਤਾ ਸੀ, ਜਿਸ ਤੋਂ ਬਾਅਦ 2011 ਵਿਚ ਅਦਾਲਤ ਦੇ ਹੁਕਮਾਂ ਮੁਤਾਬਕ ਪਿੰਡ ਕੰਧਾਲਾ ਜੱਟਾ ਵਿਚ ਮਿਲੇ ਘਰ ਵਿਚ ਉਹ ਬੱਚਿਆਂ ਸਣੇ ਰਹਿ ਰਹੀ ਹੈ। ਉਸ ਦਾ ਪਤੀ ਪਹਿਲਾਂ ਵੀ ਉਸ ਦੇ ਘਰ 'ਤੇ ਹਮਲਾ ਕਰ ਚੁੱਕਿਆ ਹੈ ਅਤੇ ਹੁਣ ਫਿਰ ਉਸ ਨੇ ਅਣਪਛਾਤੇ ਵਿਅਕਤੀਆਂ ਦੀ ਮਦਦ ਨਾਲ ਘਰ ਵਿਚ ਦਾਖ਼ਲ ਹੋ ਕੇ ਤੋੜਭੰਨ ਕੀਤੀ ਅਤੇ ਤੰਗ ਪ੍ਰੇਸ਼ਾਨ ਕੀਤਾ ਹੈ।

## ਇਕੋਂ ਸਮੇਂ ਬੁਝੇ ਘਰ ਦੇ ਚਾਰ ਚਿਰਾਗ, ਤਲਾਅ ਕੰਢੇ ਮਿਲੀਆਂ ਲਾਸ਼ਾਂ

ਨੈਸ਼ਨਲ ਡੈਸਕ 15 ਜਨਵਰੀ। ਪ੍ਰਯਾਗਰਾਜ ਜ਼ਿਲ੍ਹੇ ਦੇ ਪੁਰਾਮੁਫਤੀ ਥਾਣਾ ਖੇਤਰ ਅਧੀਨ ਆਉਂਦੇ ਹੁਸੈਨਪੁਰ ਅਹਿਮਦਪੁਰ ਪਵਨ ਪਿੰਡ ਵਿੱਚ ਇੱਕ ਤਲਾਅ ਵਿੱਚ ਡੁੱਬਣ ਨਾਲ ਚਾਰ ਕਿਸ਼ੋਰਾਂ ਦੀ ਮੌਤ ਹੋ ਗਈ। ਇੱਕ ਪੁਲਸ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਡੀਸੀਪੀ (ਸ਼ਹਿਰ) ਮਨੀਸ਼ ਸ਼ਾਂਡੀਲਿਆ ਨੇ ਕਿਹਾ ਕਿ ਮੁੰਡੇ ਮੰਗਲਵਾਰ ਸ਼ਾਮ ਨੂੰ ਆਪਣੇ ਪਰਿਵਾਰ ਨੂੰ ਦੱਸੇ ਬਿਨਾਂ ਚਲੇ ਗਏ ਸਨ। ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਸਾਰੀ ਰਾਤ ਉਨ੍ਹਾਂ ਦੀ ਭਾਲ ਕੀਤੀ, ਪਰ ਉਹ ਨਹੀਂ ਮਿਲੇ। ਅੱਜ ਉਨ੍ਹਾਂ ਦੀਆਂ ਲਾਸ਼ਾਂ ਪਿੰਡ ਦੇ ਇੱਕ ਤਲਾਅ ਵਿੱਚੋਂ ਬਰਾਮਦ ਹੋਈਆਂ, ਜਿਸ ਨਾਲ ਸਨਸਨੀ ਫੈਲ ਗਈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਪ੍ਰਿੰਸ ਸੋਨਕਰ (10), ਪ੍ਰਤੀਕ ਸੋਨਕਰ (13), ਕਰਨ (19) ਅਤੇ ਪ੍ਰਿਯਾਂਸ਼ੂ (10) ਵਜੋਂ ਹੋਈ ਹੈ। ਦੇਖਣ ਵਿਚ ਅਜਿਹਾ ਲੱਗਦਾ ਹੈ ਕਿ ਮੁੰਡੇ ਕੱਲ੍ਹ ਤਲਾਅ ਵਿੱਚ ਨਹਾਉਣ ਗਏ ਸਨ, ਜਿੱਥੇ ਉਹ ਡੁੱਬ ਗਏ ਅਤੇ ਉਨ੍ਹਾਂ ਦੀ ਮੌਤ ਹੋ ਗਈ।

## ਕਾਂਗੜਾ 'ਚ ਪੰਜਾਬ ਦੇ ਤਿੰਨ ਨੌਜਵਾਨ ਗ੍ਰਿ.ਫਤਾਰ, ਹੈਰੋਇਨ ਬਰਾਮਦ

ਕਾਂਗੜਾ 15 ਜਨਵਰੀ। ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ 'ਚ ਪੁਲਸ ਨੇ ਨਸ਼ੇ ਖ਼?ਲਾਫ਼ ਮੁਹਿੰਮ ਦੇ ਅਧੀਨ ਵੱਡੀ ਕਾਰਵਾਈ ਕਰਦੇ ਹੋਏ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ 20.19 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਕੀਤੀ ਹੈ। ਇਹ ਕਾਰਵਾਈ ਕਾਂਗੜਾ ਦੇ ਹਨੂੰਮਾਨ ਘਾਟ ਕੋਲ ਇਕ ਵਾਹਨ ਦੀ ਤਲਾਸ਼ੀ ਦੌਰਾਨ ਕੀਤੀ ਗਈ। ਕਾਂਗੜਾ ਜ਼ਿਲ੍ਹਾ ਪੁਲਸ ਸੁਪਰਡੈਂਟ (ਐੱਸਐਪੀ) ਅਸ਼ੋਕ ਰਤਨ ਨੇ ਐਤਵਾਰ ਨੂੰ ਦੱਸਿਆ ਕਿ 9 ਜਨਵਰੀ ਨੂੰ ਹਨੂੰਮਾਨ ਘਾਟ 'ਤੇ ਇਕ ਸ਼ੈੱਡ ਕੋਲ ਸ਼ੱਕੀ ਵਾਹਨ ਨੂੰ ਜਾਂਚ ਲਈ ਰੋਕਿਆ ਗਿਆ ਸੀ। ਤਲਾਸ਼ੀ ਦੌਰਾਨ ਵਾਹਨ ਤੋਂ 20.19 ਗ੍ਰਾਮ ਪਾਬੰਦੀਸ਼ੁਦਾ ਨਸ਼ੀਲਾ ਪਦਾਰਥ ਬਰਾਮਦ ਹੋਇਆ।

## ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਚਾਹੁੰਦੇ ਹਨ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ : ਨਕੱਈ

ਮਾਨਸਾ 15 ਜਨਵਰੀ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਜਗਦੀਪ ਸਿੰਘ ਨਕੱਈ ਨੇ ਕਿਹਾ ਹੈ ਕਿ ਪੰਜਾਬ ਅੰਦਰ ਭਾਜਪਾ ਦੀ ਸਰਕਾਰ



ਬਣਨ ਨਾਲ ਸੂਬਾ ਤਰੱਕੀ ਦੀ ਰਫਤਾਰ ਫੜੇਗਾ। ਪ੍ਰਧਾਨ ਮੰਤਰੀ ਯੋਜਨਾ ਅਧੀਨ ਆਉਂਦੀਆਂ ਸਕੀਮਾਂ ਅਤੇ ਸੜਕਾਂ ਦਾ ਵਿਸਥਾਰ ਕੀਤਾ ਜਾਵੇਗਾ ਅਤੇ ਪੰਜਾਬ ਅੰਦਰ ਰੁਜ਼ਗਾਰ, ਉਦਯੋਗ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਅੱਜ "ਆਪ"ਦੀ ਸਰਕਾਰ ਅੰਦਰ ਪੰਜਾਬ ਸਹਿਮ ਦੇ ਸਾਏ ਵਿੱਚ ਹੈ। ਸੂਬਾ ਹਰ ਪੱਖੋਂ ਪੱਛੜ ਗਿਆ ਹੈ। ਸਿਰਫ ਫੌਕੀ ਬਿਆਨਬਾਜ਼ੀ ਅਤੇ ਚੁਟਕਲਿਆਂ ਨਾਲ ਸਰਕਾਰ ਚਲਾਈ ਜਾ ਰਹੀ ਹੈ, ਜਦਕਿ ਜ਼ਮੀਨੀ ਤੌਰ ਤੇ ਪੰਜਾਬ ਦੀ ਤਰੱਕੀ, ਵਿਕਾਸ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ। ਉਨ੍ਹਾਂ ਕਿਹਾ ਕਿ 2027 ਵਿੱਚ ਪੰਜਾਬ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੇਗੀ ਅਤੇ ਸੂਬਾ ਹਰ ਪੱਖੋਂ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹੇਗਾ। ਨਕੱਈ ਨੇ ਕਿਹਾ ਕਿ ਅੱਜ ਪੰਜਾਬ ਸਰਕਾਰ ਕੇਂਦਰੀ ਸਕੀਮਾਂ ਨੂੰ ਲਾਗੂ ਨਹੀਂ ਕਰ ਸਕੀ ਅਤੇ ਕੁਝ ਸਕੀਮਾਂ ਨੂੰ ਆਪਣਾ ਦੱਸ ਕੇ ਉਸ ਵਿੱਚ ਘਾਲਾ-ਮਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਬਣਨ ਨਾਲ ਪੰਜਾਬ ਦੀਆਂ ਸੜਕਾਂ, ਪਿੰਡਾਂ ਅਤੇ ਸ਼ਹਿਰਾਂ ਦੀ ਨੁਹਾਰ ਬਦਲੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਨੂੰ ਪਿਆਰ ਕਰਦੇ ਹਨ। ਇਸ ਨੂੰ ਤਰੱਕੀ ਦੇ ਰਾਹ ਤੇ ਦੇਖਣਾ ਉਨ੍ਹਾਂ ਦਾ ਸੁਪਨਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤਾਂ ਨੂੰ ਵੱਧ ਤੋਂ ਵੱਧ ਗ੍ਰਾਂਟਾਂ ਦੇ ਗੱਫੇ ਦੇ ਕੇ ਪਿੰਡਾਂ ਦੀ ਨੁਹਾਰ, ਰੂਪ-ਰੇਖਾ ਬਦਲੀ ਜਾਵੇਗੀ ਅਤੇ ਪਿੰਡ ਵੀ ਸ਼ਹਿਰਾਂ ਵਰਗੇ ਨਜ਼ਰ ਆਉਣਗੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਵਾਰ ਭਾਜਪਾ ਨੂੰ ਮੌਕਾ ਦੇਣ ਅਤੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਉਣ।

# 3 ਕਰੋੜ ਪੰਜਾਬੀਆਂ ਲਈ ਖ਼ੁਸ਼ਖ਼ਬਰੀ, 22 ਜਨਵਰੀ ਤੋਂ ਸ਼ੁਰੂ ਹੋਵੇਗੀ ਵੱਡੀ ਯੋਜਨਾ

ਕੌਮੀ ਪਤ੍ਰਿਕਾ

ਫਤਿਹਗੜ੍ਹ ਸਾਹਿਬ 15 ਜਨਵਰੀ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਅਧੀਨ ਪੰਜਾਬ 'ਚ 3 ਕਰੋੜ ਲੋਕਾਂ ਦੇ 10 ਲੱਖ ਰੁਪਏ ਤੱਕ ਦੇ ਬੀਮਾ ਕਾਰਡ ਬਣਨ ਜਾ ਰਹੇ ਹਨ। ਇਸ ਨੂੰ ਜ਼ਿਲ੍ਹਾ ਪੱਧਰ 'ਤੇ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ 22 ਜਨਵਰੀ ਤੋਂ ਵਿਸ਼ੇਸ਼ ਕੈਂਪ ਲਗਵਾ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ। ਇਸ ਲਈ ਵਿਸ਼ੇਸ਼ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਇਸ ਬੀਮਾ ਕਾਰਡ ਨੂੰ ਬਣਾਉਣ ਲਈ ਘਰ-ਘਰ ਜਾ ਕੇ ਪਰਚੀਆਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਲੋਕਾਂ ਨੂੰ ਕਾਰਡ ਬਣਾਉਣ 'ਚ ਕੋਈ ਪਰੇਸ਼ਾਨੀ ਪੇਸ਼ ਨਾ ਆਵੇ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ' ਦੇ ਤਹਿਤ ਜ਼ਿਲ੍ਹਾ ਫਤਿਹਗੜ੍ਹ ਸਾਹਿਬ 'ਚ ਵੱਖ-ਵੱਖ ਥਾਵਾਂ 'ਤੇ 169 ਕੈਂਪ ਲਗਾਏ ਜਾਣਗੇ ਅਤੇ ਜੇਕਰ ਲੋੜ ਪਈ ਤਾਂ ਇਹ ਕੈਂਪ ਹੋਰ ਵੀ ਵਧਾਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਬੀਮਾ ਕਾਰਡ ਬਣਾਉਣ ਲਈ ਆਧਾਰ ਕਾਰਡ ਅਤੇ ਵੋਟਰ ਕਾਰਡ ਪੰਜਾਬ ਦੇ ਹੋਣੇ ਲਾਜ਼ਮੀ ਹਨ ਅਤੇ ਬੱਚਿਆਂ ਦੇ ਆਸ਼ਰਿਤ ਕਾਰਡ ਵੀ ਜ਼ਰੂਰ ਹੋਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਅਧੀਨ 650 ਦੇ ਕਰੀਬ ਹਸਪਤਾਲਾਂ



ਨੂੰ ਇੰਪੈਨਲ ਕੀਤਾ ਗਿਆ ਹੈ, ਜਿਨ੍ਹਾਂ 'ਚ ਮੈਡੀਕਲ ਕਾਲਜ, ਸਾਰੇ ਸਰਕਾਰੀ ਹਸਪਤਾਲਾਂ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਫਿਲਹਾਲ ਪੰਜਾਬ ਸਰਕਾਰ ਵੱਲੋਂ ਇਸ ਯੋਜਨਾ ਲਈ 1200 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ, ਜੋ ਲੋੜ ਪੈਣ 'ਤੇ 1500 ਕਰੋੜ ਤੱਕ ਵਧਾਇਆ ਵੀ ਜਾ ਸਕਦਾ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲ ਸਕਣਗੀਆਂ ਅਤੇ ਮਰੀਜ਼ ਬੇਝਿਜਕ ਪ੍ਰਾਈਵੇਟ ਹਸਪਤਾਲਾਂ 'ਚ ਜਾ ਕੇ ਆਪਣਾ ਇਲਾਜ ਕਰਵਾ ਸਕਣਗੇ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲਾਂ 'ਚਲੀਵਰ ਦੇ ਟਰਾਂਸਪਲਾਂਟ ਸ਼ੁਰੂ ਹੋ ਚੁੱਕੇ ਹਨ, ਜਦੋਂ ਕਿ ਕਿਡਨੀ ਦੇ ਟਰਾਂਸਪਲਾਂਟ ਜਲਦ ਹੀ ਸ਼ੁਰੂ ਹੋ ਜਾਣਗੇ। ਸਿਹਤ ਮੰਤਰੀ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸ਼ੁਰੂ ਹੋਈ ਦੂਸਰੀ ਮੁਹਿਮ ਦੌਰਾਨ ਨਸ਼ੇ ਦੀ ਦਲਦਲ 'ਚ ਗ੍ਰਸਤ ਲੋਕਾਂ ਨੂੰ ਬਾਹਰ ਕੱਢਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਿਹਤ ਮੰਤਰੀ ਨੇ ਸੀਤ ਲਹਿਰ ਤੋਂ ਲੋਕਾਂ ਨੂੰ ਬਚਣ ਦੀ ਅਪੀਲ ਕਰਦਿਆਂ ਕਿਹਾ ਕਿ ਬੱਚੇ, ਬਜ਼ੁਰਗ ਅਤੇ ਗਰਭਵਤੀ ਔਰਤਾਂ ਜੋ ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਹਨ, ਉਹ ਆਪਣੇ ਆਪ ਨੂੰ ਸਰਦੀ ਤੋਂ ਬਚਾ ਕੇ ਜ਼ਰੂਰ ਰੱਖਣ ਅਤੇ ਉਨ੍ਹਾਂ ਨੂੰ ਸਵੇਰੇ-ਸਵੇਰੇ ਸੈਰ ਕਰਨ ਜਾਣ ਤੋਂ ਵੀ ਗੁਰੇਜ਼ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਰਦੀ ਤੋਂ ਬਚਣ ਲਈ ਅਕਸਰ ਘਰਾਂ ਵਿੱਚ ਅੰਗੀਠੀਆਂ ਲਗਾ ਕੇ ਰੱਖਣ ਨਾਲ ਮੌਤ ਦਰ 'ਚ ਵੀ ਵਾਧਾ ਹੋ ਰਿਹਾ ਹੈ, ਜਿਸ ਨੂੰ ਰੋਕਣ ਅਤੇ ਜ਼ਹਿਰੀਲੀਆਂ ਗੈਸਾਂ ਤੋਂ ਬਚਣ ਲਈ ਘਰਾਂ ਵਿੱਚ ਖਿੜਕੀਆਂ ਜ਼ਰੂਰ ਖੁੱਲ੍ਹੀਆਂ ਰੱਖੀਆਂ ਜਾਣ।

# ਪੰਜਾਬ ਕਾਂਗਰਸ ਦਾ ਹਰ ਸੀਨੀਅਰ ਆਗੂ ਮੁੱਖ ਮੰਤਰੀ ਦਾ ਚਿਹਰਾ ਹੈ: ਭੁਪੇਸ਼ ਬਘੇਲ

ਕੌਮੀ ਪਤ੍ਰਿਕਾ

ਬਠਿੰਡਾ 15 ਜਨਵਰੀ। ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਹਮੇਸ਼ਾ ਵਾਂਗ 2027 ਦੀਆਂ ਵਿਧਾਨ ਸਭਾ ਚੋਣਾਂ ਇਕਜੁਟ ਅਤੇ ਸਮੂਹਿਕ ਅਗਵਾਈ ਹੇਠ ਲੜੇਗੀ। ਉਨ੍ਹਾਂ ਸੀਨੀਅਰ ਪਾਰਟੀ ਆਗੂਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਸਾਰੇ ਸਾਡੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਆਗੂ ਵੀ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਛੱਡ ਕੇ ਕਾਂਗਰਸ ਦੀ ਹਮੇਸ਼ਾ ਇਕਜੁਟ ਅਗਵਾਈ ਹੇਠ ਚੋਣਾਂ ਲੜਨ ਦੀ ਪ੍ਰੰਪਰਾ ਰਹੀ ਹੈ, ਜਦਕਿ ਅੰਤਿਮ ਫੈਸਲਾ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਲੈਣਗੇ। ਬਘੇਲ ਪੰਜਾਬ 'ਚ 'ਮਨਰੇਗਾ ਬਚਾਓ ਸੰਗਰਾਮ' ਮੁਹਿੰਮ ਦੇ



ਪਹਿਲੇ ਪੜਾਅ ਦੇ ਆਖਰੀ ਦੌਰੇ 'ਤੇ ਅੱਜ ਬਠਿੰਡਾ 'ਚ ਮੌਜੂਦ ਸਨ। ਭਾਜਪਾ ਸਰਕਾਰ ਦੇ ਮਨਰੇਗਾ ਨੂੰ ਖਤਮ ਕਰਨ ਦੇ ਫੈਸਲੇ ਵਿਰੁੱਧ ਪਾਰਟੀ ਦੀ ਜਨ ਸੰਪਰਕ ਮੁਹਿੰਮ ਦਾ ਇਹ ਪੰਜਵਾਂ ਦਿਨ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ 'ਮਨਰੇਗਾ ਬਚਾਓ ਸੰਗਰਾਮ' ਮੁਹਿੰਮ ਨੂੰ ਭਾਰੀ ਸਮਰਥਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੇਂਡੂ ਅਰਥਵਿਵਸਥਾ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ। ਮਨਰੇਗਾ ਨੂੰ ਖਤਮ ਕਰ ਕੇ, ਮੋਦੀ ਸਰਕਾਰ ਨੇ ਉਨ੍ਹਾਂ ਦਾ ਕੰਮ ਕਰਨ ਦਾ ਸੰਵਿਧਾਨਕ ਅਧਿਕਾਰ ਖੋਹ ਲਿਆ ਹੈ। ਉਨ੍ਹਾਂ ਕਿਹਾ ਕਿ ਤਿੰਨ ਕਾਲੇ ਕਾਨੂੰਨ ਲਿਆ ਕੇ ਕਿਸਾਨਾਂ ਨਾਲ ਵੀ ਇਹੀ ਕੀਤਾ ਗਿਆ ਸੀ ਅਤੇ ਹੁਣ ਮਜ਼ਦੂਰਾਂ ਨਾਲ ਵੀ ਇਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਵਿਗੜ ਗਈ ਹੈ। ਨਵੇਂ ਸਾਲ ਦੇ ਪਹਿਲੇ 100 ਦਿਨਾਂ 'ਚ ਪੰਜਾਬ 'ਚ ਨੌਂ ਕਤਲ ਹੋਏ ਹਨ। ਸੂਬਾ ਦੀਵਾਲੀਆਪਨ ਦੀ ਕਗਾਰ 'ਤੇ ਹੈ, ਕਰਜ਼ਾ 4 ਲੱਖ ਕਰੋੜ ਤੋਂ ਵੱਧ ਹੈ। ਕਿਤੇ ਵੀ ਵਿਕਾਸ ਕਾਰਜ ਨਹੀਂ ਹੋ ਰਹੇ ਹਨ, ਤਾਂ ਪੈਸਾ ਕਿੱਥੇ ਜਾ ਰਿਹਾ ਹੈ? ਕੀ ਇਹ ਪੈਸਾ ਦਿੱਲੀ ਦੇ ਸਿਆਸਤਦਾਨਾਂ ਨੂੰ ਅਮੀਰ ਬਣਾਉਣ ਵਾਲਾ ਹੈ?

## ਗੁਰਦਾਸਪੁਰ 'ਚ ਵੱਡੀ ਵਾਰਦਾਤ ! ਪੰਚਾਇਤੀ ਜ਼ਮੀਨ ਦਾ ਕਬਜ਼ਾ ਲੈਣ ਗਏ ਪਟਵਾਰੀ ਤੇ ਕਾਨੂੰਨਗੋ 'ਤੇ ਫਾਇਰਿੰਗ

ਗੁਰਦਾਸਪੁਰ, 15 ਜਨਵਰੀ। ਜ਼ਿਲ੍ਹੇ ਦੇ ਪਿੰਡ ਕਲੇਰ ਖੁਰਦ ਵਿਖੇ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਪੰਚਾਇਤੀ ਜ਼ਮੀਨ ਦਾ ਕਬਜ਼ਾ ਲੈਣ ਪਹੁੰਚੀ ਸਰਕਾਰੀ ਅਧਿਕਾਰੀਆਂ ਦੀ ਟੀਮ 'ਤੇ ਦੂਜੀ ਧਿਰ ਵੱਲੋਂ ਸਿੱਧੀ ਫਾਇਰਿੰਗ ਕਰ ਦਿੱਤੀ ਗਈ। ਇਸ ਹਮਲੇ ਦੌਰਾਨ ਅਧਿਕਾਰੀਆਂ ਨੇ ਇੱਕ ਟਰੱਕ ਦੇ ਪਿੱਛੇ ਲੁਕ ਕੇ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾਈ। ਅਧਿਕਾਰੀ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਮਾਮਲਾ ਕਲੇਰ ਖੁਰਦ ਦੀ 7 ਕਨਾਲ 12 ਮਰਲੇ ਪੰਚਾਇਤੀ ਜ਼ਮੀਨ ਨਾਲ ਸਬੰਧਤ ਹੈ। ਇਸ ਜ਼ਮੀਨ ਤੋਂ ਕਬਜ਼ਾ ਛੁਡਾਉਣ ਲਈ ਮਾਨਯੋਗ ਸੁਪਰੀਮ ਸੈਸ਼ਨ ਕੋਰਟ ਵੱਲੋਂ ਹੁਕਮ ਜਾਰੀ ਕੀਤੇ ਗਏ ਸਨ। ਇਨ੍ਹਾਂ ਹੁਕਮਾਂ ਦੀ ਪਾਲਣਾ ਹਿੱਤ ਨਾਇਬ ਤਹਿਸੀਲਦਾਰ, ਕਾਨੂੰਨਗੋ ਅਤੇ ਪਟਵਾਰੀ ਸਮੇਤ ਚਾਰ ਪੁਲਸ ਮੁਲਾਜ਼ਮ ਮੌਕੇ 'ਤੇ ਪਹੁੰਚੇ ਸਨ। ਜਾਣਕਾਰੀ ਦਿੰਦਿਆ ਇਲਾਕੇ ਦੇ ਪਟਵਾਰੀ ਦਲਬੀਰ ਸਿੰਘ ਅਤੇ ਕਾਨੂੰਨਗੋ ਲਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਦੂਜੀ ਧਿਰ ਕੋਲੋਂ ਜ਼ਮੀਨ ਨਾਲ ਸਬੰਧਤ ਕੋਈ ਅਦਾਲਤੀ ਸਟੇਅ ਜਾਂ ਕਾਗਜ਼ਾਤ ਮੰਗੇ, ਤਾਂ ਉਨ੍ਹਾਂ ਨੇ ਕੋਈ ਵੀ ਗੱਲ ਕਰਨ ਦੀ ਬਜਾਏ ਪੁਲਸ ਮੁਲਾਜ਼ਮਾਂ ਦੇ ਸਾਹਮਣੇ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ। ਹਮਲਾਵਰਾਂ ਦੇ ਇਸ ਹਿੰਸਕ ਰੁਖ਼ ਨੂੰ ਦੇਖਦਿਆਂ ਸਰਕਾਰੀ ਅਧਿਕਾਰੀਆਂ ਨੂੰ ਆਪਣੀ ਜਾਨ ਬਚਾਉਣ ਲਈ ਮੌਕੇ 'ਤੇ ਖੜ੍ਹੇ ਇੱਕ ਟਰੱਕ ਦਾ ਸਹਾਰਾ ਲੈਣਾ ਪਿਆ।






# ਵਿਜੀਲੈਂਸ ਬਿਊਰੋ ਦੀ ਵੱਡੀ ਕਾਰਵਾਈ: ਸਾਲ 2025 ਦੌਰਾਨ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦੇ ਕੀਤਾ ਗ੍ਰਿ.ਫਤਾਰ

ਕੌਮੀ ਪਤ੍ਰਿਕਾ

ਚੰਡੀਗੜ੍ਹ/ਜਲੰਧਰ 15 ਜਨਵਰੀ। ਵਿਜੀਲੈਂਸ ਬਿਊਰੋ ਨੇ ਸਾਲ 2025 ਦੌਰਾਨ ਵੱਖ-ਵੱਖ ਕੇਸਾਂ 'ਚ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। 127 ਟਰੈਪ ਕੇਸਾਂ 'ਚ ਵੱਖ-ਵੱਖ ਵਿਭਾਗਾਂ ਦੇ 144 ਮੁਲਾਜ਼ਮਾਂ ਤੇ 43 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। 18 ਗਜ਼ਟਿਡ ਅਧਿਕਾਰੀਆਂ ਤੇ 126 ਨਾਨ-ਗਜ਼ਟਿਡ ਮੁਲਾਜ਼ਮਾਂ ਨੂੰ ਕਾਬੂ ਕੀਤਾ ਹੈ। ਹੋਰਨਾਂ ਵਿਭਾਗਾਂ ਤੋਂ ਇਲਾਵਾ ਪੁਲਸ ਦੇ 43, ਮਾਲ ਵਿਭਾਗ ਦੇ 20, ਬਿਜਲੀ ਵਿਭਾਗ ਦੇ 21, ਪੰਚਾਇਤਾਂ ਅਤੇ ਪੇਂਡੂ ਵਿਕਾਸ ਦੇ 14, ਟਰਾਂਸਪੋਰਟ ਵਿਭਾਗ ਦੇ 9, ਸਥਾਨਕ ਸਰਕਾਰਾਂ ਵਿਭਾਗ ਦੇ 8, ਜੰਗਲਾਤ ਵਿਭਾਗ ਦੇ 5, ਸਿਹਤ ਵਿਭਾਗ ਦੇ 5, ਮੰਡੀ ਬੋਰਡ ਦੇ 3 ਮੁਲਾਜ਼ਮਾਂ ਨੂੰ ਵੱਖ-ਵੱਖ ਕੇਸਾਂ 'ਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖਿਆ, ਸਹਿਕਾਰਤਾ, ਖ਼ੁਰਾਕ ਤੇ ਸਿਵਲ ਸਪਲਾਈ ਅਤੇ ਪ੍ਰਸੋਨਲ ਵਿਭਾਗ ਦੇ ਵੀ ਦੋ-ਦੋ ਮੁਲਾਜ਼ਮਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕਾਬੂ ਕੀਤਾ ਹੈ। ਇਹ ਜਾਣਕਾਰੀ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਮੁਲਜ਼ਮਾਂ ਵਿਰੁੱਧ 113 ਅਪਰਾਧਿਕ ਮਾਮਲੇ ਦਰਜ ਕੀਤੇ ਹਨ, ਜਿਨ੍ਹਾਂ 'ਚ 17 ਗਜ਼ਟਿਡ ਅਫ਼ਸਰ, 98 ਨਾਨ-ਗਜ਼ਟਿਡ ਮੁਲਾਜ਼ਮ ਅਤੇ 118 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ। ਇਸ ਤੋਂ ਇਲਾਵਾ 17 ਗਜ਼ਟਿਡ ਅਫ਼ਸਰਾਂ, 20 ਨਾਨ-ਗਜ਼ਟਿਡ ਮੁਲਾਜ਼ਮਾਂ ਤੇ 15 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਂਚ ਲਈ 38 ਵਿਜੀਲੈਂਸ ਇਨਕੁਆਰੀਆਂ ਵੀ ਦਰਜ ਕੀਤੀਆਂ ਗਈਆਂ



ਹਨ। ਇਸ ਤੋਂ ਇਲਾਵਾ 4 ਗਜ਼ਟਿਡ ਅਫ਼ਸਰਾਂ , 5 ਨਾਨ-ਗਜ਼ਟਿਡ ਮੁਲਾਜ਼ਮਾਂ ਤੇ 2 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ 10 ਮਾਮਲੇ ਵੀ ਦਰਜ ਕੀਤੇ ਗਏ ਹਨ। ਵਿਜੀਲੈਂਸ ਬਿਊਰੋ ਦੇ ਕੇਸਾਂ ਦੀ ਸੁਣਵਾਈ ਕਰਦਿਆਂ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਏ ਜਾਣ 'ਤੇ 6 ਨਾਨ-ਗਜ਼ਟਿਡ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸਬੰਧਤ ਪ੍ਰਸ਼ਾਸਕੀ ਵਿਭਾਗਾਂ ਦੁਆਰਾ ਸੇਵਾਵਾਂ ਤੋਂ ਬਰਖ਼ਾਸਤ ਵੀ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਇਸ ਸਾਲ ਦੌਰਾਨ 65 ਵਿਜੀਲੈਂਸ ਇਨਕੁਆਰੀਆਂ ਦਾ ਸਫਲਤਾਪੂਰਵਕ ਨਿਬੇੜਾ ਵੀ ਕੀਤਾ ਹੈ। ਵੱਖ-ਵੱਖ ਅਦਾਲਤਾਂ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਬਿਊਰੋ ਵੱਲੋਂ ਦਾਇਰ ਤੇ ਲੜੇ ਗਏ 34 ਕੇਸਾਂ 'ਚ 63 ਮੁਲਜ਼ਮਾਂ ਨੂੰ ਸਜ਼ਾ ਸੁਣਾਈ ਗਈ ਹੈ, ਜਿਨ੍ਹਾਂ 'ਚ 3 ਗਜ਼ਟਿਡ ਅਫ਼ਸਰ, 38 ਨਾਨ-ਗਜ਼ਟਿਡ ਮੁਲਾਜ਼ਮ ਤੇ 22 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਨੂੰ ਇਕ ਸਾਲ ਤੋਂ ਪੰਜ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਅਦਾਲਤਾਂ ਨੇ ਇਨ੍ਹਾਂ ਮਾਮਲਿਆਂ 'ਚ 5,000 ਰੁਪਏ ਤੋਂ ਲੈ ਕੇ 2,01,000 ਰੁਪਏ ਤੱਕ ਦੇ ਜੁਰਮਾਨੇ ਵੀ ਲਾਏ ਹਨ, ਜੋ ਕੁੱਲ 18,71,000 ਰੁਪਏ ਬਣਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੌਰਾਨ ਭ੍ਰਿਸ਼ਟਾਚਾਰ ਦੇ ਕੇਸਾਂ 'ਚ ਕਈ ਰਸੂਖਵਾਨ ਵਿਅਕਤੀਆਂ ਨੂੰ ਵੀ ਨਾਮਜ਼ਦ/ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿਧਾਇਕ ਰਮਨ ਅਰੋੜਾ, 497 ਹਰਚਰਨ ਸਿੰਘ ਭੁੱਲਰ, ਜਲੰਧਰ ਤੋਂ ਸਹਾਇਕ ਕਮਿਸ਼ਨਰ CGST ਰਵਿੰਦਰ ਕੁਮਾਰ ਸ਼ਰਮਾ, ਬਟਾਲਾ ਤੋਂ PCS ਅਧਿਕਾਰੀ ਵਿਕਰਮਜੀਤ ਸਿੰਘ ਪਾਂਥੇ, ਲੁਧਿਆਣਾ ਤੋਂ PCS ਅਧਿਕਾਰੀ ਗੁਰਬੀਰ ਸਿੰਘ ਕੋਹਲੀ, SBS ਨਗਰ ਤੋਂ PCS ਅਧਿਕਾਰੀ ਰਵਿੰਦਰ ਕੁਮਾਰ ਬਾਂਸਲ, ਜਨਰਲ ਮੈਨੇਜਰ ਪਨਸਪ ਅਜੀਤਪਾਲ ਸਿੰਘ ਸੈਣੀ, PSPCL ਦੇ ਡਿਪਟੀ ਚੀਫ ਇੰਜੀਨੀਅਰ ਹਰਮਿੰਦਰ ਸਿੰਘ, ਸਬ-ਰਜਿਸਟਰਾਰ ਜਗਤਾਰ ਸਿੰਘ, ਤਹਿਸੀਲਦਾਰ ਰਾਮ ਲਾਲ, SMA ਡਾ. ਸੁਮਿਤ ਸਿੰਘ, DSP ਗੁਰਸ਼ੇਰ ਸਿੰਘ ਅਤੇ ਸਿਵਲ ਹਸਪਤਾਲ ਸੁਨਾਮ ਤੋਂ ਡਾ. ਅਮਿਤ ਸਿੰਗਲਾ ਸ਼ਾਮਲ ਹਨ।